SARDAR SUPER MARKET
ਸਰਦਾਰ ਸੁਪਰ ਮਾਰਕੀਟ
ਸਸਤੀ ਅਤੇ ਸਿਹਤਮੰਦ ਵਰਾਇਟੀ ਵਾਲਾ ਗਰੌਸਰੀ ਸਟੋਰ
204 416 0999
E1-55 Waterford Green Commons, Winnipeg (MB) R2R 0Z9

The Punjabi Newspaper
ਪੰਜਾਬੀਅਤ ਦਾ ਪਰਚਮ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 I Regina/Saskatoon : 639 999 1000 : Winnipeg 431 733 3000
Chief Editor : Harbans Buttar

ਵਿਨੀਪੈਗ ਦੇ ਕਿਸੇ ਵੀ ਏਰੀਆ ਵਿੱਚ ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਕਾਲ ਕਰੋ
AMRITPAL DHILLON
BROKER: MAXIMUM REALTY
MAXIMUM REALTY
Call: 204-979-7200
Office: 204-777-9999
Email: amritrealtorwinnipeg@gmail.com

Vol: 9 No: 207 Website : www.punjabiakhbaar.ca Email: editor@punjabiakhbaar.ca Friday, 4 November 2022

**ਅਦਾਰਾ ਪੰਜਾਬੀ ਅਖ਼ਬਾਰ ਵੱਲੋਂ ਸਮੂਹ ਜਗਤ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਲੱਖ-ਲੱਖ ਵਧਾਈਆਂ**

# ਕਨੇਡਾ ਵੱਲੋ 2025 ਤੱਕ ਹਰ ਸਾਲ ਪੰਜ ਲੱਖ ਪ੍ਰਵਾਸੀਆਂ ਨੂੰ ਸੱਦਣ ਦਾ ਵੱਡਾ ਐਲਾਨ




ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਕਨੇਡਾ ਨੇ 2025 ਤੱਕ ਪ੍ਰਤੀ ਸਾਲ 500,000 ਪ੍ਰਵਾਸੀਆਂ ਦਾ ਸੁਆਗਤ ਕਰਨ ਦੀ ਯੋਜਨਾ ਦਾ ਖੁਲਾਸਾ ਕੀਤਾ ਹੈ। ਫੈਡਰਲ ਸਰਕਾਰ 2025 ਤੱਕ ਹਰ ਸਾਲ 500,000 ਲੋਕਾਂ ਨੂੰ ਪਹੁੰਚਣ ਦੇ ਟੀਚੇ ਦੇ ਨਾਲ, ਕੈਨੇਡਾ ਵਿੱਚ ਦਾਖਲ ਹੋਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਵਿੱਚ ਵੱਡੇ ਵਾਧੇ ਦੀ ਯੋਜਨਾ ਬਣਾ ਰਹੀ ਹੈ। ਇੰਮੀਗ੍ਰੇਸ਼ਨ ਮੰਤਰੀ ਸ਼ੌਨ ਫਰੇਜ਼ਰ ਨੇ ਨਵੇਂ ਟੀਚਿਆਂ ਦਾ ਖੁਲਾਸਾ ਕਰਦੇ ਹੋਏ ਕਿਹਾ ਕਿ ਇਹ ਕਦਮ ਕੈਨੇਡਾ ਦੀ ਆਰਥਿਕ ਖੁਸ਼ਹਾਲੀ ਨੂੰ ਯਕੀਨੀ ਬਣਾਉਣ ਲਈ ਜ਼ਰੂਰੀ ਹੈ। ਕੈਨੇਡੀਅਨ ਉਦਯੋਗਾਂ ਨੂੰ ਕਾਮਿਆਂ ਦੀ ਵੱਡੀ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦੇਸ਼ ਭਰ ਵਿੱਚ ਲਗਭਗ 10 ਲੱਖ ਨੌਕਰੀਆਂ ਖਾਲੀ ਹਨ। ਨਵੀਂ ਯੋਜਨਾ ਉਨ੍ਹਾਂ ਪ੍ਰਵਾਸੀਆਂ ਦੀ ਗਿਣਤੀ ਵਧਾਉਣ 'ਤੇ ਜ਼ੋਰ ਦਿੰਦੀ ਹੈ। ਜਿਨ੍ਹਾਂ ਨੂੰ ਅਗਲੇ ਤਿੰਨ ਸਾਲਾਂ ਦੌਰਾਨ ਉਨ੍ਹਾਂ ਦੇ ਕੰਮ ਦੇ ਹੁਨਰ ਜਾਂ ਅਨੁਭਵ ਦੇ ਆਧਾਰ 'ਤੇ ਦਾਖਲਾ ਦਿੱਤਾ ਜਾਵੇਗਾ। ਸਰਕਾਰ ਪਰਿਵਾਰ ਦੇ ਮੈਂਬਰਾਂ ਦੀ ਗਿਣਤੀ ਵਿੱਚ ਇੱਕ ਮੱਧਮ ਵਾਧੇ ਦੀ ਯੋਜਨਾ ਬਣਾ ਰਹੀ ਹੈ। ਇਹ ਨਵੀਂ ਯੋਜਨਾ, ਸਟੈਟਿਸਟਿਕਸ ਕੈਨੇਡਾ ਦੀ ਰਿਪੋਰਟ ਦੇ ਕੁੱਝ ਦਿਨ ਬਾਅਦ ਆਈ ਹੈ ਜਦੋਂ ਦੇਸ਼ ਵਿੱਚ ਰਿਕਾਰਡ 23 ਪ੍ਰਤੀਸ਼ਤ ਲੋਕ ਲੈਂਡਡ ਇਮੀਗ੍ਰੈਂਟ ਜਾਂ ਪਰਮਾਨੈਂਟ ਰੈਜ਼ੀਡੈਂਸੀ ਦਾ ਸਟੇਟਸ ਰੱਖਦੇ ਹਨ।

# ਜਸਟਿਨ ਟਰੂਡੋ ਨੇ ਰੂਸ ਉੱਪਰ ਨਵੀਆਂ ਪਾਬੰਦੀਆਂ ਦਾ ਐਲਾਨ ਕੀਤਾ

## ਪਰ ਰੂਸ ਦੇ ਰਾਸ਼ਟਰਪਤੀ ਨੇ ਆਪਣੇ ਨਾਲ ਭਾਰਤ ਵਰਗੇ ਵੱਡੇ ਮੁਲਕ ਦੀ ਹਮਾਇਤ ਦਾ ਦਾਅਵਾ ਦਿਖਾਇਆ



ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਇਸ ਸਾਲ ਫਰਵਰੀ ਮਹੀਨੇ ਦੀ ਚੌਵੀ ਤਰੀਕ ਨੂੰ ਰੂਸ ਵੱਲੋਂ ਯੂਕਰੇਨ ਨਾਲ ਸ਼ੁਰੂ ਕੀਤੀ ਗਈ ਜੰਗ ਉਪਰੰਤ ਕੈਨੇਡਾ ਵੱਲੋਂ ਹੁਣ ਤੱਕ ਰੂਸ ਉੱਪਰ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਗਾਈਆਂ ਜਾ ਚੁੱਕੀਆਂ ਹਨ ਅਤੇ ਪਾਬੰਦੀਆਂ ਦਾ ਇਹ ਸਿਲਸਿਲਾ ਜਾਰੀ ਹੈ। ਵਿਨੀਪੈਗ ਵਿਖੇ ਯੂਕਰੇਨੀਅਨ ਕੈਨੇਡੀਅਨਾਂ ਵੱਲੋਂ ਆਯੋਜਿਤ ਤਿੰਨ ਦਿਨਾਂ ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਰੂਸ ਦੀਆਂ ਪੈਂਤੀ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਉੱਪਰ ਪਾਬੰਦੀਆਂ ਲਗਾਈਆਂ ਜਾ ਰਹੀਆਂ ਹਨ। ਉਨ੍ਹਾਂ ਆਖਿਆ ਕਿ ਜੋ ਨਵੀਆਂ ਪਾਬੰਦੀਆਂ ਆਇਦ ਕੀਤੀਆਂ ਗਈਆਂ ਹਨ ਉਸ ਵਿੱਚ ਰੂਸ ਦੀ ਸਰਕਾਰੀ ਊਰਜਾ ਕੰਪਨੀ ਗੈਜ਼ਪਰੋਮ ਦੇ ਪ੍ਰਮੁੱਖ ਅਧਿਕਾਰੀ ਸ਼ਾਮਿਲ ਹਨ। ਇਸ ਤੋਂ ਇਲਾਵਾ ਊਰਜਾ ਸੈਕਟਰ ਦੀਆਂ ਛੇ ਸੰਸਥਾਵਾਂ ਉੱਪਰ ਵੀ ਪਾਬੰਦੀਆਂ ਲਗਾਈਆਂ ਗਈਆਂ ਹਨ। ਜਸਟਿਨ ਟਰੂਡੋ ਨੇ ਆਖਿਆ ਕਿ ਕੈਨੇਡਾ ਯੂਕਰੇਨ ਦੇ ਨਾਲ ਪੂਰੀ ਮਜ਼ਬੂਤੀ ਨਾਲ ਖੜ੍ਹਾ ਹੈ। ਪਰ ਓਧਰ ਰੂਸ ਦੇ ਰਾਸ਼ਟਰਪਤੀ ਵਲਾਦਿਮੀਰ ਪੂਤਿਨ ਨੇ ਆਪਣੇ ਨਾਲ ਭਾਰਤ ਵਰਗੇ ਵੱਡੇ ਮੁਲਕ ਦੀ ਹਮਾਇਤ ਦਾ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੇ ਦੇਸ਼ ਦੇ ਭਾਰਤ ਨਾਲ ਖਾਸ ਰਿਸ਼ਤੇ ਹਨ ਅਤੇ ਦੋਵਾਂ ਮੁਲਕਾਂ ਨੇ ਹਮੇਸ਼ਾ ਇੱਕ-ਦੂਜੇ ਦੀ ਹਮਾਇਤ ਕੀਤੀ ਹੈ ਤੇ ਇਹ ਹਮਾਇਤ ਭਵਿੱਖ 'ਚ ਵੀ ਜਾਰੀ ਰਹੇਗੀ। ਉਨ੍ਹਾਂ ਦੇਸ਼ ਹਿੱਤ 'ਚ 'ਆਜ਼ਾਦ ਵਿਦੇਸ਼ ਨੀਤੀ' 'ਤੇ ਚੱਲਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਵੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਰੂਸ ਤੇ ਭਾਰਤ ਫੌਜੀ ਤੇ ਤਕਨੀਕੀ ਖੇਤਰ 'ਚ ਸਹਿਯੋਗ ਕਰਨਾ ਜਾਰੀ ਰੱਖਣਗੇ। ਉਨ੍ਹਾਂ ਕਿਹਾ, 'ਸਾਡੇ ਭਾਰਤ ਨਾਲ ਖਾਸ ਰਿਸ਼ਤੇ ਹਨ ਜੋ ਦਹਾਕਿਆਂ ਦੀ ਨੇੜਲੀ ਭਾਈਵਾਲੀ ਦੇ ਆਧਾਰ 'ਤੇ ਟਿਕੇ ਹੋਏ ਹਨ। ਸਾਡਾ ਭਾਰਤ ਨਾਲ ਕੋਈ ਮਸਲਾ ਨਹੀਂ ਰਿਹਾ ਹੈ ਅਤੇ ਹਮੇਸ਼ਾ ਇੱਕ ਦੂਜੇ ਦੀ ਹਮਾਇਤ ਕੀਤੀ ਹੈ। ਮੈਂ ਭਵਿੱਖ 'ਚ ਵੀ ਇਨ੍ਹਾਂ ਰਿਸ਼ਤਿਆਂ ਦੇ ਅਜਿਹੇ ਹੀ ਰਹਿਣ ਨੂੰ ਲੈ ਕੇ ਸਕਾਰਾਤਮਕ ਹਾਂ।'

SIDHU PAINTING & DECORATING LTD.
ਸਿੱਧੂ ਪੇਂਟਿੰਗ ਕੰਪਨੀ ਨੂੰ ਵਿਨੀਪੈਗ ਵਿਖੇ ਵਰਕਰਾਂ ਦੀ ਲੋੜ ਹੈ। ਵਧੀਆ ਤਨਖਾਹ ਅਤੇ ਹੋਰ ਸਹੂਲਤਾ ਦਿੱਤੀਆਂ ਜਾਣਗੀਆਂ।
ਸੰਪਰਕ : 403 520 0000

# ਮਾਨਸਾ ਅਦਾਲਤ ਨੇ ਦੀਪਕ ਟੀਨੂ ਦਾ 8 ਦਿਨ ਦਾ ਪੁਲੀਸ ਰਿਮਾਂਡ ਦਿੱਤਾ



ਮਾਨਸਾ (ਪੰਜਾਬੀ ਅਖਬਾਰ ਬਿਊਰੋ)- ਦਿੱਲੀ ਤੋਂ ਟਰਾਂਜ਼ਿਟ ਰਿਮਾਂਡ ਉਤੇ ਲਿਆਂਦੇ ਦੀਪਕ ਟੀਨੂ ਨੂੰ ਮਾਨਸਾ ਪੁਲੀਸ ਨੇ ਇਥੋਂ ਦੇ ਸਿਵਲ ਹਸਪਤਾਲ ਵਿਖੇ ਮੈਡੀਕਲ ਮੁਆਇਨਾ ਕਰਾਉਣ ਤੋਂ ਬਾਅਦ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿਥੋਂ 8 ਦਿਨ ਦਾ ਪੁਲੀਸ ਰਿਮਾਂਡ ਹਾਸਲ ਕੀਤਾ ਗਿਆ ਹੈ। ਮਾਨਸਾ ਦੇ ਐੱਸਐੱਸਪੀ ਗੌਰਵ ਤੂਰਾ ਨੇ ਦੱਸਿਆ ਕਿ ਹੁਣ ਉਸ ਤੋਂ ਪੁੱਛ ਪੜਤਾਲ ਕਰਨ ਤੋਂ ਬਾਅਦ 9 ਨਵੰਬਰ ਨੂੰ ਮਾਨਸਾ ਦੀ ਅਦਾਲਤ ਵਿੱਚ ਮੁੜ ਪੇਸ਼ ਕੀਤਾ ਜਾਵੇਗਾ।

ਟੀਨੂ ਸੀਆਈਏ ਦੇ ਬਰਖ਼ਾਸਤ ਇੰਚਾਰਜ ਪ੍ਰਿਤਪਾਲ ਸਿੰਘ ਦੀ ਗ੍ਰਿਫ਼ਤ 'ਚੋਂ ਫ਼ਰਾਰ ਹੋ ਗਿਆ ਸੀ, ਜਿਸ ਨੂੰ ਮਗਰੋਂ ਦਿੱਲੀ ਪੁਲੀਸ ਦੇ ਸਪੈਸ਼ਲ ਸੈੱਲ ਵਲੋਂ 19 ਅਕਤੂਬਰ ਨੂੰ ਰਾਜਸਥਾਨ ਦੇ ਅਜਮੇਰ ਖੇਤਰ 'ਚੋਂ ਕੇਕੜੀ ਤੋਂ ਫ਼ੜ ਲਿਆ ਗਿਆ ਸੀ।

# ਜਲੰਧਰ: ਭੋਗਪੁਰ ਦੇ ਪਿੰਡ 'ਚ ਪੁਲੀਸ ਮੁਕਾਬਲੇ ਦੌਰਾਨ 5 ਗੈਂਗਸਟਰ ਕਾਬੂ, ਇੱਕ ਫ਼ਰਾਰ



ਜਲੰਧਰ (ਪੰਜਾਬੀ ਅਖਬਾਰ ਬਿਊਰੋ)-ਆਦਮਪੁਰ-ਭੋਗਪੁਰ ਰੋਡ 'ਤੇ ਪਿੰਡ ਮਾਣਿਕ ਰਾਏ 'ਚ ਪੁਲੀਸ ਅਤੇ ਗੈਂਗਸਟਰਾਂ ਵਿਚਾਲੇ ਮੁਕਾਬਲੇ ਦੌਰਾਨ ਪੁਲੀਸ ਨੇ 5 ਗੈਂਗਸਟਰਾਂ ਨੂੰ ਕਾਬੂ ਕਰਨ ਦਾ ਦਾਅਵਾ ਕੀਤਾ ਹੈ। ਇਕ ਫ਼ਰਾਰ ਦੱਸਿਆ ਜਾ ਰਿਹਾ ਹੈ। ਪੁਲੀਸ ਨੂੰ ਗੰਨੇ ਦੇ ਖੇਤਾਂ ਵਿਚ ਗੈਂਗਸਟਰਾਂ ਦੇ ਲੁਕੇ ਹੋਣ ਦਾ ਸ਼ੱਕ ਹੋਣ ਕਾਰਨ ਭਾਰੀ ਪੁਲੀਸ ਫੋਰਸ ਤਾਇਨਾਤ ਕੀਤੀ ਗਈ ਸੀ। ਮੌਕੇ 'ਤੇ ਡਰੋਨ ਦੀ ਵਰਤੋਂ ਵੀ ਕੀਤੀ। ਇਹ ਕਾਰਵਾਈ ਦਿੱਲੀ ਪੁਲੀਸ ਦੇ ਨਾਲ ਰਲ ਕੇ ਚਲਾਈ ਗਈ।

Barinder Ubhi
Realtor
(204)807-5013
babbu_ubhi@yahoo.com
MAXPRO REAL ESTATE
1739 Pembina Hwy, Winnipeg, MB, R3T 2G6
P:(204) 218-2222
F:(204) 261-1488
www.maxprorealestate.ca

ਆਪਣੇ ਫੋਨ ਵਿੱਚ ਪੰਜਾਬੀ ਅਖਬਾਰ ਦੀ ਐਪ ਆਹ ਲਿੰਕ ਕਲਿੱਕ ਕਰਕੇ ਫਰੀ ਡਾਊਨਲੋਡ ਕਰੋ
Android app
https://play.google.com/store/apps/details?id=com.mehramedia.punjabiakhbaar
ਐਪਲ ਦੇ ਫੋਨ ਲਈ ਇਹ ਲਿੰਕ ਕਲਿੱਕ ਕਰਿਓ
iPhone App
https://apps.apple.com/in/app/punjabi-akhbaar/id1559030797
PunjabiAkhbaar.ca

Raman D. Sood
Regulated Immigration Consultant (RCIC)
Commissioner of Oaths, Manitoba
Rainbow Immigration Ltd.
Fulfilling Dreams!
Ph: 204-202-7900
1403 Jefferson Ave., Winnipeg, MB, Canada R2P 0R6
Web: www.rainbowimmigration.ca
Email: rainbowimmigrationwinnipeg@gmail.com

IATA
ONKAR TRAVELS
Call:- 204-202-7900 for BEST WHOLESALE AIRFARES
Sood Brothers Travels & Tours
ਇੰਡੀਆ ਜਾਣ ਲਈ ਸਸਤੀਆਂ ਟਿਕਟਾਂ
1403 Jefferson Ave. Winnipeg, MB Canada
Ph: 204-202-7900, www.onkartravels.com
email: ywg@onkartravels.com

Need a Mortgage?......
MORTGAGE ARCHITECTS
Thinking of buying a Real Estate? Call today to discuss your mortgage options. We guarantee the lowest rates.
SUPER VISA INSURANCE
SAHARA INSURANCE GROUP
Giving you the protection you need. We offer best solution for you.
Super Visa Insurance · Mortgage Insurance · Critical Illness Insurance · Life Insurance · Disability Insurance · Visitor Insurance · Dental & Health Insurance
KAMALJEET SANDHU
Mortgage and Insurance Expert
Cell: 1(204) 751-0124
360 Keewatin St., Unit # 5, Winnipeg, MB

Amrit Singh Kang
Mortgage Expert
Call Me For All Your Mortgage Needs
204-218-3852
Just4kang@gmail.com

Gagan Bagri
Mortgage Advisor & Truck Loan Expert
EAST TO WEST LEASING
TRUCK/TRAILER & EQUIPMENT FINANCING
204-688-6486
100 MANDALAY DRIVE, WINNIPEG, MB
All Kind of Mortgages Saving You Both Time & Money
Lowest Rates Guaranteed

SUPER VISA INSURANCE
BEST RATE
SAHARA INSURANCE GROUP
DEEP GREWAL
Cell: 204-996-2571
deepgrewal12@gmail.com
Unit F10, 1833 Inkster Blvd. Winnipeg, MB. R2X 1R3

Buta Singh Dhillon
Sales Associates
RE/MAX executives realty
Cell:204.880.6600
Office:204.987.9800
butadhillon@remax.net www.remax.ca

RAJ SANDHU
REALTOR
Excellent Service... Guaranteed Results!
ROYAL LePAGE
Call: 204.227.5758
Thank you for your trust and support!

Ready to make a move?
TD Ready for you
Rajandeep Mudhar, MBA
Manager, Mobile Mortgage Specialist
C: 204-963-9481
rajandeep.mudhar@td.com

Way to Success
PERFECT ONE DRIVING SCHOOL LTD.
Class 1 & 3 Driving Training Center
PVI and MELT Approved School
NARINDER SAINI ROBIN SANDHU
204 930 5822
204 899 5823
2040, Logan Avenue Manitoba, R2H 0H9
Email: info@perfectonedrivingschool.com
www.perfectonedrivingschool.com

BEST DEAL DRIVING SCHOOL
204-583-4500
Jaspreet Kaur Third
Class 5 Instructor
Class 5 • Brush up Courses • Pickup and Drop
Special Discount for New Comers and Students

CUSHMAN & WAKEFIELD Winnipeg | Stevenson
WE ARE YOUR FULL SERVICE COMMERCIAL REAL ESTATE PARTNER
KHUSH GREWAL
Senior Associate
T 204 934 6210
khush.grewal@cwstevenson.ca
17 NIHAL BAY
(+/-) 1,100 - 4,400 SF Units For Lease

Dawat
Take Out Catering
ਖਾਣਾ ਤਿਆਰ ਹੈ ਬੱਸ ਆਕੇ ਲੈ ਜਾਓ
ਸੁਆਦਲੇ ਖਾਣਿਆਂ ਦਾ ਆਨੰਦ ਲੈਣ ਲਈ ਫੋਨ ਮਿਲਾਓ।
14 Keewatin ST Winnipeg (MB)
204 582 6666
204 880 8770

# SIZE MATTERS

## ਆਓ $20,000* ਤੱਕ ਦੀ ਬੱਚਤ ਕਰੀਏ !

ਵੱਡੇ ਪ੍ਰਾਇਮਰੀ ਬੈੱਡਰੂਮ,ਵੱਡਾ ਮੇਨ ਫਲੋਰ, ਲਿਵਿੰਗ ਏਰੀਆ,ਵੱਡੇ ਗੈਰਾਜ,ਬੋਨਸ ਹੋਮ ਆਫਿਸ ਅਤੇ ਪਰਾਈਮ ਲੋਕੇਸਨ ਉੱਪਰ ਹੋਰ ਵੀ ਬਹੁਤ ਕੁੱਝ ਤੁਹਾਡੇ ਪੈਸੇ ਦੀ ਕਦਰ ਕਰਦਿਆਂ, ਵੈਸਟਾ ਦੀ ਆਫਰ ਵਿੱਚ ਸਾਮਿਲ ਹਨ!

ਇਹ ਸਾਰਾ ਕੁੱਝ ਮੁਕਾਬਲੇਬਾਜੀ ਵਾਲੀਆਂ ਕੀਮਤਾਂ ਵਿੱਚ ਸਾਮਿਲ ਹੈ!

ਟਾਊਨ ਹੋਮ
**$385,000 ਤੋਂ ਸ਼ੁਰੂ**



ਰੋਅ ਹੋਮ
**$485,000 ਤੋਂ ਸ਼ੁਰੂ**











| Vesta Townhomes | VS | Other Townhomes |
|---|---|---|
| 1,380 -1,885 sq.ft. | ਕੁੱਲ ਸਕੇਅਰ ਫੁੱਟ | 946 -1,345 sq.ft. |
| 9 ft | ਮੇਨ ਫਲੋਰ ਦੀ ਛੱਤ | 8 ft |
| 17'4 x 10'8 | ਬੈੱਡਰੂਮ | 9'5 x 9'1 |
| 15'2 x 11'1 | ਫਲੈਕਸ ਰੂਮ | 7'9 x 7'3 |
| 14'9 x 15'1 | ਕਿਚਨ | 12'7 x 13'8 |
| 14'4 x 8'2 | ਡੈੱਕ ਸਾਈਜ | 7'5 x 5'6 |

| Vesta Rowhomes | VS | Other Rowhomes |
|---|---|---|
| 1,599 -1,727 sq.ft. | ਕੁੱਲ ਸਕੇਅਰ ਫੁੱਟ | 1,170 - 1,300 sq.ft. |
| 777 - 833 sq.ft. | ਮੇਨ ਫਲੋਰ ਸਕੇਅਰ ਫੁੱਟ | 585 - 650 sq.ft. |
| 13'4 x 12'5 | ਪ੍ਰਾਇਮਰੀ ਬੈੱਡ ਰੂਮ | 12'5 x 11'5 |
| 9'4 x 6'3 | ਆਫਿਸ ਸਪੇਸ | No |
| 24' x 20' | ਗੈਰਾਜ ਸਾਈਜ | 20' x 20' |
| 2 car garage + 2 car driveway | ਪ੍ਰਾਈਵੇਟ ਪਾਰਕਿੰਗ | 2 car garage |

COPPERSTONE
AT COPPERFIELD

**587.352.4266**
**COPPERSTONELIVING.COM**

SHOWHOMES & SALES CENTRE
1233 Copperfield Blvd SE,
Calgary, AB T2Z 5G1

SOUTHPOINT
A MASTER PLANNED COMMUNITY

**403.980.1979**
**VESTASOUTHPOINT.COM**

SHOWHOMES & SALES CENTRE
600 South Point Heath SW
Airdrie AB

VESTA PROPERTIES


* $20,000 off on select homes only. Home prices exclude GST.
All dimensions and sizes are approximate. Renderings and prices and subjects to change without notice. E. & O.E.

# ਦੀਵਾਲੀ ਦਾ ਤਿਓਹਾਰ ਮਨਾਉਂਦੇ ਹੋਏ ਬਜ਼ੁਰਗਾਂ ਦੀ ਸੰਸਥਾ ਦੇ ਮੈਂਬਰਾਂ ਨੇ ਤੋਹਫਿਆਂ ਦਾ ਆਪਸੀ ਆਦਾਨ ਪ੍ਰਦਾਨ ਕੀਤਾ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਮਲਟੀਕਲਚਰ ਸੀਨੀਅਰ ਸੁਸਾਇਟੀ ਆਫ਼ ਅਲਬਰਟਾ ਨੇ ਬੜੇ ਹੀ ਉਤਸ਼ਾਹ ਅਤੇ ਚਾਵਾਂ ਨਾਲ ਦੀਵਾਲੀ ਦਾ ਤਿਓਹਾਰ ਸੁਸਾਇਟੀ ਦੇ ਹਾਲ ਵਿੱਚ ਮਨਾਇਆ। ਸਾਰੇ ਮੈਂਬਰਾਂ ਨੂੰ ਜੀ ਆਇਆਂ ਕਹਿਣ ਤੋਂ ਬਾਅਦ ਸੁਸਾਇਟੀ ਦੇ ਪ੍ਰਧਾਨ ਗੁਰਬਖ਼ਸ਼ ਸਿੰਘ ਜੱਸਲ ਨੇ ਇਸ ਪਵਿੱਤਰ ਤਿਓਹਾਰ ਦੇ ਪਿਛੋਕੜ ਅਤੇ ਮਹਾਨਤਾ ਬਾਰੇ ਵੇਰਵੇ ਸਹਿਤ ਜਾਣਕਾਰੀ ਸਾਂਝੀ ਕੀਤੀ। ਉਸ ਤੋਂ ਬਾਅਦ ਸੁਸਾਇਟੀ ਦੇ ਸਾਬਕਾ ਪ੍ਰਧਾਨ ਸੁਖਦੇਵ ਸਿੰਘ ਕੰਬੋਜ ਨੇ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਕੋਵਿਡ ਦੀ ਬਿਮਾਰੀ ਕਰਕੇ ਇਸ ਤਰ੍ਹਾਂ ਦੀ ਇਕੱਤਰਤਾ ਸੰਭਵ ਨਹੀਂ ਸੀ ਤੇ ਪ੍ਰਮਾਤਮਾ ਦਾ ਸ਼ੁਕਰਾਨਾ ਕੀਤਾ ਕਿ ਸਾਰੇ ਮੈਂਬਰ ਖੁਸ਼ੀ ਦੇ ਮਾਹੌਲ ਵਿੱਚ ਸਵਾਦੀ ਖਾਣੇ ਅਤੇ ਮਠਿਆਈਆਂ ਦਾ ਆਨੰਦ ਲੈ ਰਹੇ ਹਨ। ਗਲੋਬਲ ਪਰਵਾਸੀ ਸੀਨੀਅਰ ਸਿਟੀਜ਼ਨ ਸੁਸਾਇਟੀ ਦੇ ਪ੍ਰਧਾਨ ਸੱਤਪਾਲ ਕੌਸ਼ਲ ਨੇ ਦੀਵਾਲੀ ਦੀ ਮਹੱਤਤਾ ਦੱਸਣ ਤੋਂ ਇਲਾਵਾ ਸੀਨੀਅਰਜ਼ ਲਈ ਕਈ ਫ਼ਾਇਦੇਮੰਦ ਸੁਝਾਅ ਵੀ ਸਾਂਝੇ ਕੀਤੇ। ਇਸ ਮੌਕੇ ਸੁਸਾਇਟੀ ਦੇ ਮੈਂਬਰਾਂ ਨੇ ਬਿੱਕਰ ਸਿੰਘ ਸੰਧੂ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਜੋ ਕਿ ਕਈ ਪ੍ਰਕਾਰ ਦੀਆਂ ਸਮਾਜ ਸੇਵਾਵਾਂ ਨਿਸ਼ਕਾਮ ਨਿਭਾਅ ਰਹੇ ਹਨ। ਗੁਰਬਚਨ ਸਿੰਘ ਬਰਾੜ ਨੇ ਦੀਵਾਲੀ ਨੂੰ ਅਜਿਹੇ ਢੰਗ ਨਾਲ ਮਨਾਉਣ ਦੀ ਸਲਾਹ ਦਿੱਤੀ ਜਿਸ ਨਾਲ ਵਾਤਾਵਰਣ ਨੂੰ ਪ੍ਰਦੂਸ਼ਣ ਹੋਣ ਤੋਂ ਸੁਰੱਖਿਅਤ ਰੱਖਿਆ ਜਾ ਸਕੇ। ਪਹਾੜਾ ਸਿੰਘ ਜੌਹਲ ਨੇ ਕਿਹਾ ਕਿ ਜਿਸ ਸੁਚੱਜੇ ਤਰੀਕੇ ਨਾਲ ਬਿੱਕਰ ਸਿੰਘ ਸੰਧੂ ਸੋਸਾਇਟੀ ਦਾ ਕੰਮਕਾਜ ਸੰਭਾਲ ਰਹੇ ਹਨ, ਉਹ ਆਪਣੇ ਆਪ ਵਿੱਚ ਇੱਕ ਮਿਸਾਲ ਹਨ ਅਤੇ ਦੂਜਿਆਂ ਨੂੰ ਵੀ ਇਸ ਤਰ੍ਹਾਂ ਦਾ ਯੋਗਦਾਨ ਕਰਨ ਲਈ ਪ੍ਰੇਰਣਾ ਦਾਇਕ ਹਨ। ਆਪਸੀ ਪ੍ਰੇਮ ਸਦਭਾਵਨਾ ਅਨੁਸਾਰ ਸੁਸਾਇਟੀ ਦੇ ਮੈਂਬਰਾਂ ਨੇ ਇੱਕ ਦੂਜੇ ਨੂੰ ਤੋਹਫ਼ਿਆਂ ਦਾ ਆਦਾਨ ਪ੍ਰਦਾਨ ਕਰਕੇ ਅਰਦਾਸ ਕੀਤੀ ਕਿ ਪ੍ਰਮਾਤਮਾ ਹਰ ਪਰਿਵਾਰ ਸਮਾਜ ਸੂਬੇ ਦੇਸ਼ ਅਤੇ ਦੁਨੀਆਂ ਵਿੱਚ ਮਿਲਵਰਤਣ ਤੇ ਆਪਸੀ ਸਦਭਾਵ ਦੇ ਮਾਹੌਲ ਵਿਚ ਵਾਧਾ ਕਰਕੇ ਮਨੁੱਖੀ ਜੀਵਨ ਵਿੱਚ ਖੁਸ਼ੀਆਂ ਅਤੇ ਸ਼ਾਂਤੀ ਲਿਆਵੇ। ਅੰਤ ਵਿਚ ਬੂਟਾ ਸਿੰਘ ਮੱਲ੍ਹੀ ਨੇ ਸਾਰੇ ਮੈਂਬਰਾਂ ਦਾ ਧੰਨਵਾਦ ਕਰਦੇ ਹੋਏ ਆਸ ਕੀਤੀ ਕਿ ਸੁਸਾਇਟੀ ਇਸ ਤਰ੍ਹਾਂ ਦੇ ਹੋਰ ਵੀ ਪ੍ਰੋਗਰਾਮ ਕਰਦੀ ਰਹੇਗੀ ਤਾਂ ਕਿ ਬਜ਼ੁਰਗਾਂ ਦੇ ਜੀਵਨ ਨੂੰ ਤਣਾਓ ਮੁਕਤ ਕਰਕੇ ਖੁਸ਼ਹਾਲ ਕੀਤਾ ਜਾ ਸਕੇ।

# ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਦਾ ਸਾਲਾਨਾ ਸਮਾਗਮ 20 ਨਵੰਬਰ ਨੂੰ ਹੋਵੇਗਾ




ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਵੱਲੋਂ ਆਪਣਾ ਸਾਲਾਨਾ ਸਮਾਗਮ- 'ਲੋਕ ਕੀ ਕਹਿਣਗੇ?' ਦੇ ਬੈਨਰ ਹੇਠ ਕੀਤਾ ਜਾ ਰਿਹਾ ਹੈ। ਇਹ ਸਮਾਗਮ 20 ਨਵੰਬਰ 2022 ਦਿਨ ਐਤਵਾਰ, ਬਾਅਦ ਦੁਪਹਿਰ 12:00 ਤੋਂ 3:30 ਵਜੇ ਤੱਕ "ਟੈਂਪਲ ਕਮਿਉਨਿਟੀ ਐਸੋਸੀਏਸ਼ਨ ਹਾਲ" ਕੈਲਗਰੀ ਵਿੱਚ ਆਯੋਜਿਤ ਕੀਤਾ ਜਾ ਰਿਹਾ ਹੈ। ਸਮਾਗਮ ਦੌਰਾਨ ਮਾਨਸਿਕ ਸਿਹਤ ਜਾਗਰੂਕਤਾ, ਨਸ਼ੇ ਅਤੇ ਜਿਨਸੀ ਸੋਸ਼ਣ ਦਾ ਮਾਨਸਿਕ ਸਿਹਤ ਤੇ ਅਸਰ- ਬਾਰੇ ਮਾਹਿਰਾਂ ਵੱਲੋਂ ਜਾਣਕਾਰੀ ਦਿੱਤੀ ਜਾਵੇਗੀ। ਇਸ ਉਪਰੰਤ ਹਾਜ਼ਰੀਨ ਨੂੰ ਮਾਹਰ ਬੁਲਾਰਿਆਂ ਨਾਲ ਪ੍ਰਸ਼ਨ ਉੱਤਰ ਦਾ ਸਮਾਂ ਵੀ ਦਿੱਤਾ ਜਾਵੇਗਾ। ਦਰਸ਼ਕਾਂ ਦੇ ਮਨੋਰੰਜਨ ਲਈ, ਸਭਾ ਦੇ ਮੈਂਬਰਾਂ ਵੱਲੋ ਸਕਿੱਟ ਅਤੇ ਗੀਤ ਸੰਗੀਤ ਵੀ ਪੇਸ਼ ਕੀਤੇ ਜਾਣਗੇ। ਚਾਹ ਪਾਣੀ ਅਤੇ ਸਨੈਕਸ ਦਾ ਵਿਸ਼ੇਸ਼ ਪਰਬੰਧ ਹੋਏਗਾ। ਸੰਸਥਾ ਵੱਲੋਂ ਆਪ ਸਭ ਨੂੰ ਇਸ ਸਮਾਗਮ ਦੀ ਸ਼ੋਭਾ ਵਧਾਉਣ ਲਈ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ। ਵਧੇਰੇ ਜਾਣਕਾਰੀ ਲਈ ਸਭਾ ਦੀ ਪ੍ਰਧਾਨ ਡਾ. ਬਲਵਿੰਦਰ ਕੌਰ ਬਰਾੜ 403 590 9629 ਜਾਂ ਕੋਆਰਡੀਨੇਟਰ ਗੁਰਚਰਨ ਥਿੰਦ ਨਾਲ 403 402 9635 ਨਾਲ ਸੰਪਰਕ ਕੀਤਾ ਜਾ ਸਕਦਾ ਹੈ।












# ਕਨੇਡਾ ਵਿੱਚ ਪੁਲਿਸ ਨੂੰ ਲੋੜੀਂਦੇ 25 ਵਿਅਕਤੀਆਂ ਦੀ ਲਿਸਟ ਵਿੱਚੋਂ ਕੈਲਗਰੀ ਦੇ ਵੀ ਦੋ ਵਿਅਕਤੀਆਂ ਦਾ ਨਾਂ ਬੋਲਦਾ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਵਿੱਚ ਸਭ ਤੋਂ ਵੱਧ ਲੋੜੀਂਦੇ 25 ਵਿਅਕਤੀਆਂ ਦੀ ਲਿਸਟ ਵਿੱਚੋਂ ਕੈਲਗਰੀ ਦੇ ਵੀ ਦੋ ਵਿਅਕਤੀਆਂ ਦਾ ਨਾਂ ਬੋਲਦਾ ਹੈ । ਬੋਲੋ ਪ੍ਰੋਗਰਾਮ ਤਹਿਤ ਇਸ ਲਿਸਟ ਦਾ ਖੁਲਾਸਾ ਕੀਤਾ ਗਿਆ ਹੈ । ਬੋਲੋ ਪ੍ਰੋਗਰਾਮ ਦਾ ਪੂਰਾ ਨਾਂ ਬੀ ਔਨ ਲੁਕਆਊਟ ਹੈ ਜਿਸ ਤਹਿਤ ਕਨੇਡਾ ਦੇ ਨਾਗਰਿਕਾਂ ਨੂੰ ਪੁਲਿਸ ਨੂੰ ਲੋੜੀਂਦੇ ਅਜਿਹੇ ਵਿਅਕਤੀ ਸਬੰਧੀ ਜਾਣਕਾਰੀ ਦੇਣ ਸਬੰਧੀ ਰੱਖੇ ਗਏ ਇਨਾਮਾਂ ਸਬੰਧੀ ਜਾਣਕਾਰੀ ਦਿੰਦਾ ਹੈ। ਪੁਲਿਸ ਦਾ ਕਹਿਣਾ ਹੈ ਕਿ ਇਨ੍ਹਾਂ ਵਿਅਕਤੀਆਂ ਵਿੱਚੋਂ ਇੱਕ, 29 ਸਾਲਾ ਤਲਾਲ ਆਮੇਰ, ਇੱਕ ਅਜਿਹੇ ਕੇਸ ਵਿੱਚ ਸ਼ਾਮਲ ਸੀ ਜਿੱਥੇ ਇਸ ਸਾਲ ਦੇ ਸ਼ੁਰੂ ਵਿੱਚ ਕੈਲਗਰੀ ਦੀਆਂ ਗਲੀਆਂ ਵਿੱਚ ਗੋਲੀਬਾਰੀ ਦੌਰਾਨ ਇੱਕ ਔਰਤ ਦੀ ਮੌਤ ਹੋ ਗਈ ਸੀ।ਆਮੇਰ ਸੱਤ ਕੈਨੇਡਾ-ਵਿਆਪੀ ਵਾਰੰਟਾਂ 'ਤੇ ਲੋੜੀਂਦਾ ਹੈ ਜਿਸ ਵਿੱਚ ਕਤਲ, ਕਤਲ ਦੀ ਕੋਸ਼ਿਸ਼ ਅਤੇ ਹਥਿਆਰ ਦੀ ਮਨਾਹੀ ਨਾਲ ਵਰਤੋਂ ਨਾਲ ਸਬੰਧਤ ਦੋਸ਼ ਸ਼ਾਮਲ ਹਨ। ਪੁਲਿਸ ਅਨੁਸਾਰ ਆਮੇਰ ਦਾ ਕੱਦ 5 ਫੁੱਟ 11 ਇੰਚ,ਹੈ ਉਸਦੀਆਂ ਅੱਖਾਂ ਅਤੇ ਵਾਲ ਭੂਰੇ ਹਨ। ਇਸ ਦੀ ਗ੍ਰਿਫਤਾਰੀ ਸਬੰਧੀ 50 ਹਜਾਰ ਕਨੇਡੀਅਨ ਡਾਲਰ ਦਾ ਇਨਾਮ ਰੱਖਿਆ ਗਿਆ ਹੈ। ਕੈਲਗਰੀ ਦਾ ਹੀ ਰਹਿਣ ਵਾਲਾ ਦੂਸਰਾ ਲੋੜੀਦਾ ਵਿਅਕਤੀ, 26 ਸਾਲਾ ਕੀਰ ਬ੍ਰਾਇਨ ਗ੍ਰੇਨਾਡਾ ਲਈ ਫਸਟ-ਡਿਗਰੀ ਕਤਲ ਲਈ ਕੈਨੇਡਾ-ਵਿਆਪੀ ਵਾਰੰਟ ਜਾਰੀ ਕੀਤਾ ਗਿਆ ਸੀ। ਪੁਲਿਸ ਅਨੁਸਾਰ ਗ੍ਰੇਨਾਡੋ ਲਗਭਗ ਪੰਜ ਫੁੱਟ ਲੰਬਾ, 80 ਪੌਂਡ, ਭੂਰੀਆਂ ਅੱਖਾਂ ਅਤੇ ਖੱਬੇ ਬਾਂਹ ਉੱਪਰ ਟੈਟੂ ਉਕਰਿਆ ਹੋਇਆ ਹੈ। ਬ੍ਰਾਇਨ ਗ੍ਰੇਨਾਡਾ ਦੀ ਭਾਲ ਸਬੰਧੀ ਇੱਕ ਲੱਖ ਕਨੇਡੀਅਨ ਡਾਲਰ ਦਾ ਇਨਾਮ ਪੁਲਿਸ ਵੱਲੋਂ ਰੱਖਿਆ ਗਿਆ ਹੈ । ਉਸ ਉੱਪਰ ਇੱਕ 26 ਸਾਲਾ ਵਿਅਕਤੀ, ਹੁਸੈਨ ਮੇਰਹੀ ਦੇ ਕਤਲ,ਸਬੰਧੀ ਸਾਲ 2015 ਵਾਪਰੀ ਘਟਨਾ ਸਬੰਧੀ ਫਸਟ ਡਿਗਰੀ ਮਰਡਰ ਦੇ ਦੋਸ ਆਇਦ ਹਨ। ਕਿਸੇ ਵੀ ਵਿਅਕਤੀ ਨੂੰ ਜਾਂਚ ਨਾਲ ਸਬੰਧਤ ਜਾਂ ਅਮੇਰ ਅਤੇ ਗ੍ਰੇਨਾਡੋ ਦੇ ਠਿਕਾਣੇ ਬਾਰੇ ਜਾਣਕਾਰੀ ਰੱਖਣ ਲਈ ਕਿਹਾ ਜਾਂਦਾ ਹੈ, ਅਫਸਰਾਂ ਦੇ ਨਾਲ ਇਹ ਕਹਿੰਦੇ ਹਨ ਕਿ "ਜਾਣਕਾਰੀ ਕਿੰਨੀ ਵੀ ਮਹੱਤਵਪੂਰਨ ਜਾਂ ਮਾਮੂਲੀ ਜਾਪਦੀ ਹੈ, ਅਸੀਂ ਇਸ ਬਾਰੇ ਜਾਣਨਾ ਚਾਹੁੰਦੇ ਹਾਂ।" ਲੋਕ 1-800-222-8477 'ਤੇ ਕ੍ਰਾਈਮ ਸਟੌਪਰਸ ਰਾਹੀਂ ਗੁਮਨਾਮ ਤੌਰ 'ਤੇ ਟਿਪ ਦੇ ਸਕਦੇ ਹਨ।

## ਬੈਂਕ ਆਫ਼ ਕੈਨੇਡਾ ਨੇ ਵਿਆਜ਼ ਦਰਾਂ ਵਧਾਕੇ 3।75 ਫ਼ੀਸਦੀ ਕੀਤੀਆਂ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਜਿਸ ਤਰ੍ਹਾਂ ਕਿ ਪਹਿਲਾਂ ਹੀ ਕਿਆਸ ਅਰਾਈਆਂ ਲਗਾਈਆਂ ਜਾ ਰਹੀਆਂ ਸਨ ਕਿ ਬੈਂਕ ਆਫ ਕੈਨੇਡਾ ਵੱਲੋਂ ਮਹਿੰਗਾਈ ਨੂੰ ਠੱਲ੍ਹ ਪਾਉਣ ਦੇ ਮਕਸਦ ਨਾਲ ਇੱਕ ਵਾਰ ਫੇਰ ਤੋਂ ਵਿਆਜ ਦਰਾਂ ਵਧਾਈਆਂ ਜਾ ਸਕਦੀਆਂ ਹਨ ਤਾਂ ਉਨ੍ਹਾਂ ਕਿਆਸ ਅਰਾਈਆਂ ਨੂੰ ਸੱਚ ਕਰਦਿਆਂ ਹੋਇਆਂ ਬੈਂਕ ਆਫ ਕੈਨੇਡਾ ਨੇ ਵਿਆਜ ਦਰਾਂ ਵਿੱਚ ਪੰਜਾਹ ਬੇਸਿਸ ਪੁਆਇੰਟਸ ਦਾ ਵਾਧਾ ਕਰ ਦਿੱਤਾ ਹੈ। ਜਿਸ ਨਾਲ ਵਿਆਜ ਦਰਾਂ ਤਿੰਨ ਇਸ਼ਾਰਿਆ ਪੱਚੀ ਫ਼ੀਸਦੀ ਤੋਂ ਵਧ ਕੇ ਤਿੰਨ ਇਸ਼ਾਰਿਆ ਪਚੱਤਰ ਫ਼ੀਸਦੀ ਤੇ ਪਹੁੰਚ ਗਈਆਂ ਹਨ। ਬੈਂਕ ਆਫ ਕੈਨੇਡਾ ਦੇ ਗਵਰਨਰ ਟਿਫ਼ ਮੈਕੁਲਮ ਨੇ ਆਖਿਆ ਕਿ ਇਸ ਸਾਲ ਮਾਰਚ ਤੋਂ ਬਾਅਦ ਵਿਆਜ ਦਰਾਂ ਵਿੱਚ ਛੇਵੀਂ ਵਾਰ ਵਾਧਾ ਕੀਤਾ ਗਿਆ ਹੈ ਪਰ ਨਾਲ ਹੀ ਉਨ੍ਹਾਂ ਆਖਿਆ ਕਿ ਲੋੜ ਪੈਣ ਤੇ ਵਿਆਜ ਦਰਾਂ ਵਿੱਚ ਹੋਰ ਵਾਧਾ ਕੀਤਾ ਜਾ ਸਕਦਾ ਹੈ ਤਾਂ ਕਿ ਮਹਿੰਗਾਈ ਦੇ ਪੱਧਰ ਨੂੰ ਹੇਠਾਂ ਲਿਜਾਇਆ ਜਾ ਸਕੇ





ਕੈਲਗਰੀ ਸਿਟੀ ਅੱਪਡੇਟ ਕਰ ਰਹੀ ਹੈ ਕਿ ਅਸੀਂ **ਜਨਤਕ ਸੁਣਵਾਈਆਂ** ਦੇ ਵਿਗਿਆਪਨ ਕਿਵੇਂ ਦਿੰਦੇ ਹਾਂ।

ਸਿਟੀ ਥੋੜ੍ਹੇ ਵੱਖਰੇ ਢੰਗ ਨਾਲ ਜਨਤਕ ਸੁਣਵਾਈਆਂ ਦੇ ਵਿਗਿਆਪਨ ਦੇ ਰਹੀ ਹੈ। ਹੁਣ, ਸਾਡੀ ਵੈੱਬਸਾਈਟ 'ਤੇ ਯੋਜਨਾਬੰਦੀ ਦੇ ਮਾਮਲਿਆਂ ਬਾਰੇ ਸਾਰੀ ਜਾਣਕਾਰੀ ਲੱਭੋ। ਅਸੀਂ ਹੌਲੀ-ਹੌਲੀ ਅਖ਼ਬਾਰਾਂ ਵਿਚ ਛਾਪੇ ਜਾਣ ਵਾਲੇ ਵਿਗਿਆਪਨਾਂ ਤੋਂ ਦੂਰ ਜਾ ਰਹੇ ਹਾਂ। ਜੂਨ 2023 ਤੱਕ, ਸਾਡੀ ਵਿਗਿਆਪਨ ਪ੍ਰਣਾਲੀ ਡਿਜ਼ੀਟਲ ਵਿਗਿਆਪਨਾਂ 'ਤੇ ਕੇਂਦ੍ਰਿਤ ਹੋਵੇਗੀ, ਅਤੇ ਸਾਈਟ 'ਤੇ ਨੋਟਿਸ ਪੋਸਟ ਕੀਤੇ ਜਾਣਾ ਅਤੇ ਆਸ-ਪਾਸ ਦੇ ਗੁਆਂਢੀਆਂ ਨੂੰ ਡਾਕ ਰਾਹੀਂ ਪੱਤਰ ਭੇਜੇ ਜਾਣਾ ਜਾਰੀ ਰੱਖੇਗੀ।

ਹੋਰ ਵੇਰਵਿਆਂ ਲਈ calgary.ca/planningmatters 'ਤੇ ਜਾਓ।

22-0023303 - ADV-16562

Bains Vision Centre

ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।

ਹਰ ਕਿਸਮ ਦੀਆਂ ਬਰੈਂਡ ਐਨਕਾਂ ਵੀ ਮਿਲਦੀਆਂ ਹਨ



Dr.Jaswinder S Bains
Ph.D., OD.

Tel: 403-274-4514
Fax: 403-274-4680
5218 Falsbridge Dr NE Calgary AB T3J 3G1



PUNJABI SWEETS
HOUSE & RESTAURANT

TAKE OUT
We do catering also


FAST & BEST FRIENDLY SERVICE

ALL KINDS OF SWEETS NON-VEG & VEGI FOOD

Open 7 Days a Week
403-293-5252

ਤਾਜਾ ਅਤੇ ਸਵਾਦੀ ਖਾਣਾ ਜਿਵੇਂ ਸਮੋਸੇ, ਗੋਲਗੱਪੇ, ਚਾਟ, ਤਾਜ਼ਾ ਮਠਿਆਈ ਬਰਫੀ, ਗੁਲਾਬ ਜਾਮਣ, ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪਹੁੰਚੋ ਜਾਂ ਫੋਨ ਕਰੋ।

Bay 113 216 Saddle Towne Cir. N.E. T3J 0C9



An Efficient Mortgage / Home Financing Process Contact Kulwant Manhas

ਕਨੇਡਾ ਵਿੱਚ ਨਵੇਂ ਆਏ ਹੋ, ਘਰ ਖਰੀਦਣਾ ਚਾਹੁੰਦੇ ਹੋ ਜਾਂ ਰੀ ਫਾਇਨਾਂਸ ਕਰਵਾਉਣਾ ਹੈ ਤਾਂ ਕੁਲਵੰਤ ਮਨਹਾਸ ਨੂੰ ਮਿਲੋ

Scotiabank

Kulwant S. Manhas
Home Financing Advisor
C: (587)-899-2093
E: kulwant.Manhas@scotiabank.com

Specializing in:
• Home Buyers
• Refinancing
• New to Canada
• Construction Draws

Vig Fashions

Jewellery - Fashion Boutique
Tailoring - Dry Clean

ਵਿਆਹ ਸ਼ਾਦੀਆਂ ਲਈ ਸੋਹਣੇ ਸੋਹਣੇ ਸੂਟ, ਗਰਾਰੇ-ਸ਼ਰਾਰੇ, ਲਹਿੰਗੇ, ਆਰਟੀਫਿਸ਼ਲ ਜਿਊਲਰੀ, ਜਾਗੋ ਦਾ ਸਮਾਨ, ਕੁੜਤੇ ਪਜਾਮੇ, ਪੱਗਾਂ, ਕੰਬਲ, ਆਦਿ ਬਜ਼ਾਰ ਨਾਲੋਂ ਸਸਤੇ ਅਤੇ ਵਧੀਆ ਕੁਆਲਿਟੀ ਵਿੱਚ ਮਿਲਦੇ ਹਨ।

ਸਿਲਾਈ ਅਤੇ ਡਰਾਈਕਲੀਨ ਵੀ ਕਰਵਾ ਸਕਦੇ ਹੋ

ਦੇਸੀ ਬਜ਼ਾਰ ਕੈਲਗਰੀ ਵਾਲੇ ਪਲਾਜੇ ਵਿੱਚ



Ph: 403-590-5620
#159-5120 47 Street NE, Calgary (AB)
E: Vigfashions@gmail.com

# ਡੈਨੀਅਲ ਸਮਿੱਥ ਦੇ ਮੰਤਰੀ ਮੰਡਲ ਨੇ ਸਹੁੰ ਚੁੱਕੀ, ਪੰਜਾਬੀ ਮੂਲ ਦੀ ਰਾਜਨ ਸਾਹਨੀ ਨੂੰ ਟਰੇਡ, ਇੰਮੀਗ੍ਰੇਸ਼ਨ ਅਤੇ ਮਲਟੀਕਲਚਰਲਿਜ਼ਮ ਵਿਭਾਗ ਮਿਲਿਆ


ਮੰਤਰੀ ਰਾਜਨ ਸਾਹਨੀ


ਪਾਰਲੀਮਾਨੀ ਸਕੱਤਰਦਵਿੰਦਰ ਤੂਰ


ਪ੍ਰੀਮੀਅਰ ਡੇਨੀਅਲ ਸਮਿੱਥ

ਐਡਮੰਟਨ ( ਪੰਜਾਬੀ ਅਖ਼ਬਾਰ ਬਿਊਰੋ) ਪ੍ਰੀਮੀਅਰ ਡੈਨੀਅਲ ਸਮਿਥ ਸਮੇਤ ਅਲਬਰਟਾ ਦੇ ਨਵੇਂ ਮੰਤਰੀ ਮੰਡਲ ਨੂੰ ਐਡਮਿੰਟਨ ਦੇ ਸਰਕਾਰੀ ਹਾਊਸ ਵਿੱਚ ਇੱਕ ਸਮਾਰੋਹ ਦੌਰਾਨ ਸਹੁੰ ਚੁਕਾਈ ਗਈ। 27 ਮੈਂਬਰੀ ਕੈਬਨਿਟ ਅਤੇ 11 ਸੰਸਦੀ ਸਕੱਤਰ ਇਸ ਨਵੀ ਸਰਕਾਰ ਦਾ ਹਿੱਸਾ ਹੋਣਗੇ। ਔਰਤਾਂ ਦੀ ਨੁਮਾਇੰਦਗੀ ਸਬੰਧੀ ਬੋਲਦਿਆਂ ਪ੍ਰੀਮੀਅਰ ਡੈਨੀਅਲ ਸਮਿਥ ਨੇ ਕਿਹਾ ਕਿ "ਮੈਂ ਇੱਕ ਔਰਤ ਹਾਂ। ਮੇਰੇ ਕੋਲ ਚਾਰ ਸੀਨੀਅਰ ਕੈਬਨਿਟ ਮੰਤਰੀ ਹਨ ਜੋ ਔਰਤਾਂ ਹਨ। ਜੇਕਰ ਕੁੱਝ ਲੋਕ ਸੋਚਦੇ ਸਨ ਕਿ ਔਰਤਾਂ ਨੂੰ ਨੁਮਾਇੰਦਗੀ ਸਬੰਧੀ ਕੋਈ ਖ਼ਤਰਾ ਹੈ ਕਿ ਔਰਤਾਂ ਨੂੰ ਨੁਮਾਇੰਦਗੀ ਨਹੀਂ ਦਿੱਤੀ ਜਾਵੇਗੀ, ਤਾਂ ਮੈਂ ਕਹਾਂਗੀ ਕਿ ਉਹ ਸਾਡੀ ਕੈਬਨਿਟ ਵੱਲ ਧਿਆਨ ਦੇਣ ਜੋ ਇਸ ਵੇਲੇ ਤੁਹਾਡੇ ਸਾਹਮਣੇ ਹੈ । ਇਸ ਨਵੀਂ ਬਣੀ ਕੈਬਨਿਟ ਦੀ ਇਹ ਵਿਸ਼ੇਸ਼ਤਾ ਵੀ ਹੈ ਕਿ ਇਸ ਵਿੱਚ ਉਹਨਾਂ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ ਜਿਹੜੇ ਐਮ ਐਲ ਏ ਪਾਰਟੀ ਲੀਡਰਸ਼ਿਪ ਦੀ ਚੋਣ ਮੌਕੇ ਡੇਨੀਅਲ ਦੇ ਵਿਰੋਧ ਵਿੱਚ ਮੁਕਾਬਲੇ ਵਿੱਚ ਸਨ। ਜਿਹਨਾਂ ਵਿੱਚੋਂ ਪੰਜਾਬੀ ਮੂਲ ਦੀ ਰਾਜਨ ਸਾਹਨੀ ਦਾ ਨਾਂ ਵਿਸ਼ੇਸ਼ ਤੌਰ ਤੇ ਵਰਨਣਯੋਗ ਹੈ ਜਿਹਨਾਂ ਨੂੰ ਟਰੇਡ, ਇੰਮੀਗ੍ਰੇਸ਼ਨ ਅਤੇ ਮਲਟੀਕਲਚਰਲਿਜ਼ਮ ਵਿਭਾਗ ਅਤੇ ਬ੍ਰਾਇਨ ਜੀਨ ਨੂੰ ਨੌਕਰੀਆਂ, ਆਰਥਿਕਤਾ ਅਤੇ ਉੱਤਰੀ ਵਿਕਾਸ ਮੰਤਰਾਲਾ ਸੌਂਪੇ ਗਏ ਹਨ। ਪੰਜਾਬੀ ਮੂਲ ਦੇ ਐਮ ਐਲ ਏ ਦਵਿੰਦਰ ਤੂਰ ਨੂੰ ਪਾਰਲੀਮਾਨੀ ਸਕੱਤਰ ਨਿਯੁਕਤ ਕੀਤਾ ਗਿਆ ਹੈ। ਡੈਨੀਅਲ ਸਮਿੱਥ ਨੇ ਵਿਸ਼ੇਸ਼ ਤੌਰ 'ਤੇ ਇਸ ਗੱਲ ਦਾ ਜ਼ਿਕਰ ਕੀਤਾ ਕਿ ਲੀਡਰਸ਼ਿਪ ਦੀ ਚੋਣ ਵੇਲੇ ਭਾਵੇਂ ਵੰਡੀਆਂ ਨਜ਼ਰ ਆਉਂਦੀਆਂ ਸਨ ਪਰ ਹੁਣ ਪਾਰਟੀ ਇੱਕ ਜੁੱਟ ਹੈ ਅਤੇ ਆਉਂਦੀਆਂ ਚੋਣਾਂ ਦੌਰਾਨ ਐਨ ਡੀ ਪੀ ਨੂੰ ਕਰਾਰੀ ਹਾਰ ਦਿੰਦੀ ਹੋਈ ਫਿਰ ਸਰਕਾਰ ਬਣਾਵੇਗੀ ।ਅਲਬਰਟਾ ਸਰਕਾਰ ਦੇ ਮੰਤਰੀ ਮੰਡਲ ਦਾ ਵੇਰਵਾ ਇਸ ਪ੍ਰਕਾਰ ਹੈ:-

ਡਿਪਟੀ ਪ੍ਰੀਮੀਅਰ ਅਤੇ ਸਿਲਡ ਟਰੇਡਜ਼ ਅਤੇ ਪ੍ਰੋਫੈਸ਼ਨਜ਼ ਮੰਤਰੀ - ਕੇਸੀ ਮਾਡੂ, ਡਿਪਟੀ ਪ੍ਰੀਮੀਅਰ ਅਤੇ ਬੁਨਿਆਦੀ ਢਾਂਚਾ ਮੰਤਰੀ - ਨਾਥਨ ਨਿਊਡੋਰਫ, ਖਜ਼ਾਨਾ ਬੋਰਡ ਦੇ ਪ੍ਰਧਾਨ ਅਤੇ ਵਿੱਤ ਮੰਤਰੀ - ਟ੍ਰੈਵਿਸ ਟੋਵਜ਼, ਨੌਕਰੀਆਂ, ਆਰਥਿਕਤਾ ਅਤੇ ਉੱਤਰੀ ਵਿਕਾਸ ਮੰਤਰੀ - ਬ੍ਰਾਇਨ ਜੀਨ, ਨਿਆਂ ਮੰਤਰੀ - ਟਾਈਲਰ ਸ਼ੈਂਡਰੋ, ਸਿਹਤ ਮੰਤਰੀ - ਜੇਸਨ ਕੋਪਿੰਗ, ਊਰਜਾ ਮੰਤਰੀ - ਪੀਟ ਗੁਥਰੀ, ਵਾਤਾਵਰਣ ਅਤੇ ਸੁਰੱਖਿਅਤ ਖੇਤਰਾਂ ਦੇ ਮੰਤਰੀ - ਸੋਨੀਆ ਸੇਵੇਜ, ਤਕਨਾਲੋਜੀ ਅਤੇ ਨਵੀਨਤਾ ਮੰਤਰੀ - ਨੈਟ ਗਲੂਬਿਸ਼, ਸਮਰੱਥਾ ਅਤੇ ਉਪਯੋਗਤਾਵਾਂ ਦੇ ਮੰਤਰੀ - ਮੈਟ ਜੋਨਸ, ਮਿਉਂਸਪਲ ਅਫੇਅਰਜ਼ ਮੰਤਰੀ - ਰੇਬੇਕਾ ਸ਼ੁਲਜ਼, ਆਵਾਜਾਈ ਅਤੇ ਆਰਥਿਕ ਗਲਿਆਰੇ ਮੰਤਰੀ - ਡੇਵਿਨ ਡਰੀਸ਼ਨ, ਪਬਲਿਕ ਸੇਫਟੀ ਮੰਤਰੀ - ਮਾਈਕ ਐਲਿਸ, ਖੇਤੀਬਾੜੀ ਅਤੇ ਸਿੰਚਾਈ ਮੰਤਰੀ - ਨੈਟ ਹਾਰਨਰ, ਜੰਗਲਾਤ, ਪਾਰਕ ਅਤੇ ਸੈਰ-ਸਪਾਟਾ ਮੰਤਰੀ - ਟੌਡ ਲੋਵੇਨ, ਵਪਾਰ, ਇਮੀਗ੍ਰੇਸ਼ਨ ਅਤੇ ਬਹੁ-ਸੱਭਿਆਚਾਰ ਮੰਤਰੀ - ਰਾਜਨ ਸਾਹਨੀ, ਸਿੱਖਿਆ ਮੰਤਰੀ - ਐਡਰੀਆਨਾ ਲਾਗਰੇਂਜ, ਐਡਵਾਂਸਡ ਐਜੂਕੇਸ਼ਨ ਮੰਤਰੀ - ਡੇਮੇਟ੍ਰੀਓਸ ਨਿਕੋਲਾਈਡਸ,ਸੇਵਾ ਅਲਬਰਟਾ ਅਤੇ ਰੈਡ ਟੇਪ ਰਿਡਕਸ਼ਨ ਮੰਤਰੀ - ਡੇਲ ਨਲੀ,ਸਵਦੇਸ਼ੀ ਸਬੰਧਾਂ ਦੇ ਮੰਤਰੀ - ਰਿਕ ਵਿਲਸਨ,ਸੀਨੀਅਰ, ਕਮਿਊਨਿਟੀ ਅਤੇ ਸੋਸ਼ਲ ਸਰਵਿਸਿਜ਼ ਮੰਤਰੀ - ਜੇਰੇਮੀ ਨਿਕਸਨ,ਬੱਚਿਆਂ ਦੀਆਂ ਸੇਵਾਵਾਂ ਦੇ ਮੰਤਰੀ - ਮਿਕੀ ਐਮਰੀ,ਮਾਨਸਿਕ ਸਿਹਤ ਅਤੇ ਨਸ਼ਾਖੋਰੀ ਮੰਤਰੀ - ਨਿਕੋਲਸ ਮਿਲਿਕਨ, ਸੱਭਿਆਚਾਰ ਮੰਤਰੀ - ਜੇਸਨ ਲੁਆਨ।

# ਕਿਸੇ ਦੀ ਜਾਨ ਬਚਾਉਣ ਬਦਲੇ "ਸੰਨੀ" ਬਾਜਵਾ ਨੂੰ ਬਹਾਦਰੀ ਲਈ ਸਿਲਵਰ ਮੈਡਲ ਅਤੇ ਸਹਾਇਤਾ ਲਈ "ਬਿੱਲ" ਸਿੰਘ ਨੂੰ ਆਨਰੇਰੀ ਪ੍ਰਸੰਸਾ ਪੱਤਰ ਦਿੱਤਾ


ਬਿਲ ਸਿੰਘ, ਸੰਨੀ ਬਾਜਵਾ ਅਤੇ ਲੈਫਟੀਨੈਂਟ ਗਵਰਨਰ ਰਸ ਮਿਰਾਸਟੀ ਨਾਲ ਸਨਮਾਨ ਪ੍ਰਾਪਤ ਕਰਨ ਮੌਕੇ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਰਾਇਲ ਕੈਨੇਡੀਅਨ ਹਿਊਮਨ ਐਸੋਸੀਏਸ਼ਨ ਵੱਲੋਂ ਇੱਕ ਜਾਨ ਬਚਾਉਣ ਲਈ ਉਸਦੀ ਬਹਾਦਰੀ ਅਤੇ ਮੌਕੇ ਸਿਰ ਕਾਰਵਾਈ ਲਈ ਹਰਪਿੰਦਰ ਸਿੰਘ "ਸੰਨੀ" ਬਾਜਵਾ ਨੂੰ ਬਹਾਦਰੀ ਲਈ ਸਿਲਵਰ ਮੈਡਲ ਅਤੇ ਸਹਾਇਤਾ ਲਈ ਬਿਕਰਮਜੀਤ "ਬਿੱਲ" ਸਿੰਘ ਨੂੰ ਆਨਰੇਰੀ ਪ੍ਰਸੰਸਾ ਪੱਤਰ ਦਿੱਤਾ ਗਿਆ ਹੈ। ਇਹ ਸਨਮਾਨ ਦੇ ਪਿੱਛੇ ਕਹਾਣੀ ਇਸ ਤਰਾਂ ਹੈ ਕਿ 8 ਅਕਤੂਬਰ 2020 ਨੂੰ ਦੁਪਹਿਰ 2:10 ਵਜੇ ਦੇ ਕਰੀਬ ਰੀਜਾਇਨਾ ਵਿੱਚ ਵੁੱਡਲੈਂਡ ਗਰੋਵ ਡਰਾਈਵ ਅਤੇ ਏਰੇਂਸ ਰੋਡ ਦੇ ਚੌਰਾਹੇ 'ਤੇ, ਹਰਪਿੰਦਰ ਸਿੰਘ "ਸੰਨੀ" ਬਾਜਵਾ ਅਤੇ ਬਿਕਰਮਜੀਤ "ਬਿੱਲ" ਸਿੰਘ ਆਪਣੀ ਕਾਰ ਵਿੱਚ ਜਾ ਰਹੇ ਸਨ ਜਦੋਂ ਉਨ੍ਹਾਂ ਨੇ ਇੱਕ ਵਾਹਨ ਨੂੰ ਬੇਕਾਬੂ ਰਫਤਾਰ ਨਾਲ ਦੇਖਿਆ। ਵਾਹਨ ਵਿੱਚ ਕਿਸੇ ਚੀਜ਼ ਨਾਲ ਟਕਰਾ ਗਿਆ, ਹਵਾ ਵਿੱਚ ਉੱਡਿਆ ਅਤੇ ਡਿੱਗ ਗਿਆ। ਜਦੋਂ ਹਾਦਸਾ ਵਾਪਰਿਆ ਤਾਂ ਸੰਨੀ ਬਾਜਵਾ ਅਤੇ ਬਿੱਲ ਸਿੰਘ ਲਗਭਗ 150 ਮੀਟਰ ਦੀ ਦੂਰੀ 'ਤੇ ਸਨ ਅਤੇ ਇਹ ਦੇਖਣ ਲਈ ਕਿ ਕੀ ਉਹ ਮੱਦਦ ਕਰ ਸਕਦੇ ਹਨ, ਮੌਕੇ 'ਤੇ ਗਏ। ਬਿਲ ਸਿੰਘ ਨੇ ਤੁਰੰਤ 911 ਐਮਰਜੈਂਸੀ ਨੂੰ ਕਾਲ ਕੀਤੀ ।ਇਕੱਲਾ ਬਜ਼ੁਰਗ ਪੁਰਸ਼ ਡਰਾਈਵਰ ਸੀ ਜੋ ਬੇਹੋਸ਼ ਹੋ ਗਿਆ ਸੀ ਅਤੇ ਉਸਦੇ ਖ਼ੂਨ ਵਹਿ ਰਿਹਾ ਸੀ। ਇੰਜਣ ਹੁੱਡ ਦੇ ਹੇਠਾਂ ਤੋਂ ਧੂੰਆਂ ਨਿਕਲ ਰਿਹਾ ਸੀ ਅਤੇ ਡਰਾਈਵਰ ਦੀ ਖਿੜਕੀ ਕੁੱਝ ਹੱਦ ਤੱਕ ਹੇਠਾਂ ਸੀ। ਸੰਨੀ ਨੇ ਡਰਾਈਵਰ ਨੂੰ ਚੈੱਕ ਕੀਤਾ ਜਿਸ ਨੇ ਸੰਨੀ ਨੂੰ ਆਪਣੇ ਆਪ ਨੂੰ ਬਚਾਉਣ ਲਈ ਕਿਹਾ। ਸੰਨੀ ਨੇ ਬਿਲ ਨੂੰ 911 ਦੇ ਆਪਰੇਟਰ ਨੂੰ ਪੁੱਛਣ ਲਈ ਕਿਹਾ ਕਿ ਉਹ ਕੀ ਕਰਨ ਪਰ ਫਿਰ ਉਸਨੇ ਇੰਜਣ ਦੇ ਹੁੱਡ ਦੇ ਹੇਠਾਂ ਇੱਕ ਛੋਟਾ ਜਿਹਾ ਧਮਾਕਾ ਸੁਣਿਆ ਅਤੇ ਅੱਗ ਦੀਆਂ ਲਪਟਾਂ ਦੇਖੀਆਂ। ਤੁਰੰਤ ਹੀ ਸੰਨੀ ਨੇ ਕਾਰ ਦਾ ਦਰਵਾਜ਼ਾ ਖੋਲ੍ਹਿਆ ਤਾਂ ਉਸ ਨੇ ਦੇਖਿਆ ਕਿ ਡਰਾਈਵਰ ਸ਼ਾਇਦ ਅਪਾਹਜ ਸੀ। ਉਹ ਅੰਦਰ ਪਹੁੰਚ ਗਿਆ ਅਤੇ ਡਰਾਈਵਰ ਦੀ ਸੀਟ ਬੈਲਟ ਖੋਲ੍ਹਣ ਲੱਗਾ। ਅੱਗ ਦੀਆਂ ਲਪਟਾਂ ਹੁਣ ਵਿੰਡਸ਼ੀਲਡ ਤੋਂ ਤੇਜ਼ੀ ਨਾਲ ਫੈਲ ਰਹੀਆਂ ਸਨ ਅਤੇ ਸੰਨੀ ਨੂੰ ਵੀ ਅੱਗ ਦਾ ਸੇਕ ਲੱਗ ਰਿਹਾ ਸੀ। ਸੰਨੀ ਨੇ ਡਰਾਈਵਰ ਨੂੰ ਫੜ ਕੇ ਬਾਹਰ ਕੱਢ ਲਿਆ ਅਤੇ ਅੱਗ ਦੀਆਂ ਲਪਟਾਂ ਦੇ ਵਿੱਚੋਂ ਦੀ ਉਸ ਨੂੰ ਘਸੀਟ ਕੇ ਕਰੀਬ 30 ਤੋਂ 40 ਮੀਟਰ ਦੂਰ ਲੈ ਗਿਆ । ਸੰਨੀ ਅਤੇ ਬਿੱਲ ਨੇ ਈ ਐਮ ਐਸ ਦੇ ਆਉਣ ਦਾ ਇੰਤਜ਼ਾਰ ਕੀਤਾ ਅਤੇ ਉਨ੍ਹਾਂ ਦੇ ਪਹੁੰਚਣ 'ਤੇ ਡਰਾਈਵਰ ਨੂੰ ਉਨ੍ਹਾਂ ਦੀ ਦੇਖਭਾਲ ਲਈ ਸੌਂਪ ਦਿੱਤਾ।ਉਹਨਾਂ ਦੇ ਇਸ ਉਪਰਾਲੇ ਨਾਲ ਡਰਾਈਵਰ ਦੀ ਜਾਨ ਬਚ ਗਈ

# ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਮੀਟਿੰਗ ਦੌਰਾਨ ਉੱਘੇ ਕਵੀ ਤੇ ਚਿੰਤਕ ਡਾ: ਸੁਰਿੰਦਰ ਧੰਜਲ ਨਾਲ ਮਿਲਣੀ ਯਾਦਗਰੀ ਹੋ ਨਿਬੜੀ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਕਤੂਬਰ 23, 2022 ਨੂੰ ਸੁਰਿੰਦਰ ਗੀਤ, ਸੁਰਿੰਦਰ ਜੀਤ ਸਿੰਘ ਪਲਾਹਾ ਅਤੇ ਸ੍ਰੀ ਰਿਸ਼ੀ ਨਾਗਰ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ, ਪੰਜਾਬੀ ਸਾਹਿਤ ਸਭਾ ਕੈਲਗਰੀ ਦੇ ਵਿਸ਼ੇਸ਼ ਸੱਦੇ ਤੇ ਪਹੁੰਚੇ ਪਾਸ਼ ਟਰੱਸਟ ਮੈਮੋਰੀਅਲ ਇੰਟਰਨੈਸ਼ਨਲ ਦੇ ਕਨਵੀਨਰ, ਉੱਘੇ ਕਵੀ ਅਤੇ ਚਿੰਤਕ ਡਾ: ਸੁਰਿੰਦਰ ਧੰਜਲ ਖੱਚਾ-ਖੱਚ ਭਰੇ ਹਾਲ ਵਿੱਚ ਕੈਲਗਰੀ ਨਿਵਾਸੀਆਂ ਦੇ ਰੂਬਰੂ ਹੋਏ। ਸਭਾ ਦੇ ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਡਾ: ਧੰਜਲ ਦੀ ਜਾਣ ਪਛਾਣ ਕਰਵਾਉਂਦਿਆਂ ਦੱਸਿਆ ਕਿ ਡਾ: ਸੁਰਿੰਦਰ ਧੰਜਲ ਨੇ ਸੰਘਰਸ਼, ਸਾਹਿਤ, ਪਤੱਰਕਾਰੀ , ਨਾਟਕ ਅਤੇ ਲੋਕ ਲਹਿਰਾਂ ਦੇ ਖੇਤਰ ਵਿੱਚ ਜੋ ਮੱਲਾਂ ਮਾਰੀਆਂ, ਉਸਦੀ ਉਦਾਰਹਰਣ ਉਹ ਆਪ ਹਨ। ਉਹ ਅੱਜ ਵੀ ਸ਼ਹੀਦਾਂ ਦੀ ਜਗਾਈ ਮਸ਼ਾਲ ਦੀ ਰੌਸ਼ਨੀ ਨੂੰ ਆਪਣੀ ਕਲਮ ਰਾਹੀਂ ਆਉਣ ਵਾਲੀਆਂ ਪੀੜ੍ਹੀਆਂ ਤੱਕ ਸਹੀ ਸਲਾਮਤ ਪੁੱਜਦਾ ਕਰ ਰਹੇ ਹਨ। ਪਾਸ਼ ਯਾਦਗਾਰੀ ਟਰੱਸਟ ਪ੍ਰਤੀ ਆਪਣੀਆਂ ਜੁੰਮੇਵਾਰੀਆਂ ਨੂੰ ਨਿਭਾ ਕੇ ਕ੍ਰਾਂਤੀਕਾਰੀ ਕਵੀ ਪਾਸ਼ ਦੀਆਂ ਰਚਨਾਵਾਂ ਨੂੰ ਲੋਕਾਂ ਤੱਕ ਅਪੜਦਾ ਕਰਕੇ ਕ੍ਰਾਂਤੀਕਾਰੀ, ਉਸਾਰੂ ਅਤੇ ਅਗਾਂਹਵਧੂ ਸਾਹਿਤ ਦੀ ਨੌਜਵਾਨਾਂ ਦੈ ਹਿਰਦਿਆਂ ਵਿੱਚ ਚਿਣਗ ਬਾਲਣ ਦਾ ਵਡਮੁੱਲਾ ਕਾਰਜ਼ ਨਿਭਾ ਰਹੇ ਹਨ। ਡਾ:ਸੁਰਿੰਦਰ ਧੰਜਲ ਨੇ ਆਪਣੇ ਭਾਸ਼ਣ ਵਿੱਚ ਪਾਸ਼ ਦੀਆਂ ਲਿਖਤਾਂ ਦਾ ਵੀ ਵਰਨਣ ਕੀਤਾ। ਪਾਸ਼ ਦੀਆਂ ਕਵਿਤਾਵਾਂ ਦੇ ਨਾਲ ਨਾਲ ਉਹਨਾਂ ਨੇ ਆਪਣੀਆਂ ਕਵਿਤਾਵਾਂ ਦੀ ਵੀ ਸਰੋਤਿਆਂ ਨਾਲ ਸਾਂਝ ਪਾਈ। ਕਵਿਤਾ ਦੀ ਲਾਟ ਪੁਸਤਕ ਵਿੱਚੋਂ ਕੁੱਝ ਚੋਣਵੀਆਂ ਕਵਿਤਾਵਾਂ - ਭਾਬੀ ਅਤੇ ਗਵਾਂਢੀਆਂ ਦਾ ਮੁੰਡਾ, ਭਟਕਦੇ ਬੋਲ, ਦੀਵੇ ਜਗਦੇ ਰਹਿਣਗੇ ਅਤੇ ਕਿਸਾਨ ਅੰਦੋਲਨ ਬਾਰੇ ਪਿੰਡ ਦੇ ਖੇਤਾਂ ਵਿਚ ਬੈਠ ਕੇ ਲਿਖੀ ਕਵਿਤਾ - "ਅਸੀਂ ਝੂਠ ਦੇ ਦਰਾਂ ਤੇ ਖੜ੍ਹ ਕੇ ਸੱਚ ਦਾ ਸਵਾਲ ਬਣ ਗਏ" ਕਿਸਾਨ ਅੰਦੋਲਨ ਨੂੰ ਸਮਰਪਿਤ ਇਹ ਕਵਿਤਾ ਡਾ: ਸੁਰਿੰਦਰ ਧੰਜਲ ਦੀ ਕਾਵਿ-ਕਲਾ ਦੀ ਉੱਤਮ ਪੇਸ਼ਕਾਰੀ ਹੋ ਨਿਬੜੀ। ਇਸ ਸਮੇਂ ਆਪਣੇ ਸਾਹਮਣੇ ਬੈਠੇ,ਲੋਕ ਲਹਿਰ ਦੇ ਜੁਝਾਰੂ ਸਾਥੀ ਇਕਬਾਲ ਖਾਨ ਦੇ ਸੰਘਰਸ਼ ਬਾਰੇ ਕੁਝ ਗੁੱਝੇ ਭੇਦਾਂ ਦਾ ਵੀ ਜ਼ਿਕਰ ਕੀਤਾ। ਜਗਦੇਵ ਸਿੰਘ ਸਿੱਧੂ, ਡਾ: ਰਾਜਵੰਤ ਕੌਰ ਮਾਨ ਅਤੇ ਸੁਰਿੰਦਰ ਗੀਤ ਨੇ ਡਾ: ਸੁਰਿੰਦਰ ਧੰਜਲ ਦੀ ਸਮੁੱਚੀ ਸਖਸੀਅਤ ਸੰਬੰਧੀ ਆਪਣੇ ਵਿਚਾਰ ਪ੍ਰਗਟ ਕੀਤੇ। ਜਗਦੇਵ ਸਿੱਧੂ ਨੇ ਕਾਲਜ ਵੇਲੇ ਦੀਆਂ ਆਪਣੀਆਂ ਯਾਦਾਂ ਡਾ: ਸੁਰਿੰਦਰ ਧੰਜਲ ਨਾਲ ਸਾਂਝੀਆਂ ਕੀਤੀਆਂ। ਸੁਰਿੰਦਰ ਗੀਤ ਨੇ ਕਿਹਾ ਕਿ ਡਾ: ਸਾਹਿਬ ਦੇ ਗਿਆਨ ਦਾ ਘੇਰਾ ਬਹੁਤ ਵਿਸ਼ਾਲ ਹੈ। ਉਹ ਵੱਡੀ ਤੋਂ ਵੱਡੀ ਕ੍ਰਾਂਤੀਕਾਰੀ ਗੱਲ ਸਹਿਜ ਸੁਭਾਅ ਹੀ ਆਖ ਜਾਂਦੇ ਹਨ। ਇਸ ਤੋਂ ਇਲਾਵਾ ਸੁਰਿੰਦਰ ਗੀਤ ਨੇ ਆਪਣੀ ਦੂਸਰੀ ਕਾਵਿ ਪੁਸਤਕ 'ਸੁਣ ਨੀ ਜਿੰਦੇ' ਦਾ ਮੁੱਖ-ਬੰਦ ਯਾਦ ਕਰਦਿਆਂ ਕਿਹਾ ਕਿ ਉਹਨਾਂ ਨੇ ਮੇਰੀ ਕਵਿਤਾ ਨੂੰ "ਮਾਸੂਮੀਅਤ ਦਾ ਗੀਤ" ਨਾਮ ਦਿੱਤਾ। ਸੁਰਿੰਦਰ ਗੀਤ ਨੇ ਆਪਣੀਆਂ ਕੁੱਝ ਰਚਨਾਵਾਂ ਵੀ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਅੰਤ ਵਿੱਚ ਪੰਜਾਬੀ ਸਾਹਿਤ ਸਭਾ ਕੈਲਗਰੀ ਵਲੋਂ ਡਾ: ਸੁਰਿੰਦਰ ਧੰਜਲ ਹੋਰਾਂ ਨੂੰ ਉਹਨਾਂ ਦੇ ਪੰਜਾਬੀ ਸਾਹਿਤ, ਕਵਿਤਾ ਅਤੇ ਰੰਗ-ਮੰਚ ਦੇ ਖੇਤਰ ਵਿੱਚ ਪਾਏ ਬਹੁਮੁੱਲੇ ਯੋਗਦਾਨ ਲਈ ਸਨਮਾਨ ਚਿੰਨ੍ਹ ਭੇਟ ਕੀਤਾ ਗਿਆ। ਮੰਚ ਸੰਚਾਲਨ ਦਾ ਕੰਮ ਸਭਾ ਦੇ ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਹੋਰਾਂ ਬਹੁਤ ਬਿਹਤਰੀਨ ਢੰਗ ਨਾਲ ਨਿਭਾਇਆ।

# ਗੋਲੀਬਾਰੀ ਦੀ ਵਾਰਦਾਤ ਵਿੱਚ ਇੱਕ ਸ਼ੱਕੀ ਹਲਾਕ ਅਤੇ ਪੁਲਿਸ ਅਧਿਕਾਰੀ ਵੀ ਜਖ਼ਮੀ ਹੋਇਆ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕਨੇਡਾ ਦੇ ਕੈਲਗਰੀ ਸਹਿਰ ਕੈਨਿਯਨ ਮੀਡੋਜ਼ ਦੇ ਦੱਖਣ-ਪੱਛਮੀ ਕਮਿਊਨਿਟੀ ਵਿੱਚ ਗੋਲੀਬਾਰੀ ਦੇ ਬਾਅਦ ਇੱਕ ਵਿਅਕਤੀ ਦੀ ਮੌਤ ਹੋ ਗਈ ਅਤੇ ਕੈਲਗਰੀ ਪੁਲਿਸ ਦਾ ਇੱਕ ਅਧਿਕਾਰੀ ਵੀ ਜ਼ਖਮੀ ਹੋ ਗਿਆ। ਪ੍ਰਾਪਤ ਰਿਪੋਰਟ ਅਨਸਾਰ ਕੈਨਿਯਨ ਮੀਡੋਜ਼ ਡਰਾਈਵ ਸਾਊਥ ਵੈਸਟ ਦੇ 500 ਬਲਾਕ ਵਿੱਚ ਇੱਕ ਕੰਡੋ ਬਿਲਡਿੰਗ ਦੀ ਪਾਰਕਿੰਗ ਵਿੱਚ ਸਵੇਰੇ ਤਿੰਨ ਵਜੇ ਦੇ ਕਰੀਬ ਸਮਾਂ ਸੀ ਜਦੋਂ ਪੁਲਿਸ ਅਧਿਕਾਰੀ ਨੇ ਉੱਚੀ ਆਵਾਜ਼ ਵਿੱਚ ਸੰਗੀਤ ਵਜਾਉਣ ਵਾਲੇ ਇੱਕ ਸ਼ੱਕੀ ਵਾਹਨ ਤੱਕ ਪਹੁੰਚ ਕੀਤੀ । ਜਿਉਂ ਹੀ ਪੁਲਿਸ ਅਧਿਕਾਰੀ ਸ਼ੱਕੀ ਵਾਹਨ ਦੇ ਨੇੜੇ ਆਇਆ ਤਾਂ ਸ਼ੱਕੀ ਵਿਅਕਤੀ ਨੇ ਸ਼ਾਟਗਨ ਨਾਲ ਪੁਲਿਸ ਅਧਿਕਾਰੀ ਨੂੰ ਗੋਲੀ ਮਾਰ ਦਿੱਤੀ

ਪੁਲਿਸ ਨੇ ਜਵਾਬੀ ਗੋਲੀਬਾਰੀ ਕੀਤੀ ਪਰ ਉਹ ਵਿਅਕਤੀ ਫਿਸ਼ ਕਰੀਕ ਪ੍ਰੋਵਿੰਸ਼ੀਅਲ ਪਾਰਕ ਵੱਲ ਭੱਜ ਗਿਆ ਜਿੱਥੇ ਉਸਨੇ ਖੁਦ ਵੀ ਆਪਣੀ ਜਾਨ ਲੈ ਲਈ। ਅਧਿਕਾਰੀ ਦੀ ਲੱਤ 'ਤੇ ਸੱਟ ਲੱਗ ਗਈ ਸੀ ਉਸ ਨੂੰ ਹਾਲਤ 'ਚ ਹਸਪਤਾਲ ਲਿਜਾਇਆ ਗਿਆ ਸੀ । ਪਰ ਬਾਦ ਵਿੱਚ ਅਧਿਕਾਰੀ ਨੂੰ ਹਸਪਤਾਲ ਤੋਂ ਰਿਹਾ ਕਰ ਦਿੱਤਾ ਗਿਆ ।

ਜਿਸ ਇਮਾਰਤ ਵਿੱਚ ਇਹ ਘਟਨਾ ਵਾਪਰੀ, ਉੱਥੇ ਰਹਿਣ ਵਾਲੇ ਇੱਕ ਵਸਨੀਕ ਅਨਸਾਰ ਇਹ ਇਲਾਕਾ ਆਮ ਤੌਰ 'ਤੇ ਸ਼ਾਂਤੀ ਭਰੇ ਮਾਹੌਲ ਵਾਲਾ ਇਲਾਕਾ ਹੈ ਪਰ ਇਹ ਘਟਨਾ ਪਰੇਸ਼ਾਨ ਕਰਨ ਵਾਲੀ ਸੀ। "ਪਹਿਲਾਂ ਸਾਨੂੰ ਯਕੀਨ ਨਹੀਂ ਸੀ ਕਿ ਇਹ ਗੋਲੀਬਾਰੀ ਹੈ। ਅਸੀਂ ਸੋਚਿਆ ਕਿ ਕਿਸੇ ਨੇ ਕੰਧ ਵਿੱਚ ਕੋਈ ਚੀਜ਼ ਮਾਰੀ ਹੈ," "ਇਹ ਇਸ ਤਰ੍ਹਾਂ ਦੀ ਆਵਾਜ਼ ਮਹਿਸੂਸ ਹੋਈ ਪਰ ਫਿਰ ਅਸੀਂ ਇੱਕ ਹੋਰ 'ਧਮਾਕਾ' ਸੁਣਿਆ ਤਾਂ ਅਸੀਂ ਸੋਚਿਆ, 'ਨਹੀਂ', ਇਹ ਬੰਦੂਕ ਦੀ ਗੋਲੀ ਵਰਗੀ ਆਵਾਜ਼ ਹੈ।'ਪੁਲਿਸ ਮੁਖੀ ਮਾਰਕ ਨਿਊਫੀਲਡ ਦਾ ਕਹਿਣਾ ਹੈ ਕਿ ਅਲਬਰਟਾ ਗੰਭੀਰ ਘਟਨਾ ਪ੍ਰਤੀਕਿਰਿਆ ਟੀਮ ਹੁਣ ਫਾਈਲ 'ਤੇ ਕੈਲਗਰੀ ਪੁਲਿਸ ਸਰਵਿਸ ਨਾਲ ਕੰਮ ਕਰ ਰਹੀ ਹੈ।

# ਕੈਨੇਡਾ ਦੇ 20 ਫ਼ੀਸਦੀ ਲੋਕ ਆਪਣੇ ਖਾਣੇ ਵਿੱਚ ਕਟੌਤੀ ਲਈ ਮਜਬੂਰ ਹੋਏ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਭਰ ਵਿੱਚ ਲਗਾਤਾਰ ਵਧ ਰਹੀ ਮਹਿੰਗਾਈ ਦਾ ਲੋਕਾਂ ਦੇ ਜੀਵਨ ਉੱਪਰ ਪੈ ਰਿਹਾ ਅਸਰ ਹੁਣ ਕੋਈ ਲੁਕੀ ਛਿਪੀ ਗੱਲ ਨਹੀਂ ਇਸ ਸਬੰਧੀ ਆਏ ਦਿਨ ਰਿਪੋਰਟਾਂ ਅਤੇ ਸਰਵੇਖਣ ਨਸ਼ਰ ਹੁੰਦੇ ਰਹਿੰਦੇ ਹਨ ਕਿ ਕਿਸ ਤਰ੍ਹਾਂ ਲੋਕਾਂ ਨੂੰ ਇਸ ਮਹਿੰਗਾਈ ਨਾਲ ਨਜਿੱਠਣ ਲਈ ਆਪਣੇ ਜ਼ਰੂਰੀ ਖਰਚਿਆਂ ਵਿੱਚ ਵੱਡੀ ਕਟੌਤੀ ਕਰਨੀ ਪੈ ਰਹੀ ਹੈ ਹੁਣ ਇਕ ਤਾਜ਼ਾ ਸਰਵੇਖਣ ਸਾਹਮਣੇ ਆਇਆ ਹੈ ਜਿਸ ਵਿਚ ਖਾਣ ਪੀਣ ਦੀਆਂ ਵਸਤਾਂ ਦੀਆਂ ਵਧੀਆਂ ਹੋਈਆਂ ਕੀਮਤਾਂ ਕਾਰਨ ਲਗਪਗ ਵੀਹ ਫ਼ੀਸਦੀ ਕੈਨੇਡਾ ਵਾਸੀਆਂ ਵੱਲੋਂ ਆਪਣਾ ਕਈ ਵਕਤ ਦਾ ਭੋਜਨ ਛੱਡਿਆ ਜਾ ਰਿਹਾ ਹੈ ਤਾਂ ਕਿ ਉਹ ਖ਼ਰਚਿਆਂ ਨੂੰ ਨਿਯੰਤਰਣ ਕਰ ਸਕਣ













# ਭਾਰਤ-ਪਾਕਿ ਸਰਕਾਰਾਂ ਗੁਰਧਾਮਾਂ ਦੇ ਦਰਸ਼ਨਾਂ ਲਈ ਸਿੱਖਾਂ ਨੂੰ ਮੌਕੇ 'ਤੇ ਵੀਜ਼ੇ ਦੇਣ ਦਾ ਪ੍ਰਬੰਧ ਕਰਨ: ਜਥੇ. ਗਿ. ਹਰਪ੍ਰੀਤ ਸਿੰਘ



ਅੰਮ੍ਰਿਤਸਰ (ਪੰਜਾਬੀ ਅਖਬਾਰ ਬਿਊਰੋ)- 100 ਸਾਲ ਪਹਿਲਾਂ ਵਾਪਰੇ ਸ਼ਹੀਦੀ ਸਾਕਾ ਸ੍ਰੀ ਪੰਜਾ ਸਾਹਿਬ ਦੀ ਸ਼ਤਾਬਦੀ ਦਾ ਮੁੱਖ ਸਮਾਗਮ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਵਿਖੇ ਹੋਇਆ, ਜਿਸ ਵਿਚ ਸਿੱਖ ਪੰਥ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਾਂਝੇ ਤੌਰ 'ਤੇ ਕੀਤੇ ਗਏ ਇਸ ਸ਼ਤਾਬਦੀ ਸਮਾਗਮ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਪਣੇ ਸੰਬੋਧਨ ਵਿਚ ਆਖਿਆ ਕਿ ਸਾਕਾ ਸ੍ਰੀ ਪੰਜਾ ਸਾਹਿਬ ਦੇ ਸ਼ਹੀਦ ਕੌਮੀ ਅਕੀਦਿਆਂ ਨੂੰ ਪ੍ਰਣਾਏ ਹੋਏ ਸਨ, ਜਿਨ੍ਹਾਂ ਨੇ ਸਿੱਖ ਸੰਸਥਾਵਾਂ ਦੀ ਮਜ਼ਬੂਤੀ ਲਈ ਆਪਣੀਆਂ ਸ਼ਹਾਦਤਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਦੇਸ਼ ਵੰਡ ਮਗਰੋਂ ਸ੍ਰੀ ਪੰਜਾ ਸਾਹਿਬ ਸਮੇਤ ਬਹੁਤ ਸਾਰੇ ਗੁਰਧਾਮ ਪਾਕਿਸਤਾਨ ਵਿਚ ਰਹਿ ਗਏ, ਜਿਨ੍ਹਾਂ ਪ੍ਰਤੀ ਸਿੱਖ ਕੌਮ ਅੰਦਰ ਗਹਿਰਾ ਸਤਿਕਾਰ ਅਤੇ ਸ਼ਰਧਾ ਹੈ। ਇਨ੍ਹਾਂ ਵਿਛੜੇ ਗੁਰਧਾਮਾਂ ਦੇ ਦਰਸ਼ਨਾਂ ਲਈ ਸਿੱਖਾਂ ਨੂੰ ਖੁੱਲ੍ਹ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਦੋਹਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਗੁਰਧਾਮਾਂ ਦੇ ਦਰਸ਼ਨਾਂ ਲਈ ਸਿੱਖਾਂ ਨੂੰ ਮੌਕੇ 'ਤੇ ਵੀਜ਼ੇ ਦੇਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ, ਤਾਂ ਜੋ ਸ਼ਰਧਾਲੂ ਬਿਨਾਂ ਕਿਸੇ ਪ੍ਰੇਸ਼ਾਨੀ ਦੇ ਆਪਣੇ ਗੁਰਧਾਮਾਂ 'ਤੇ ਆ ਕੇ ਨਤਮਸਤਕ ਹੋ ਸਕਣ। ਉਨ੍ਹਾਂ ਕਿਹਾ ਕਿ ਸਿੱਖ ਦੋਹਾਂ ਦੇਸ਼ਾਂ ਦੇ ਸੁਖਾਵੇਂ ਸਬੰਧ ਲੋਚਦੇ ਹਨ, ਕਿਉਂਕਿ ਜਦੋਂ ਵੀ ਦੇਸ਼ਾਂ ਦੇ ਸਬੰਧਾਂ 'ਚ ਕੁੜੱਤਣ ਆਉਂਦੀ ਹੈ ਤਾਂ ਸਭ ਤੋਂ ਪਹਿਲਾਂ ਸਿੱਖ ਜਥਿਆਂ ਦੇ ਆਉਣ-ਜਾਣ 'ਤੇ ਪ੍ਰਭਾਵ ਪੈਂਦਾ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਜਥਿਆਂ ਰਾਹੀਂ ਪਾਕਿਸਤਾਨ ਆਉਣ ਵਾਲੇ ਸ਼ਰਧਾਲੂਆਂ ਲਈ ਚਲਦੀ ਰੇਲ ਸੇਵਾ ਦਾ ਵੀ ਬੀਤੇ ਸਮੇਂ ਤੋਂ ਬੰਦ ਹੋਣਾ ਠੀਕ ਨਹੀਂ ਹੈ। ਕਿਉਂਕਿ ਕਾਫਿਈਤੀ ਰੇਲ ਸੇਵਾ ਦੇ ਬੰਦ ਹੋਣ ਨਾਲ ਆਮ ਸ਼ਰਧਾਲੂਆਂ 'ਤੇ ਆਰਥਿਕ ਬੋਝ ਬਣਿਆ ਹੋਇਆ ਹੈ। ਉਨ੍ਹਾਂ ਦੋਹਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਕਿਹਾ ਕਿ ਇਸ ਪਾਸੇ ਧਿਆਨ ਦਿੱਤਾ ਜਾਵੇ ਅਤੇ ਅਰਸੇ ਤੋਂ ਚਲਦੀ ਰੇਲ ਸੇਵਾ ਮੁੜ ਬਹਾਲ ਕੀਤੀ ਜਾਵੇ। ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਆਪਣੇ ਸੰਬੋਧਨ ਦੌਰਾਨ ਬੰਦੀ ਸਿੰਘਾਂ ਦੀ ਰਿਹਾਈ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਸਿੱਖ ਸੰਸਥਾਵਾਂ ਨੂੰ ਮਜ਼ਬੂਤ ਕਰਨ ਲਈ ਸਰਕਾਰਾਂ ਅਤੇ ਸੰਗਤ ਨੂੰ ਖਾਸ ਧਿਆਨ ਦੇਣ ਲਈ ਵੀ ਆਖਿਆ। ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸਾਕਾ ਸ੍ਰੀ ਪੰਜਾ ਸਾਹਿਬ ਦੇ ਸ਼ਹੀਦਾਂ ਦੀ ਸ਼ਤਾਬਦੀ ਮੌਕੇ ਸਿੱਖ ਸੰਗਤਾਂ ਨੂੰ ਸ਼ਹੀਦਾਂ ਦੇ ਜੀਵਨ ਤੋਂ ਪ੍ਰੇਰਣਾ ਲੈਣ ਦੀ ਅਪੀਲ ਵੀ ਕੀਤੀ।

ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਾਕਾ ਸ੍ਰੀ ਪੰਜਾ ਸਾਹਿਬ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਸਿੱਖ ਕੌਮ ਦਾ ਇਹ ਸੰਘਰਸ਼ਮਈ ਇਤਿਹਾਸ ਅਮੁੱਲਾ ਹੈ, ਜਿਸ ਨੂੰ ਸੰਗਤਾਂ ਯੁੱਗਾਂ ਤੱਕ ਯਾਦ ਰੱਖਣਗੀਆਂ। ਉਨ੍ਹਾਂ ਕਿਹਾ ਕਿ ਸ਼ਹੀਦ ਕੌਮ ਦਾ ਸਰਮਾਇਆ ਹਨ ਅਤੇ ਇਤਿਹਾਸ ਕੌਮ ਲਈ ਪ੍ਰੇਰਣਾ ਸਰੋਤ ਹੁੰਦਾ ਹੈ। ਸਾਕਾ ਸ੍ਰੀ ਪੰਜਾ ਸਾਹਿਬ ਸਿੱਖੀ ਜਜਬੇ ਦੀ ਅਹਿਮ ਮਿਸਾਲ ਹੈ, ਜਿਸ ਨੇ ਆਪਣਾ ਪ੍ਰਭਾਵ ਹਮੇਸ਼ਾ ਬਣਾਈ ਰੱਖਣਾ ਹੈ। ਉਨ੍ਹਾਂ ਕਿਹਾ ਕਿ ਸ਼ਹੀਦ ਭਾਈ ਕਰਮ ਸਿੰਘ ਤੇ ਸ਼ਹੀਦ ਭਾਈ ਪ੍ਰਤਾਪ ਸਿੰਘ ਸਮੇਤ ਸਿੱਖ ਸ਼ਹੀਦਾਂ ਦੀਆਂ 100 ਸਾਲ ਪਹਿਲਾਂ ਪਾਈਆਂ ਪੈੜਾਂ ਕੌਮ ਦੀ ਤਰਜ਼ਮਾਨੀ ਕਰਦੀਆਂ ਰਹਿਣਗੀਆਂ। ਇਸ ਮੌਕੇ ਉਨ੍ਹਾਂ ਕਿਹਾ ਕਿ ਸਿੱਖਾਂ ਦੇ ਪਾਕਿਸਤਾਨ 'ਚ ਰਹਿ ਗਏ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨ ਦਿਦਾਰਿਆਂ ਲਈ ਸਰਕਾਰਾਂ ਨੂੰ ਫਰਾਖਦਿਲੀ ਵਖਾਉਣੀ ਚਾਹੀਦੀ ਹੈ। ਉਨ੍ਹਾਂ ਹਾਜ਼ਰ ਓਕਾਫ ਬੋਰਡ ਦੇ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਉਹ ਸ਼ਰਧਾਲੂਆਂ ਨੂੰ ਵੀਜ਼ਿਆਂ ਸਮੇਂ ਆਉਂਦੀ ਸਮੱਸਿਆ ਵੱਲ ਵਿਸ਼ੇਸ਼ ਧਿਆਨ ਦੇਣ।

# ਸਿੱਧੂ ਮੂਸੇਵਾਲਾ ਦੇ ਪਿਤਾ ਵੱਲੋਂ 25 ਨਵੰਬਰ ਨੂੰ ਦੇਸ਼ ਛੱਡਣ ਦਾ ਐਲਾਨ

ਮਾਨਸਾ ( ਪੰਜਾਬੀ ਅਖਬਾਰ ਬਿਊਰੋ):ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਅੱਜ ਵੱਡਾ ਬਿਆਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮੈਂ ਤੇ ਮੇਰਾ ਪਰਿਵਾਰ 25 ਨਵੰਬਰ ਨੂੰ ਦੇਸ਼ ਛੱਡ ਦੇਵੇਗਾ। ਉਨ੍ਹਾਂ ਕਿਹਾ ਕਿ ਮੇਰੇ ਪੁੱਤ ਸਿੱਧੂ ਮੂਸੇਵਾਲਾ ਦੀ ਮੌਤ ਨੂੰ 5 ਮਹੀਨੇ ਹੋ ਗਏ ਹਨ ਪਰ ਅਜੇ ਤਕ ਇਨਸਾਫ ਨਹੀਂ ਮਿਲਿਆ। ਸਿੱਧੂ ਦੇ ਪਿਤਾ ਨੇ ਕਿਹਾ ਕਿ ਮੈਂ ਉਸ ਦੀ ਮੌਤ ਤੋਂ ਬਾਅਦ ਇਨਸਾਫ ਲਈ ਕੋਈ ਧਰਨਾ ਨਹੀਂ ਲਾਇਆ। ਮੈਂ ਸਰਕਾਰ ਦਾ ਖਹਿੜਾ ਛੱਡ ਦਿਆਂਗਾ। ਮੈਂ ਆਪਣੀ ਐਫਆਈਆਰ ਵੀ ਵਾਪਸ ਲੈ ਲਵਾਂਗਾ। ਮੇਰਾ ਪੁੱਤ ਮਰ ਗਿਆ ਗੋਲੀਆਂ ਨਾਲ ਤੇ ਉਸੇ ਰਾਹ 'ਤੇ ਮੈਂ ਜਾਣਾ ਚਾਹਵਾਂਗਾ। ਮੈਂ ਬਹੁਤ ਸ਼ੌਂਕ ਨਾਲ ਆਪਣੇ ਪੁੱਤ ਨੂੰ ਪਾਲਿਆ ਸੀ। ਮੈਂ ਵੀ ਦੇਖਣਾ ਚਾਹੁੰਦਾ ਹਾਂ ਕਿ ਜਦੋਂ ਉਸ ਦੇ ਗੋਲੀਆਂ ਵੱਜੀਆਂ ਸੀ ਤਾਂ ਕਿੰਨੀ ਕੁ ਤਕਲੀਫ ਹੋਈ ਸੀ। ਮੈਂ ਪਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਜਿਸ ਰਸਤੇ ਮੇਰਾ ਪੁੱਤ ਗਿਆ ਹੈ, ਮੈਂ ਉਸੇ ਰਸਤੇ 'ਤੇ ਜਾਵਾਂ। ਰੋਂਦੇ ਹੋਏ ਸਿੱਧੂ ਦੇ ਪਿਤਾ ਨੇ ਇਹ ਗੱਲ ਕਹੀ। ਮੈਂ ਜਸਟਿਸ ਲੈਣ ਤੋਂ ਪਿੱਛੇ ਨਹੀਂ ਹਟਾਂਗਾ। ਉਨ੍ਹਾਂ ਕਿਹਾ ਕਿ ਮੇਰਾ ਪੁੱਤ ਸੈਲੇਬ੍ਰਿਟੀ ਸੀ। ਉਸ ਨੇ ਦੋ ਕਰੋੜ ਰੁਪਏ ਟੈਕਸ ਭਰਿਆ ਸੀ। ਨੌਜਵਾਨਾਂ ਨੂੰ ਖੇਤੀ ਨਾਲ ਜੁੜਨ ਲਈ ਕਹਿੰਦਾ ਸੀ। ਸਿੱਧੂ ਕਹਿੰਦਾ ਸੀ ਜੇ ਆਪਾਂ ਮਿਹਨਤ ਕਰੀਏ ਤਾਂ ਕੀ ਨਹੀਂ ਹੋ ਸਕਦਾ। ਅਮਰੀਕਾ ਕੈਨੇਡਾ ਨੂੰ ਛੱਡ ਕੇ ਮੇਰੇ ਪੁੱਤ ਨੇ ਆਪਣੇ ਇਲਾਕੇ ਨੂੰ ਚੁਣਿਆ ਪਰ ਬਦਲੇ ਵਿੱਚ ਗੈਂਗਸਟਰਾਂ ਨੇ ਜਾਲ ਬੁਣਨੇ ਸ਼ੁਰੂ ਕਰ ਦਿੱਤੇ। ਸਰਕਾਰ ਕੀ ਕਰ ਰਹੀ ਹੈ। ਐਨਆਈਏ ਸੰਮਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਿੱਧੂ ਨਾਲ ਜੋ ਗਾਣੇ ਗਾ ਰਿਹਾ ਸੀ, ਉਨ੍ਹਾਂ ਨੂੰ ਐਨਆਈਏ ਸੰਮਨ ਕਰ ਰਹੀ ਹੈ। ਸਿੱਧੂ ਦੀ ਗੱਡੀ ਤੇ ਫੋਨ ਤੇ ਪਿਸਤੌਲ ਵੀ ਮੈਂ ਤਾਂ ਪੁਲਿਸ ਨੂੰ ਦੇ ਦਿੱਤੇ। ਅਮਰੀਕਾ ਤੋਂ ਫੋਨ ਸਿੱਧੂ ਦਾ ਖੁੱਲਵਾ ਕੇ ਸਰਕਾਰ ਨੂੰ ਦੇ ਦਿੱਤਾ ਹੈ। ਜੇ ਸਰਕਾਰ ਚਾਹੁੰਦੀ ਹੈ ਕਿ ਸਿੱਧੂ ਦੀ ਮੌਤ ਨੂੰ ਗੈਂਗਵਾਰ ਦਾ ਨਤੀਜਾ ਬਣਾ ਕੇ ਮਗਰੋਂ ਲਾਹ ਦਿਓਗੇ ਤਾਂ ਇਹ ਭੁਲੇਖਾ ਆਪਣੇ ਦਿਲੋਂ ਕੱਢ ਦਿਓ। ਉਨ੍ਹਾਂ ਕਿਹਾ ਕਿ ਲਾਰੈਂਸ ਦੀ ਬੀ ਟੀਮ ਚੰਡੀਗੜ੍ਹ ਬੈਠੀ ਹੈ। ਪੁਲਿਸ ਨੇ ਕਿਸੇ ਨੂੰ ਸੰਮਨ ਨਹੀਂ ਕੀਤਾ। ਮੇਰੇ ਪੁੱਤ ਨੂੰ ਸੋਚੀ-ਸਮਝੀ ਸਾਜਿਸ਼ ਅਧੀਨ ਮਰਵਾਇਆ ਗਿਆ ਹੈ। ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਖੇਤੀ ਕਰਕੇ ਆਪਣੇ ਪੁੱਤ ਦੀ ਫੀਸ ਭਰਦਾ ਰਿਹਾ ਹਾਂ। ਅਸੀਂ ਬਾਬਾ ਨਾਨਕ ਦੇ ਰਸਤੇ ਉੱਪਰ ਚੱਲ ਕੇ ਆਪਣੇ ਪੁੱਤ ਨੂੰ ਪਾਲਿਆ ਹੈ।


ਦਾਖਲਾ ਸ਼ੁਰੂ ਹੈ
ਖੁਦ ਕੰਮ ਸਿੱਖਕੇ ਆਪਣੇ ਘਰ ਬੈਠਿਆਂ ਆਪਣਾ ਬਿਜਨਿਸ ਚਲਾਓ
INDIVIDUAL COURSES
• Eyelash Extensions • Eye brow/Eyelash Tinting • Eyelash Lift up • Waxing • Facials • Threading
• Makeup • Hair styling • Manicure/Pedicure • Microdermabration • Artificial Nails
DIPLOMA PROGRAMS
• Esthetics Diploma • Makeup Artistry Diploma • Nail Technician Diploma • Clinical Esthetics
We Provide Laser Hair Removal Treatments
GD COLLEGE CALGARY
ਸਟੂਡੈਂਟਸ ਲੋਨ ਵੀ ਮਿਲਦਾ ਹੈ
ਆਮ ਜ਼ਿੰਦਗੀ ਨੂੰ ਕਲਾ ਵਿੱਚ ਬਦਲੋ
Contact Us: 587-349-1110
www.gdcollege.ca | E-mail: info@gdcollege.ca
108-1935 27th Ave NE, Calgary, AB, T2E 4E7



ਤੁਹਾਡੀ ਤਸੱਲੀ ਦੀ ਸਾਡੀ ਗਾਰੰਟੀ ਐ
ਸਾਥੋਂ ਖਰੀਦੇ ਘਰ ਦਾ ਇੱਕ ਸਾਲ ਦੇ ਅੰਦਰ ਕੋਈ ਵੀ ਅਪਲਾਈਂਸ ਜਾਂ ਹੀਟ ਸਿਸਟਮ ਖਰਾਬ ਹੋ ਜਾਵੇ ਅਸੀਂ ਰਿਪੇਅਰ ਕਰਕੇ ਦੇਵਾਂਗੇ।*
ਜੇਕਰ ਤੁਹਾਡਾ ਘਰ 88 ਦਿਨ ਵਿੱਚ ਨਾ ਵਿਕਿਆ ਤਾਂ ਅਸੀਂ ਉਸ ਤੋਂ ਬਾਦ ਬਿਨਾ ਕਿਸੇ ਫੀਸ ਦੇ ਵੇਚਾਂਗੇ **
COLDWELL BANKER MOUNTAIN CENTRAL
ANDY BHALLA
Real Estate Agent
Residential, Commercial, Property Management and Rural
18 Months Satisfaction Guarantee with Every Purchase
Your Home Sold Guaranteed in 88 days or I will sell it for Free !!**
Satisfaction Guaranteed- One year warranty on any home purchase with us
andybhalla@coldwellbanker.ca
www.homelistingscalgary.com
6420 6A ST SE Calgary AB T2H2B7
403-899-7171



STANCE PHYSIO
CHIRO & MASSAGE
Psychological/Mental Health Counselling Available
ਫਿਜੀਓਥਰੈਪੀ ਦੀਆਂ ਬੇਹਤਰੀਨ ਸੇਵਾਵਾਂ ਲਈ ਯਾਦ ਰੱਖੋ
ਸਾਇਕੋਲੋਜੀਕਲ / ਮੈਂਟਲ ਹੈਲਥ ਕੌਂਸਲਿੰਗ ਵੀ ਕੀਤੀ ਜਾਂਦੀ ਹੈ
• Massage Therapy, Acupuncture/Dry Needling
• Manual Therapy Exercise Prescription
• Pain management post injury, arthritis, sprain/strain etc.
• Post MVA (Motor Vehicle Accident) recovery I WCB 1 PVT Insurance.
• Postural Correction & management.
• Neuro Muscular dysfunction • Post Stroke Rehabilitation
• Pelvic Floor dysfunction • Temporomandibular Joint (TMJ)
ਅਸੀਂ ਪੰਜਾਬੀ, ਹਿੰਦੀ,ਉਰਦੂ ਅਤੇ ਅੰਗਰੇਜ਼ੀ ਬੋਲਦੇ ਹਾਂ
www.stancephysio.com
Ph: +1(825)513-0151 Address: 470, 10980 38St NE AB Calgary



Sidhu Accounting & Financial Services
Accounting Services
Personal Tax Returns
• Corporate Tax Returns
• Computerized Bookkeeping
• T4's
• Record of Employment
Financial Services
• RRSP
• Life Insurance
Term Life
Universal Life
• Critical Illness Insurance
• Segregated Funds
IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਊਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5



NE NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact: DEEP
4205-17 Ave SE Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038



P PEEL FINANCIAL
LEASING & FINANCE
Experts in Commercial & Industrial Finance Heavy Equipment Tranportation
ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੇਲਰ, ਟਰੱਕ ਦੇ ਮਾਲਕ
Jatinder Gill
Jay@peelfinancial.ca
306 880 3869 (Winnipeg)
ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
Davinder Gill
Lease Account Manager
dave@peelfinancial.ca
306 490 2205



ਪੁਰਾਣੀ ਕਾਰ ਘਰੋਂ ਚੁੱਕਵਾਓ-ਵਧੀਆ ਡਾਲਰ ਜੇਬ ਵਿੱਚ ਪਾਓ
ਡਾਲੇ ਵਾਲੇ ਗਿੱਲ ਭਰਾਵਾਂ ਦੀਆਂ ਸੇਵਾਵਾਂ ਤੁਹਾਡੀ ਸੇਵਾ ਵਿੱਚ
BLACK DIAMOND
Auto Parts & Recycling
We sell quality used Auto Parts for Cars, Trucks and Vans
We Buy Scrap Cars
#2, 168 Street W
Black Diamond, AB
www.RetireMyCar.com
Ph: 403-561-0126
Ph: 403-999-0127
ਇੰਜਣ, ਟਰਾਂਸਮਿਸ਼ਨ, ਟਾਇਰ ਗੱਲ ਕੀ ਹਰ ਕਿਸਮ ਦੀਆਂ ਗੱਡੀਆ ਦੇ ਹਰ ਕਿਸਮ ਦੇ ਸਪੇਅਰ ਪਾਰਟਸ ਅਤੇ ਨਵੀਂ ਨਕੋਰ ਲੁੱਕ ਵਾਲੀਆ ਪੁਰਾਣੀਆਂ ਕਾਰਾਂ ਤੁਹਾਡੇ ਬੱਜਟ ਅਨੁਸਾਰ ਲਵੋ।
ਰਾਜ ਗਿੱਲ ਨੂੰ ਫੋਨ ਘੁੰਮਾਓ - ਝੱਟ ਕਾਰ ਦੇ ਮਾਲਕ ਬਣ ਜਾਓ



SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141



INDIA PALACE
Restaurant & Sweets
ਤੁਹਾਡੇ ਏਰੀਏ ਵਿੱਚ ਈਸਟ ਇੰਡੀਅਨ ਰੈਸਟੋਰੈਂਟ ਜਿੱਥੇ ਤੁਸੀਂ ਸਵਾਦੀ ਖਾਣੇ ਤਾਜੇ ਸਮੋਸੇ, ਗੋਲਗੱਪੇ, ਚਾਟ ਬਗੈਰਾ ਅਤੇ ਤਾਜ਼ੀਆਂ ਮਠਿਆਈਆਂ ਦੇ ਨਾਲ-ਨਾਲ ਮਸਾਲਾ-ਡੋਸਾ ਅਤੇ ਇਡਲੀ ਸਾਂਬਰ ਆਦਿ ਦਾ ਅਨੰਦ ਮਾਣ ਸਕਦੇ ਹੋ।
ਮੱਕੀ ਦੀ ਰੋਟੀ ਸਰੋਂ ਦਾ ਸਾਗ
We do Catering for all Occasions Call us for Advance Booking!
Lunch Special : 7 Days A Week
10% OFF for Catering only
Now We Open 7 Days a week
Ph : 403-285-3097
Cell : 403-870-3227
Bay #10, 5700, Falsbridge Dr. N.E Calgary, T3J 3H4

# ਸੰਪਾਦਕੀ



ਕਿਸੇ ਨੂੰ ਜਵਾਬਦੇਹ ਨਾ ਹੋਣ ਵਾਲੇ ਲੋਕਾਂ ਉੱਤੇ ਵਿਸ਼ਵਾਸ ਨਹੀਂ ਕੀਤਾ ਜਾਣਾ ਚਾਹੀਦਾ।

-ਥਾਮਸ ਪੇਨ

## ਅਣਕਿਆਸੇ ਹਾਦਸਿਆਂ ਵਿੱਚ ਅਜਾਈਂ ਜਾਂਦੀਆਂ ਜਾਨਾਂ

ਗੁਜਰਾਤ ਦੇ ਮੋਰਬੀ 'ਚ ਝੂਲਦੇ ਪੁਲ ਦੇ ਡਿੱਗਣ ਕਾਰਨ 150 ਦੇ ਕਰੀਬ ਲੋਕਾਂ ਦੀ ਮੌਤ ਹੋ ਜਾਣ ਨਾਲ ਕੁਦਰਤੀ ਤੌਰ 'ਤੇ ਸਿਸਟਮ 'ਤੇ ਉਂਗਲਾਂ ਉੱਠਣੀਆਂ ਸ਼ੁਰੂ ਹੋ ਗਈਆਂ ਹਨ। ਕਰੀਬ ਡੇਢ ਸੌ ਸਾਲ ਪਹਿਲਾਂ ਬਣਿਆ ਇਹ ਪੁਲ ਚਾਰ ਦਿਨ ਪਹਿਲਾਂ ਹੀ ਮੁਰੰਮਤ ਤੋਂ ਬਾਅਦ ਖੋਲ੍ਹਿਆ ਗਿਆ ਸੀ। ਦੱਸਿਆ ਜਾਂਦਾ ਹੈ ਕਿ ਦੀਵਾਲੀ ਤੋਂ ਬਾਅਦ ਛੁੱਟੀ ਹੋਣ ਕਾਰਨ ਅਤੇ ਐਤਵਾਰ ਹੋਣ ਕਾਰਨ ਉਸ ਪੁਲ 'ਤੇ ਭਾਰੀ ਭੀੜ ਇਕੱਠੀ ਹੋ ਗਈ ਅਤੇ ਭਾਰ ਨਾ ਝੱਲਣ ਕਾਰਨ ਪੁਲ ਦੀਆਂ ਰੱਸੀਆਂ ਟੁੱਟ ਗਈਆਂ। ਲੋਕ ਇਸ ਪੁਲ 'ਤੇ ਸਿਰਫ ਸੈਰ ਕਰਨ ਲਈ ਹੀ ਜਾਂਦੇ ਹਨ। ਇਸਦੇ ਲਈ ਇੱਕ ਟਿਕਟ ਵੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਪੁਲ ਦੀ ਸਮਰੱਥਾ 150 ਦੇ ਕਰੀਬ ਲੋਕਾਂ ਦੇ ਭਾਰ ਨੂੰ ਝੱਲਣ ਦੀ ਹੈ, ਜਦਕਿ 500 ਤੋਂ ਵੱਧ ਲੋਕ ਇਸ 'ਤੇ ਪਹੁੰਚ ਗਏ ਸਨ, ਜਿਸ ਕਾਰਨ ਪੁਲ ਟੁੱਟ ਗਿਆ। ਪੁਲ ਪੁਰਾਣਾ ਹੋ ਗਿਆ ਸੀ, ਇਸ ਲਈ ਛੇ-ਸੱਤ ਮਹੀਨੇ ਬੰਦ ਰੱਖਿਆ ਗਿਆ ਸੀ। ਇਸ ਦੀ ਮੁਰੰਮਤ ਅਤੇ ਰੱਖ-ਰਖਾਅ ਦੀ ਜ਼ਿੰਮੇਵਾਰੀ ਇੱਕ ਨਿੱਜੀ ਕੰਪਨੀ ਨੂੰ ਸੌਂਪੀ ਗਈ ਸੀ। ਇਸ ਲਈ ਸਬੰਧਤ ਕੰਪਨੀ 'ਤੇ ਹੋਰ ਸਵਾਲ ਖੜ੍ਹੇ ਹੋ ਰਹੇ ਹਨ। ਸੱਤ ਮਹੀਨੇ ਪਹਿਲਾਂ ਵੀ ਲੋਕ ਉਸ ਪੁਲ 'ਤੇ ਸੈਰ ਕਰਨ ਲਈ ਜਾਂਦੇ ਸਨ ਪਰ ਅਜਿਹਾ ਹਾਦਸਾ ਨਹੀਂ ਵਾਪਰਿਆ। ਅਜਿਹਾ ਕੀ ਹੋਇਆ ਕਿ ਮੁਰੰਮਤ ਤੋਂ ਬਾਅਦ ਪੁਲ ਟੁੱਟ ਗਿਆ! ਸਵਾਲ ਇਹ ਹੈ ਕਿ ਪੁਲ ਦੀ ਸਾਂਭ-ਸੰਭਾਲ ਲਈ ਤਾਇਨਾਤ ਸਟਾਫ਼ ਨੂੰ ਇਸ ਗੱਲ ਦਾ ਕੋਈ ਅੰਦਾਜ਼ਾ ਨਹੀਂ ਸੀ ਕਿ ਪੁਲ 'ਤੇ ਇੱਕ ਸਮੇਂ ਕਿੰਨੇ ਲੋਕਾਂ ਨੂੰ ਭੇਜਿਆ ਜਾਵੇ। ਅਜਿਹਾ ਵੀ ਨਹੀਂ ਹੈ ਕਿ ਲੋਕ ਇੱਕ ਵਾਰ ਟਿਕਟ ਲੈ ਕੇ ਜਦੋਂ ਤੱਕ ਚਾਹੁਣ ਪੁਲ 'ਤੇ ਘੁੰਮਦੇ ਰਹਿਣ। ਉਨ੍ਹਾਂ ਨੂੰ ਵੱਧ ਤੋਂ ਵੱਧ ਅੱਧੇ ਘੰਟੇ ਦਾ ਸਮਾਂ ਦਿੱਤਾ ਜਾਂਦਾ ਹੈ। ਜੇਕਰ ਪੁਲ 'ਤੇ ਇੱਕ ਥਾਂ 'ਤੇ ਜ਼ਿਆਦਾ ਲੋਕ ਇਕੱਠੇ ਹੋ ਗਏ ਜਾਂ ਪੁਲ ਨਾਲ ਛੇੜਛਾੜ ਕਰਦੇ ਦੇਖੇ ਗਏ ਤਾਂ ਉਨ੍ਹਾਂ ਨੂੰ ਰੋਕ ਕੇ ਉਤਾਰਿਆ ਕਿਉਂ ਨਹੀਂ ਗਿਆ? ਇੰਨੇ ਲੋਕਾਂ ਨੂੰ ਇੱਕੋ ਸਮੇਂ ਪੁਲ 'ਤੇ ਕਿਉਂ ਭੇਜਿਆ ਗਿਆ? ਫਿਲਹਾਲ ਇਨ੍ਹਾਂ ਸਵਾਲਾਂ ਦੇ ਜਵਾਬ ਤਾਂ ਜਾਂਚ ਤੋਂ ਬਾਅਦ ਹੀ ਮਿਲਣਗੇ ਪਰ ਇਸ ਹਾਦਸੇ ਨੇ ਇੱਕ ਵਾਰ ਫਿਰ ਪੁਲ ਬਣਾਉਣ ਵਾਲੀਆਂ ਕੰਪਨੀਆਂ ਦੀ ਤਕਨੀਕੀ ਪੱਖੋਂ ਅਣਗਹਿਲੀ ਅਤੇ ਅਣਗਹਿਲੀ ਦੀ ਸ਼ਨਾਖਤ ਵੀ ਕਰ ਦਿੱਤੀ ਹੈ। ਫਿਰ ਸਵਾਲ ਇਹ ਹੈ ਕਿ ਕੀ ਉਹ ਭਵਿੱਖ ਵਿੱਚ ਇਸ ਤੋਂ ਕੋਈ ਸਬਕ ਲੈ ਸਕੇਗੀ ਜਾਂ ਨਹੀਂ। ਗੁਜਰਾਤ ਦੇ ਹੋਰ ਸ਼ਹਿਰਾਂ ਵਿੱਚ ਵੀ ਅਜਿਹੇ ਪੁਲ ਹਨ, ਜੋ ਸੈਲਾਨੀਆਂ ਨੂੰ ਆਕਰਸ਼ਿਤ ਕਰਨ ਲਈ ਬਣਾਏ ਗਏ ਹਨ, ਕੀ ਉਨ੍ਹਾਂ ਦੀ ਸਾਂਭ-ਸੰਭਾਲ ਅਤੇ ਤਕਨੀਕੀ ਪਹਿਲੂਆਂ ਵੱਲ ਮੁੜ ਧਿਆਨ ਦਿੱਤਾ ਜਾਵੇਗਾ? ਹਰ ਸਾਲ ਬਰਸਾਤ ਦੇ ਮੌਸਮ ਦੌਰਾਨ ਦੇਸ਼ ਦੇ ਵੱਖ-ਵੱਖ ਸ਼ਹਿਰਾਂ ਵਿੱਚ ਪੁਲ ਰੁੜ੍ਹ ਜਾਣ ਦੀਆਂ ਖ਼ਬਰਾਂ ਆਉਂਦੀਆਂ ਰਹਿੰਦੀਆਂ ਹਨ। ਇਸ ਸਾਲ ਵੀ ਕਈ ਪੁਲ ਹੜ੍ਹਾਂ ਵਿੱਚ ਵਹਿ ਗਏ ਸਨ। ਇਨ੍ਹਾਂ ਵਿੱਚੋਂ ਕੁੱਝ ਦੋ-ਤਿੰਨ ਸਾਲ ਪਹਿਲਾਂ ਹੀ ਵਾਪਰੀਆਂ ਸਨ। ਅਜਿਹੀਆਂ ਘਟਨਾਵਾਂ ਤੋਂ ਬਾਅਦ ਲੋਕ ਸੁਭਾਵਿਕ ਹੀ ਇਹ ਪੁੱਛਦੇ ਨਜ਼ਰ ਆਉਂਦੇ ਹਨ ਕਿ ਕੀ ਕਾਰਨ ਹੈ ਕਿ ਸੌ ਸਾਲ ਤੋਂ ਉੱਪਰ ਬਣੇ ਪੁਲ ਅਜੇ ਵੀ ਬਣੇ ਹੋਏ ਹਨ ਅਤੇ ਨਵੇਂ ਪੁਲ ਦੋ-ਚਾਰ ਸਾਲਾਂ ਵਿੱਚ ਹੀ ਜ਼ਮੀਨਦੋਜ਼ ਹੋ ਜਾਂਦੇ ਹਨ। ਜ਼ਾਹਿਰ ਹੈ ਕਿ ਪੁਲਾਂ ਅਤੇ ਸੜਕਾਂ ਦੇ ਨਿਰਮਾਣ ਵਿੱਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ, ਜਿਸ ਕਾਰਨ ਵੱਧ ਤੋਂ ਵੱਧ ਮੁਨਾਫ਼ਾ ਕਮਾਉਣ ਦੇ ਲਾਲਚ ਵਿੱਚ ਇਨ੍ਹਾਂ ਵਿੱਚ ਵਰਤੇ ਜਾਣ ਵਾਲੇ ਮਟੀਰੀਅਲ ਦੀ ਗੁਣਵੱਤਾ ਦਾ ਧਿਆਨ ਨਹੀਂ ਰੱਖਿਆ ਜਾਂਦਾ ਅਤੇ ਇਨ੍ਹਾਂ ਦੀ ਲੋਡ ਸਮਰੱਥਾ ਆਦਿ ਦਾ ਸਹੀ ਮੁਲਾਂਕਣ ਨਹੀਂ ਕੀਤਾ ਜਾਂਦਾ। ਇਸ ਵਿੱਚ ਸਬੰਧਤ ਸਰਕਾਰਾਂ ਦੇ ਵੱਕਾਰ 'ਤੇ ਉਂਗਲਾਂ ਉਠਾਈਆਂ ਜਾਂਦੀਆਂ ਹਨ। ਅਜਿਹੇ ਪੁਲ ਬਣਾ ਕੇ ਸਰਕਾਰਾਂ ਭਾਵੇਂ ਕੁਝ ਸਮੇਂ ਲਈ ਆਪਣੀਆਂ ਪ੍ਰਾਪਤੀਆਂ ਵਿੱਚ ਸ਼ਾਮਲ ਕਰ ਲੈਂਦੀਆਂ ਹਨ, ਪਰ ਆਖ਼ਰਕਾਰ ਲੋਕਾਂ ਨੂੰ ਆਪਣੀ ਜਾਨ-ਮਾਲ ਦੀ ਕੀਮਤ ਗਵਾ ਕੇ ਚੁਕਾਉਣੀ ਪੈਂਦੀ ਹੈ। ਸਰਕਾਰ ਨੇ ਪੀੜਤ ਪਰਿਵਾਰਾਂ ਲਈ ਥੋੜੇ ਬਹੁਤੇ ਮੁਆਵਜੇ ਦਾ ਐਲਾਨ ਵੀ ਕਰ ਦਿੱਤਾ ਹੈ ਪਰ ਕੀ ਇਹ ਮੁਆਵਜਾ ਪੀੜਤ ਪਰਿਵਾਰਾਂ ਦੇ ਵਿਛੜੇ ਜੀਆਂ ਦੀ ਭਰਪਾਈ ਕਰ ਪਾਏਗਾ, ਕਦੇ ਵੀ ਨਹੀਂ ਪਰ ਗੁਜਰਾਤ ਵਿੱਚ ਵੋਟਾਂ ਦੇ ਦਿਨ ਹੋਣ ਕਾਰਣ ਰਾਜਨੀਤਕ ਪਾਰਟੀਆਂ ਦੇ ਵੋਟ ਬੈਂਕ ਨੂੰ ਹੁਲਾਰਾ ਜਰੂਰ ਮਿਲ ਜਾਵੇਗਾ।

**ਸੁਖਜਿੰਦਰ ਸਮਰਾ**
ਮੋ. 1 780 300 2000

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

– ਸੰਪਾਦਕ

# ਪੰਜਾਬ ਦੇ ਗਵਰਨਰ ਜਾਂ ਮੁੱਖ ਮੰਤਰੀ ਕਾਨੂੰਨ ਪੱਖੋਂ ਕੌਣ ਗਲਤ ?

## ਮਾਮਲਾ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਦੀ ਨਿਯੁਕਤੀ ਦਾ !



**ਡਾ: ਦਲਜੀਤ ਸਿੰਘ**
ਸਾਬਕਾ: ਪ੍ਰੋਫੈਸਰ ਅਤੇ ਮੁੱਖੀ ਕਾਨੂੰਨ ਵਿਭਾਗ,
ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜ਼ਨਲ ਕੈਂਪਸ, ਜਲੰਧਰ
ਅਤੇ ਵਾਇਸ ਚਾਂਸਲਰ, ਰਾਇਤ ਬਾਹਰਾ ਯੂਨੀਵਰਸਿਟੀ, ਮੁਹਾਲੀ

'ਵਿੱਦਿਆ ਵਿਚਾਰੀ ਤਾਂ ਪਰਉਪਕਾਰੀ', ਪਰ ਅੱਜ ਕੱਲ੍ਹ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਦੀ ਨਿਯੁਕਤੀ ਬਾਰੇ ਜੋ ਵਿਵਾਦ ਪੈਦਾ ਹੋਇਆ ਹੈ, ਉਸ ਨਾਲ ਸਿੱਖਿਆ ਖੇਤਰ ਵਿੱਚ ਬਹੁਤ ਮੰਦਭਾਗੀ ਅਤੇ ਨਿਰਾਸ਼ਾਜਨਕ ਸਥਿਤੀ ਬਣੀ ਹੋਈ ਹੈ ਇਸ ਵਿਵਾਦ ਲਈ ਪੰਜਾਬ ਦੇ ਗਵਰਨਰ ਅਤੇ ਮੁੱਖ ਮੰਤਰੀ ਦੋਵੇਂ ਬਰਾਬਰ ਦੇ ਭਾਗੀਦਾਰ ਕਹੇ ਜਾ ਸਕਦੇ ਹਨ ਜਦੋਂ ਅਜਿਹੇ ਮਹੱਤਵਪੂਰਨ ਸੰਵਿਧਾਨਕ ਅਹੁੱਦਿਆਂ ਤੇ ਬਿਰਾਜਮਾਨ ਸ਼ਖਸੀਅਤਾਂ ਦੇ ਨਿਗੂਣੀ ਕਾਨੂੰਨੀ ਜਾਣਕਾਰੀ ਵਾਲੇ ਸਲਾਹਕਾਰ ਹੋਣ ਤਾਂ ਅਜਿਹਾ ਵਰਤਾਰਾ ਵਾਪਰਨਾ ਸੁਭਾਵਿਕ ਹੈ। ਅਸੀਂ ਇੱਥੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ ਦੇ ਵਾਇਸ ਚਾਂਸਲਰ ਦੀ ਨਿਯੁਕਤੀ ਬਾਰੇ ਕਾਨੂੰਨੀ ਪੱਖ ਤੋਂ ਗਵਰਨਰ ਜਾਂ ਮੁੱਖ ਮੰਤਰੀ ਦੇ ਸਹੀ ਜਾਂ ਗਲਤ ਹੋਣ ਦੀ ਪੜਚੋਲ ਕਰਾਂਗੇ। ਅਸਲ ਵਿੱਚ ਇਸ ਵਿਵਾਦ ਦਾ ਮੁੱਖ ਕਾਰਣ, ਭਾਰਤ ਵਿੱਚ ਵੱਖ ਵੱਖ ਕਿਸਮ ਦੀਆਂ ਯੂਨੀਵਰਸਿਟੀਆਂ ਅਤੇ ਉਨ੍ਹਾਂ ਬਾਰੇ ਕਾਨੂੰਨੀ ਪ੍ਰਵਧਾਨਾਂ ਦੀ ਡੂੰਘੀ ਜਾ ਸਹੀ ਜਾਣਕਾਰੀ ਨਾ ਹੋਣਾ ਕਿਹਾ ਜਾ ਸਕਦਾ ਹੈ। ਭਾਰਤ ਵਿੱਚ ਯੂਨੀਵਰਸਿਟੀ ਬਨਾਉਣ ਦੀ ਪ੍ਰਕ੍ਰਿਆ ਤੇ ਅਧਾਰਤ, ਚਾਰ ਕਿਸਮ ਦੀਆਂ ਯੂਨੀਵਰਸਿਟੀਆਂ ਹਨ। ਪਹਿਲੀ 'ਕੇਂਦਰੀ ਯੂਨੀਵਰਸਿਟੀ', ਜੋ ਭਾਰਤ ਦੀ ਸੰਸਦ ਵੱਲੋਂ 'ਐਕਟ' ਪਾਸ ਕਰਕੇ ਬਣਾਈ ਜਾਂਦੀ ਹੈ। ਦੂਜੀ 'ਰਾਜ ਯੂਨੀਵਰਸਿਟੀ', ਜੋ ਕਿਸੇ ਰਾਜ ਦੀ ਵਿਧਾਨ ਸਭਾ ਵੱਲੋਂ 'ਐਕਟ' ਪਾਸ ਕਰਕੇ ਬਣਾਈ ਜਾਂਦੀ ਹੈ। ਤੀਸਰੀ 'ਡੀਮਡ ਜਾਂ ਮੰਨਣਯੋਗ ਯੂਨੀਵਰਸਿਟੀ', ਜੋ ਕੇਂਦਰ ਸਰਕਾਰ ਵੱਲੋਂ ਯੂਨੀਵਰਸਿਟੀ ਗ੍ਰਾਂਟ ਕਮਿਸ਼ਨ ਦੀ ਸਲਾਹ ਜਾਂ ਸਿਫਾਰਸ਼ ਤੇ ਮਾਨਤਾ ਦਿੱਤੀ ਜਾਂਦੀ ਹੈ। ਚੌਥੀ ਕਿਸਮ ਦੀ ਯੂਨੀਵਰਸਿਟੀ ਨੂੰ 'ਪ੍ਰਾਈਵੇਟ ਯੂਨੀਵਰਸਿਟੀ' ਕਿਹਾ ਜਾਂਦਾ ਹੈ, ਜੋ ਬਣਾਈ ਤਾਂ ਰਾਜ ਦੀ ਵਿਧਾਨ ਸਭਾ ਵੱਲੋਂ ਐਕਟ ਪਾਸ ਕਰਕੇ ਜਾਂਦੀ ਹੈ, ਪਰ ਇਹ ਕਿਸੇ ਟਰੱਸਟ, ਕੰਪਨੀ ਜਾਂ ਸੁਸਾਇਟੀ ਵੱਲੋਂ ਬਣਵਾਈ ਜਾਂਦੀ ਹੈ। ਪੰਜਾਬ ਦੇ ਗਵਰਨਰ ਵੱਲੋਂ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਬਾਰੇ ਜੋ ਵਿਚਾਰਕ ਧਾਰਨਾ ਬਣਾਈ ਗਈ ਹੈ, ਉਸ ਦਾ ਮੁੱਢਲਾ ਕਾਰਣ ਇਹ ਹੈ ਕਿ ਉਹ ਇਸ ਯੂਨੀਵਰਸਿਟੀ ਨੂੰ 'ਰਾਜ ਯੂਨੀਵਰਸਿਟੀ' ਵਜੋਂ ਸਮਝ ਰਹੇ ਹਨ। ਇਸ ਦਾ ਸਬੂਤ ਇਹ ਹੈ ਕਿ ਉਨ੍ਹਾਂ ਨੇ ਜੋ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਦੀ ਨਿਯੁਕਤੀ ਬਾਰੇ ਰਾਜ ਭਵਨ ਵਿੱਚ ਪ੍ਰੈਸ ਕਾਨਫਰੰਸ ਕੀਤੀ ਅਤੇ ਜੋ ਪ੍ਰੈਸ ਨੋਟ ਜਾਰੀ ਕੀਤਾ ਗਿਆ, ਉਸ ਵਿੱਚ ਇਸ ਨੂੰ 'ਰਾਜ ਯੂਨੀਵਰਸਿਟੀ' ਵਜੋਂ ਉਭਾਰਿਆ ਗਿਆ, ਜੋ ਕਿ ਬਿਲਕੁਲ ਗਲਤ ਧਾਰਨਾ ਹੈ। ਇਹ ਠੀਕ ਹੈ ਕਿ 1961 ਵਿੱਚ ਜਦੋਂ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਬਣਾਈ ਗਈ ਸੀ, ਤਾਂ ਉਹ 'ਰਾਜ ਯੂਨੀਵਰਸਿਟੀ' ਸੀ, ਕਿਉਂਕਿ ਉਸ ਨੂੰ ਪੰਜਾਬ ਵਿਧਾਨ ਸਭਾ ਦੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਐਕਟ, 1961 (ਐਕਟ ਨੰ: 32, 1961) ਪਾਸ ਕਰਕੇ ਬਣਾਇਆ ਗਿਆ ਸੀ। ਇਥੇ ਇਹ ਜਾਣਨਾ ਬਹੁਤ ਹੀ ਮਹੱਤਵਪੂਰਨ ਹੈ ਕਿ ਜੋ ਅੱਜ ਕੱਲ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਹੈ, ਉਹ 1970 ਵਿੱਚ ਭਾਰਤ ਦੀ ਸੰਸਦ ਵੱਲੋਂ 'ਹਰਿਆਣਾ ਅਤੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਐਕਟ, 1970 (ਐਕਟ ਨੰ: 16, 1970)' ਪਾਸ ਕਰਕੇ ਬਣਾਈ ਗਈ ਹੈ। ਅਸਲੀਅਤ ਇਹ ਹੈ, ਕਿ ਹਰਿਆਣਾ ਬਣਨ ਤੋਂ ਬਾਅਦ, ਪੰਜਾਬ ਅਤੇ ਹਰਿਆਣਾ ਦੀਆਂ ਵਿਧਾਨ ਸਭਾਵਾਂ ਨੇ ਸੰਵਿਧਾਨ ਦੀ ਧਾਰਾ 252 (1) ਅਨੁਸਾਰ ਮਤੇ ਪਾਸ ਕਰਕੇ ਭਾਰਤ ਸਰਕਾਰ ਨੂੰ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੀ ਥਾਂ ਦੋ ਸੁਤੰਤਰ ਯੂਨੀਵਰਸਿਟੀਆਂ ਬਣਾਉਣ ਦੀ ਸਿਫਾਰਸ਼ ਕੀਤੀ ਸੀ, ਜਿਸ ਕਰਕੇ ਭਾਰਤ ਦੀ ਸੰਸਦ ਨੇ 1970 ਵਿੱਚ 'ਹਰਿਆਣਾ ਅਤੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਐਕਟ' ਪਾਸ ਕਰਕੇ, ਹਰਿਆਣਾ ਲਈ 'ਹਰਿਆਣਾ ਐਗਰੀਕਲਚਰ ਯੂਨੀਵਰਸਿਟੀ' ਅਤੇ ਪੰਜਾਬ ਲਈ 'ਪੰਜਾਬ ਐਗਰੀਕਲਚਰ ਯੂਨੀਵਰਸਿਟੀ' ਬਣਾਈ। ਇਥੇ ਇਹ ਵੀ ਜਾਣਨਾ ਜਰੂਰੀ ਹੈ ਕਿ ਇਸ 1970 ਦੇ ਐਕਟ ਦੀ ਧਾਰਾ 3 ਅਧੀਨ ਪਹਿਲਾ ਬਣੀ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਨੂੰ ਭੰਗ ਕਰ ਦਿੱਤਾ ਗਿਆ। ਇਸੇ 1970 ਦੇ ਐਕਟ ਦੀ ਧਾਰਾ 45 (1) ਅਨੁਸਾਰ 'ਪੰਜਾਬ ਐਗਰੀਕਲਚਰ ਯੂਨੀਵਰਸਿਟੀ ਐਕਟ, 1961' ਨੂੰ ਵੀ ਰਿਪੀਲ ਯਾਨੀ ਰੱਦ ਕਰ ਦਿੱਤਾ ਗਿਆ। ਇਨ੍ਹਾਂ ਉਪਰੋਕਤ ਕਾਨੂੰਨੀ ਧਾਰਾਵਾਂ ਘੋਖਣ ਤੋਂ ਸਪੱਸ਼ਟ ਹੈ ਕਿ ਜੋ ਅੱਜ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਹੈ, ਉਹ 'ਰਾਜ ਯੂਨੀਵਰਸਿਟੀ' ਨਹੀਂ ਬਲਕਿ 'ਕੇਂਦਰੀ ਯੂਨੀਵਰਸਿਟੀ' ਹੈ ਅਤੇ ਇਸ ਨੂੰ 'ਰਾਜ ਯੂਨੀਵਰਸਿਟੀ' ਕਹਿਣਾ ਜਾਂ ਸਮਝਣਾ ਕਾਨੂੰਨ ਪੱਖੋਂ ਜਾਇਜ਼ ਨਹੀਂ ਹੈ। ਪੰਜਾਬ ਦੇ ਗਵਰਨਰ ਸਾਹਿਬ ਵੱਲੋਂ ਰਾਜ ਵਿਧਾਨ ਸਭਾ ਜਾਂ ਸਰਕਾਰ ਵੱਲੋਂ ਸਥਾਪਤ ਯੂਨੀਵਰਸਿਟੀਆਂ ਦੇ ਚਾਂਸਲਰ ਦੀਆਂ 'ਸ਼ਕਤੀਆਂ ਅਤੇ ਕਰਤਵਾਂ' ਬਾਰੇ ਜੋ ਕਿਹਾ ਗਿਆ ਹੈ, ਉਹ ਠੀਕ ਹੈ, ਕਿਉਂਕਿ ਪੰਜਾਬ ਵਿੱਚ ਵੱਖ ਵੱਖ ਰਾਜ ਯੂਨੀਵਰਸਿਟੀਆਂ ਦੇ 'ਐਕਟ' ਮੁਤਾਬਿਕ, ਚਾਂਸਲਰ ਦੀਆਂ ਸ਼ਕਤੀਆਂ ਅਤੇ ਕਰਤਵ ਉਹੀ ਹਨ, ਜੋ ਉਹ ਕਹਿ ਰਹੇ ਹਨ। ਪਰ ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਆਪਣੇ ਕੇਂਦਰੀ ਐਕਟ ਨਾਲ ਹੋਂਦ ਵਿੱਚ ਆਈ ਹੋਣ ਕਰਕੇ ਅਤੇ ਇਸ ਦੇ ਆਪਣੇ ਐਕਟ ਅਤੇ ਬਿਧੀ ਵਿਵਸਥਾ () ਦੇ ਕਾਰਣ ਗਵਰਨਰ ਜਾਂ ਚਾਂਸਲਰ ਦੀ ਪੋਜੀਸ਼ਨ ਜਾਂ ਸਥਿਤੀ, ਸ਼ਕਤੀਆਂ ਅਤੇ ਕਰਤਵ ਬਿਲਕੁਲ ਵੱਖਰੇ ਹਨ। ਇਹ ਠੀਕ ਹੈ ਪੰਜਾਬ ਦੇ ਗਵਰਨਰ ਨੂੰ 1970 ਦੇ ਐਕਟ ਦੀ ਧਾਰਾ 12 (1) ਅਧੀਨ ਯੂਨੀਵਰਸਿਟੀ ਦਾ ਚਾਂਸਲਰ ਬਣਾਇਆ ਗਿਆ ਹੈ, ਪਰ ਇਸੇ ਧਾਰਾ 12(2) ਅਨੁਸਾਰ ਚਾਂਸਲਰ ਨੂੰ ਆਪਣੇ ਅਹੁੱਦੇ ਕਰਕੇ 'ਯੂਨੀਵਰਸਿਟੀ ਦਾ 'ਹੈਡ' () ਕਿਹਾ ਗਿਆ ਹੈ ਅਤੇ ਜੇ ਉਹ ਹਾਜਰ ਹਨ ਤਾਂ ਉਹ ਕੰਨਵੋਕੇਸ਼ਨ ਦੀ ਪ੍ਰਧਾਨਗੀ () ਕਰਨਗੇ।' ਇੱਕ ਹੋਰ ਮਹੱਤਵਪੂਰਨ ਤੱਥ ਇਹ ਵੀ ਹੈ, ਕਿ ਇਸੇ ਧਾਰਾ 12(3) ਅਨੁਸਾਰ 'ਚਾਂਸਲਰ ਨੂੰ ਉਹੀ ਸ਼ਕਤੀਆਂ () ਹੋਣਗੀਆਂ ਜੋ ਉਨ੍ਹਾਂ ਨੂੰ, ਇਸ ਐਕਟ ਅਧੀਨ ਨਿਰਧਾਰਤ ਕੀਤੀਆਂ ਹਨ ਜਾਂ ਦਿੱਤੀਆਂ ਜਾ ਸਕਦੀਆਂ ਹਨ', ਕਹਿਣ ਦਾ ਭਾਵ ਉਨ੍ਹਾਂ ਨੂੰ ਐਕਟ ਅਨੁਸਾਰ ਨਿਰਧਾਰਤ ਸ਼ਕਤੀਆਂ ਤੋਂ ਬਿਨ੍ਹਾਂ ਆਪਣੇ ਆਪ ਕੋਈ ਹੋਰ ਸ਼ਕਤੀ () ਨਹੀਂ ਹੋ ਸਕਦੀ। ਜੇ ਅਸੀਂ ਪੰਜਾਬ ਵਿੱਚ ਬਣਾਈਆਂ 'ਰਾਜ ਯੂਨੀਵਰਸਿਟੀਆਂ' ਦੇ ਐਕਟਾਂ, ਉਦਾਹਰਣ ਵਜੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਐਕਟ, 1969 ਜਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਐਕਟ, 1961 ਤੋਂ ਸਪਸ਼ਟ ਹੋ ਜਾਂਦਾ ਹੈ, ਕਿ ਇਨ੍ਹਾਂ ਦੋਵੇਂ ਐਕਟਾਂ ਦੀ ਧਾਰਾ 9 ਵਿੱਚ ਸਿਰਫ ਇਨ੍ਹਾਂ ਲਿਖਿਆ ਹੈ ਕਿ, 'ਪੰਜਾਬ ਦੇ ਗਵਰਨਰ ਯੂਨੀਵਰਸਿਟੀ ਦੇ ਚਾਂਸਲਰ ਹੋਣਗੇ।' ਹਰਿਆਣਾ ਅਤੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਐਕਟ, 1970 ਵਾਂਗ ਉਨ੍ਹਾਂ ਤੇ ਕੋਈ ਨਿਰਧਾਰਤ ਸੀਮਾ ਨਹੀਂ ਲਗਾਈ ਗਈ।

ਜੇ ਹਰਿਆਣਾ ਅਤੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਐਕਟ, 1970 ਨੂੰ ਚੰਗੀ ਤਰ੍ਹਾਂ ਪੜ੍ਹਿਆ, ਘੋਖਿਆ ਅਤੇ ਸਮਝਿਆ ਜਾਵੇ ਤਾਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੇ ਸਾਰੇ ਕੰਮ ਕਾਜ ਦੀ ਜਿੰਮੇਵਾਰੀ 'ਯੂਨੀਵਰਸਿਟੀ ਬੋਰਡ' ਨੂੰ ਦਿੱਤੀ ਗਈ ਹੈ। ਬੋਰਡ ਦੀ ਬਣਤਰ ਐਕਟ ਦੀ ਧਾਰਾ 13 ਅਨੁਸਾਰ ਕੀਤੀ ਗਈ ਹੈ ਅਤੇ ਬੋਰਡ ਦੀ 'ਸ਼ਕਤੀਆਂ ਅਤੇ ਕਰਤਵ' ਐਕਟ ਦੀ ਧਾਰਾ 14 ਵਿੱਚ ਅੰਕਿਤ ਕੀਤੇ ਗਏ ਹਨ। ਇਸ ਧਾਰਾ 14 (ਜੇ) ਅਨੁਸਾਰ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਦੀ ਨਿਯੁਕਤੀ ਦੀ ਪ੍ਰਵਾਨਗੀ (), ਬੋਰਡ ਕਰਦਾ ਹੈ। ਵਾਇਸ ਚਾਂਸਲਰ ਦੀ ਨਿਯੁਕਤੀ ਐਕਟ ਦੀ ਧਾਰਾ 15 ਨੂੰ 2 (2) ਨਾਲ ਪੜਦੇ ਹੋਏ, ਕੀਤੀ ਜਾਂਦੀ ਹੈ। ਧਾਰਾ 15 (1) ਵਿੱਚ ਸਪੱਸ਼ਟ ਲਿਖਿਆ ਗਿਆ ਹੈ ਕਿ 'ਵਾਇਸ ਚਾਂਸਲਰ ਯੂਨੀਵਰਸਿਟੀ ਦਾ ਪੂਰੇ ਸਮੇਂ ਆਫੀਸਰ ਹੋਵੇਗਾ ਅਤੇ ਇਸ ਦੀ ਨਿਯੁਕਤੀ ਬੋਰਡ ਵੱਲੋਂ ਕੀਤੀ ਜਾਵੇਗੀ।' ਇਥੇ ਇਕ ਹੋਰ ਵਿਵਸਥਾ ਕੀਤੀ ਗਈ ਹੈ ਕਿ ਜੇ ਬੋਰਡ ਦੇ ਮੈਂਬਰ ਵਾਇਸ ਚਾਂਸਲਰ ਦੀ ਨਿਯੁਕਤੀ ਬਾਰੇ 'ਇੱਕ ਮੱਤ' ਨਹੀਂ ਹਨ ਤਾਂ ਵਾਇਸ ਚਾਂਸਲਰ ਦੀ ਨਿਯੁਕਤੀ 'ਚਾਂਸਲਰ' ਵੱਲੋਂ ਕੀਤੀ ਜਾਵੇਗੀ। ਕਿਉਂਕਿ ਹੁਣ ਵਾਲੇ ਵਾਇਸ ਚਾਂਸਲਰ ਦੀ ਨਿਯੁਕਤੀ ਬਾਰੇ ਅਜਿਹੀ ਕੋਈ ਸਥਿਤੀ ਪੈਦਾ ਨਹੀਂ ਹੋਈ, ਇਸ ਕਰਕੇ ਗਵਰਨਰ ਸਾਹਿਬ ਦਾ ਇਸ ਵਿੱਚ ਦਖਲ ਦੇਣ ਦਾ ਕੋਈ ਕਾਨੂੰਨੀ ਅਧਾਰ ਨਹੀਂ ਹੈ।

ਆਖਰ ਵਿੱਚ ਜਦੋਂ ਗਵਰਨਰ ਸਾਹਿਬ ਵੱਲੋਂ ਜਾਰੀ ਕੀਤਾ ਪ੍ਰੈਸ ਨੋਟ ਘੋਖਦੇ ਹਾਂ ਤਾਂ ਬਹੁਤ ਮਾਯੂਸੀ ਹੁੰਦੀ ਹੈ, ਕਿ ਕਿਸ ਤਰ੍ਹਾਂ ਤੱਥਾਂ ਨੂੰ ਜਾਂ ਤਾਂ ਅਣਜਾਣੇ ਵਿੱਚ ਜਾਂ ਗਵਰਨਰ ਆਫਿਸ ਵੱਲੋਂ ਜਾਣ ਬੁੱਝ ਕਿ ਤੋੜਿਆ ਮਰੋੜਿਆ ਗਿਆ ਹੈ। ਜਦੋਂ ਪ੍ਰੈਸ ਨੋਟ ਵਿੱਚ ਖੁਦ ਲਿਖਿਆ ਗਿਆ ਹੈ ਕਿ 1970 ਦੇ ਐਕਟ ਦੀ ਧਾਰਾ 13(ਧ1) ਅਨੁਸਾਰ ਗਵਰਨਰ 'ਯੂਨੀਵਰਸਿਟੀ ਬੋਰਡ' ਦੇ 'ਆਨਰੇਰੀ ਚੇਅਰਮੈਨ' ਹਨ ਅਤੇ ਵਾਇਸ ਚਾਂਸਲਰ 'ਵਰਕਿੰਗ ਚੇਅਰਮੈਨ' ਤਾਂ ਉਨ੍ਹਾਂ ਵੱਲੋਂ ਐਕਟ ਦੀ ਕਿਸ ਧਾਰਾ ਅਧੀਨ ਇਹ ਕਿਹਾ ਜਾ ਰਿਹਾ ਹੈ ਕਿ ਉਨ੍ਹਾਂ ਨੂੰ 'ਚੇਅਰਮੈਨ' (ਅਸਲ ਵਿੱਚ ਆਨਰੇਰੀ ਚੇਅਰਮੈਨ ?) ਹੋਣ ਨਾਤੇ ਪੰਜਾਬ ਸਰਕਾਰ ਨੂੰ ਸਾਰੇ ਪ੍ਰੋਗਰਾਮ ਬਾਰੇ ਦੱਸਣਾ ਬਣਦਾ ਸੀ। ਉਹ ਤਾਂ ਬੋਰਡ ਦੇ ਮੈਂਬਰ ਵੀ ਨਹੀਂ ਹਨ। ਜਦਕਿ ਵਾਇਸ ਚਾਂਸਲਰ ਬੋਰਡ ਦੇ ਸੀਨੀਅਰ ਮੋਸਟ ( ) ਮੈਂਬਰ ਹੋਣ ਨਾਤੇ ਮੀਟਿੰਗ ਚੇਅਰ ਕਰਦੇ ਹਨ। ਉਨ੍ਹਾਂ ਤੋਂ ਬਾਅਦ ਪੰਜਾਬ ਦੇ ਚੀਫ ਸੈਕ੍ਰੇਟਰੀ ਦਾ ਨੰਬਰ ਅੰਕਿਤ ਕੀਤਾ ਗਿਆ ਹੈ। ਜਿਸ ਕਰਕੇ ਉਹ ਵਾਇਸ ਚਾਸਲਰ ਦੀ ਗੈਰ ਮੌਜੂਦਗੀ ਵਿਚ ਮੀਟਿੰਗ ਚੇਅਰ ਕਰਦੇ ਹਨ।

ਪ੍ਰੈਸ ਨੋਟ ਵਿਚ ਜੋ ਯੂਨੀਵਰਸਿਟੀ ਗ੍ਰਾਂਟ ਕਮਿਸ਼ਨ ਰੈਗੂਲੇਸ਼ਨ, 2018 ਦਾ ਜਿਕਰ ਕੀਤਾ ਗਿਆ ਹੈ, ਉਸ ਵਿਚ ਯੂਨੀਵਰਸਿਟੀ ਦੇ ਵਾਇਸ ਚਾਸਲਰ ਦੀ ਹੀ ਨਹੀਂ, ਬਲਕਿ ਅਧਿਆਪਨ ਅਤੇ ਹੋਰ ਅਮਲੇ ਦੀ ਨਿਯੁਕਤੀ ਵਗੈਰਾ ਬਾਰੇ ਵੀ ਵਿਸਥਾਰ ਪੂਰਵਕ ਦਸਿਆ ਗਿਆ ਹੈ। ਇਸ ਕਰਕੇ ਇਹ ਸਾਰੀ ਕਿਸਮ ਦੀਆਂ ਯੂਨੀਵਰਸਿਟੀਆਂ ਤੇ ਲਾਗੂ ਹੋਣ ਬਾਰੇ ਲਿਖਿਆ ਗਿਆ ਹੈ। ਪਰ ਇਕ ਮਹੱਤਵਪੂਰਨ ਤੱਥ ਜੋ ਪ੍ਰੈਸ ਨੋਟ ਵਿਚ ਨੰਬਰ 3 ਤੇ ਲਿਖਿਆ ਹੈ, ਉਹ ਜ਼ਰੂਰੀ ਤੌਰ ਤੇ ਵਾਚਣਯੋਗ ਹੈ। ਇਥੇ ਲਿਖਿਆ ਗਿਆ ਹੈ ਕਿ ਰੈਗੂਲੇਸ਼ਨ ਅਨੁਸਾਰ ਵਾਈਸ ਚਾਸਲਰ ਦੀ ਨਿਯੁਕਤੀ ਲਈ ਇਕ 'ਸਰਚ ਕਮ ਸਲੈਕਸਨ ਕਮੇਟੀ ਹੋਵੇਗੀ: ਇਸ ਸਰਚ ਕਮੇਟੀ ਦਾ ਇਕ ਮੈਂਬਰ, ਚੇਅਰਮੈਨ ਯੂਨੀਵਰਸਿਟੀ ਗ੍ਰਾਂਟ ਕਮਿਸ਼ਨ ਵੱਲੋਂ ਨਿਯੁਕਤ ਕੀਤਾ ਜਾਵੇਗਾ।' ਇੱਥੇ ਸੱਚਾਈ ਨੂੰ ਤੱਥੋਂ ਓਹਲੇ ਕੀਤਾ ਗਿਆ ਹੈ। ਸੱਚਾਈ ਇਹ ਹੈ ਰੈਗੂਲੇਸ਼ਨ 7 (3) () ਅਨੁਸਾਰ ਯੂ.ਜੀ.ਸੀ. ਦੇ ਚੇਅਰਮੈਨ ਵੱਲੋਂ ਸਿਰਫ ਰਾਜ, ਪ੍ਰਾਈਵੇਟ ਅਤੇ ਡੀਮਡ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਦੀ ਚੋਣ ਕਮੇਟੀ ਲਈ ਮੈਂਬਰ ਨਿਯੁਕਤ ਕੀਤਾ ਜਾਵੇਗਾ, ਨਾ ਕਿ ਕੇਂਦਰੀ ਯੂਨੀਵਰਸਿਟੀ ਬਾਰੇ, ਕਿਉਂਕਿ ਇੱਥੇ ਕੇਂਦਰੀ ਯੂਨੀਵਰਸਿਟੀ ਸ਼ਬਦ ਅੰਕਿਤ ਨਹੀਂ ਕੀਤਾ ਗਿਆ। ਪੰਜਾਬ ਐਗਰੀਕਲਚਰ ਯੂਨੀਵਰਸਿਟੀ ਕਿਉਂਕਿ 'ਕੇਂਦਰੀ ਯੂਨੀਵਰਸਿਟੀ ਹੈ, ਇਸ ਕਰਕੇ ਯੂ.ਜੀ.ਸੀ. ਚੇਅਰਮੈਨ ਦੇ ਨੁਮਾਇੰਦੇ ਦੀ ਜੋ ਗੱਲ ਕਹੀ ਗਈ ਹੈ, ਉਹ ਇਥੇ ਲਾਗੂ ਨਹੀਂ ਹੁੰਦੀ।

ਪ੍ਰੈਸ ਨੋਟ ਦੇ ਅਗਲੇ ਪੈਰੇ ਵਿੱਚ ਜੋ ਕਿਹਾ ਗਿਆ ਹੈ, ਉਸ ਤੋਂ ਪਤਾ ਲੱਗਦਾ ਹੈ ਪੰਜਾਬ ਗਵਰਨਰ ਆਫ਼ਿਸ ਵਿਚ ਕਾਨੂੰਨ ਦੀ ਜਾਣਕਾਰੀ ਰੱਖਣ ਵਾਲੇ ਕਿੰਨ੍ਹੇ ਕੁ ਸੁਹਿਰਦ ਹਨ। ਇਸ ਪੈਰੇ ਅਨੁਸਾਰ ਯੂ.ਜੀ.ਸੀ. ਰੈਗੂਲੇਸ਼ਨ 'ਅਧੀਨ ਕਾਨੂੰਨ ( )' ਹਨ, ਭਾਰਤੀ ਸੰਵਿਧਾਨ ਦੇ ਆਰਟੀਕਲ 254 ਅਨੁਸਾਰ ਇਹ 'ਰਾਜ ਦੁਆਰਾ ਬਣਾਏ ਐਕਟ ਨੂੰ ਪ੍ਰਤਿਸਥਾਪਨ () ਕਰਨਗੇ। ਆਪਣਾ ਪੱਖ ਪੂਰਨ ਲਈ ਉਨ੍ਹਾਂ ਨੇ . . ਅਤੇ ਸੁਪਰੀਮ ਕੋਰਟ ਦੇ 11 ਅਕਤੂਬਰ 2022 ਦੇ . , ਜਿੰਨ੍ਹਾਂ ਅਨੁਸਾਰ ਜੇ ਕੇਂਦਰੀ ਕਾਨੂੰਨ ਅਤੇ ਰਾਜ ਕਾਨੂੰਨ ਵਿਚ, ਜੇ ਵਪਰੀਤ ਪ੍ਰਵਧਾਨ ਹਨ, ਤਾਂ ਸੰਵਿਧਾਨ ਦੇ ਆਰਟੀਕਲ 254 ਅਨੁਸਾਰ ਕੇਂਦਰੀ ਕਾਨੂੰਨ, ਰਿਪਗਨੈਸੀ ਅਸੂਲ (/ ) ਕਰਕੇ ਰਾਜ ਕਾਨੂੰਨ ਤੇ ਪ੍ਰਬਲ () ਹੋਣਗੇ। ਇਹ ਠੀਕ ਹੈ, ਕਿ ਜਦੋਂ ਕੇਂਦਰੀ ਅਤੇ ਰਾਜ ਕਾਨੂੰਨ ਵਿਚ ਤਕਰਾਰ ਹੈ ਤਾਂ ਕੇਂਦਰੀ ਕਾਨੂੰਨ ਹੀ ਪ੍ਰਬਲ ਹੋਵੇਗਾ। ਪਰ ਵੇਖਣ ਵਾਲੀ ਗੱਲ ਇਹ ਹੈ ਕਿ, ਕੀ ਇਹ ਜਾ ਅਦਾਲਤੀ ਫੈਸਲੇ, ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੇ ਵਾਇਸ ਚਾਸਲਰ ਦੀ ਨਿਯੁਕਤੀ ਬਾਰੇ ਲਾਗੂ ਹੁੰਦੇ ਹਨ। ਜਿਵੇਂ ਕਿ ਮੈਂ ਪਹਿਲਾਂ ਹੀ ਦੱਸ ਚੁਕਿਆ ਹਾ ਕਿ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਰਾਜ ਕਾਨੂੰਨ ਦੁਆਰਾ ਸਥਾਪਿਤ ਕੀਤੀ ਯੂਨੀਵਰਸਿਟੀ ਨਹੀਂ ਹੈ, ਬਲਕਿ ਭਾਰਤੀ ਸੰਸਦ ਦੁਆਰਾ ਪਾਸ ਕੀਤੇ 'ਹਰਿਆਣਾ ਅਤੇ ਪੰਜਾਬ ਐਗਰੀਕਲਚਰ ਯੂਨੀਵਰਸਿਟੀਜ਼ ਐਕਟ, 1970' ਦੁਆਰਾ ਸਥਾਪਿਤ ਹੋਈ ਹੈ, ਇਸ ਲਈ ਗਵਰਨਰ ਆਫਿਸ ਵੱਲੋਂ ਉਪਰੋਕਤ ਫੈਸਲੇ ਜਾ ਰੂਲ ਦਾ ਅਧਾਰ ਬਣਾਉਣਾ ਬਿਲਕੁਲ ਬੇਬੁਨਿਆਦ ਅਤੇ ਕਾਨੂੰਨ ਤੌਰ ਤੇ ਗੈਰਵਾਜਬ ਹੈ। ਕਿਉਂਕਿ 1970 ਦਾ ਐਕਟ 'ਕੇਂਦਰੀ ਐਕਟ' ਹੈ, ਜਿਸ ਨੂੰ 'ਸਪੈਸ਼ਲ ਕਾਨੂੰਨ' ਕਿਹਾ ਜਾ ਸਕਦਾ ਹੈ ਅਤੇ ਯੂਨੀਵਰਸਿਟੀ ਗ੍ਰਾਂਟ ਕਮਿਸ਼ਨ ਐਕਟ ਜਾ ਰੈਗੂਲੇਸ਼ਨ ਵੀ 'ਕੇਂਦਰੀ ਐਕਟ' ਤੇ 'ਅਧੀਨ ਐਕਟ' ਹਨ ਜੋਕਿ 'ਜਨਰਲ ਕਾਨੂੰਨ' ਹਨ, ਇਸ ਕਰਕੇ ਇੱਥੇ ਕੇਂਦਰੀ ਅਤੇ ਰਾਜ ਕਾਨੂੰਨ ਦੇ ਤਕਰਾਰ ਦੀ ਕੋਈ ਗੱਲ ਹੀ ਨਹੀਂ। ਜਦਕਿ ਅਦਾਲਤੀ ਫੈਸਲਿਆ ਮੁਤਾਬਕ 'ਸਪੈਸ਼ਲ ਕਾਨੂੰਨ', 'ਜਨਰਲ ਕਾਨੂੰਨ' ਤੇ ਪ੍ਰਬਲ () ਹੁੰਦੇ ਹਨ।

ਉਪਰੋਕਤ ਸਾਰੇ ਕਾਨੂੰਨੀ ਪੱਖ ਘੋਖਣ ਤੋਂ ਸਪੱਸ਼ਟ ਹੈ, ਕਿ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਦੀ ਨਿਯੁਕਤੀ, 'ਯੂਨੀਵਰਸਿਟੀ ਬੋਰਡ' ਵੱਲੋਂ, ਇਕ ਮਤ ਹੋ ਕੇ ਕੀਤੀ ਜਾਣੀ, ਕਾਨੂੰਨੀ ਤੌਰ ਤੇ ਜਾਇਜ਼ ਹੈ ਅਤੇ ਗਵਰਨਰ, ਚਾਂਸਲਰ ਜਾਂ ਮੁੱਖ ਮੰਤਰੀ ਦਾ ਇਸ ਵਿਚ ਕੋਈ ਰੋਲ ਨਹੀਂ ਹੈ।

ਸ਼ੁਰੂ ਵਿਚ ਮੈਂ ਇਹ ਕਿਹਾ ਸੀ, ਕਿ ਇਸ ਵਿਵਾਦ ਲਈ ਦੋਵੇਂ ਧਿਰਾ ਜਿੰਮੇਵਾਰ ਹਨ। ਹੁਣ ਸਪੱਸ਼ਟ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਨਾ ਤਾ ਗਵਰਨਰ ਸਾਹਿਬ ਨੂੰ ਇਸ ਯੂਨੀਵਰਸਿਟੀ ਦੇ ਕੇਂਦਰੀ ਯੂਨੀਵਰਸਿਟੀ ਹੋਣ ਬਾਰੇ ਸਪੱਸ਼ਟਤਾ ਸੀ ਅਤੇ ਨਾ ਹੀ ਮੁੱਖ ਮੰਤਰੀ ਸਾਹਿਬ ਵੱਲੋਂ ਦਿੱਤੇ ਆਪਣੇ ਜਵਾਬ ਵਿਚ ਇਸ ਯੂਨੀਵਰਸਿਟੀ ਦੇ ਐਕਟ ਦੀਆਂ ਉਪਰੋਕਤ ਵੱਖ ਵੱਖ ਧਰਾਵਾਂ ਨੂੰ ਦੱਸਦੇ ਹੋਏ ਸਪੱਸ਼ਟਤਾ ਪੇਸ਼ ਕੀਤੀ ਗਈ ਹੈ। ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੇ ਹਰਿਆਣਾ ਅਤੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਐਕਟ, 1970 ਦੇ ਕਾਨੂੰਨ ਦਾ ਸਹੀ ਗਿਆਨ, ਸਮਝ ਅਤੇ ਵਿਆਖਣ ਕਰਨ 'ਤੇ ਹੀ ਇਸ ਵਿਵਾਦ ਨੂੰ ਠੱਲ੍ਹ ਪਾਈ ਜਾ ਸਕਦੀ ਹੈ। ਇਹੋ ਪੰਜਾਬ ਦੀ ਖੁਸ਼ਹਾਲੀ ਅਤੇ ਖੇਤੀਬਾੜੀ ਦੇ ਰੁਝਾਨ ਨੂੰ ਵਧਾਉਣ 'ਚ ਮਹੱਤਵਪੂਰਨ ਅਤੇ ਉਚਿੱਤ ਯੋਗਦਾਨ ਹੋਵੇਗਾ।

# ਬੜਾ ਪੇੜ ਗਿਰਾਉਣ ਦਾ ਸਬਕ



**ਡਾ. ਦਰਸ਼ਨ ਸਿੰਘ ਹਰਵਿੰਦਰ**

31 ਅਕਤੂਬਰ 1984 ਨੂੰ 'ਬੜਾ ਪੇੜ' ਡਿੱਗਣ ਅਤੇ ਝੰਜੋੜ ਕੇ ਰੱਖ ਗਈ ਉਸੇ ਦਿਨ ਤੋਂ ਤਿੰਨ ਦਿਨ ਦਹਿਲੀ ਦਿੱਲੀ ਦੀ ਇਸ ਵਾਰ 38ਵੀਂ ਸਾਲਗ੍ਰਿਹਾ ਹੈ। ਦਹਿਲੀ ਦਿੱਲੀ ਤਦ ਜਦ ਜਲ ਰਹੀ ਸੀ ਤਾਂ ਹਕੂਮਤ-ਏ-ਹਿੰਦ 'ਸੌਂ' ਰਹੀ ਸੀ, 'ਬੰਸਰੀ ਵਜਾਉਂਦੇ ਨੀਰੂ ਦੀ ਤਰ੍ਹਾਂ ਆਪਣੇ ਜਲ ਰਹੇ ਰੋਮ ਤੋਂ ਬੇਖ਼ਬਰ।' ਇਹ ਵੀ ਕੈਸਾ ਇਤਫਾਕ ਕਿ ਹਿੰਦੁਸਤਾਨ ਦੇ ਸਿੱਖ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਰਾਜੀਵ ਗਾਂਧੀ ਨੂੰ ਮੁਲਕ ਦਾ ਪ੍ਰਧਾਨ ਮੰਤਰੀ ਬਣਾਉਣ ਦੀ ਜਦ ਤਾਜਪੋਸ਼ੀ ਕਰ ਰਹੇ ਸਨ ਤਦ ਰਾਸ਼ਟਰਪਤੀ ਭਵਨ ਤੋਂ ਬਾਹਰ ਦਿੱਲੀ ਵਿੱਚ ਸਿੱਖਾਂ ਨੂੰ 'ਸਬਕ' ਸਿਖਾਇਆ ਜਾ ਰਿਹਾ ਸੀ ਬੇਰਹਿਮੀ ਨਾਲ। ਰੋਜ਼ਾ-ਏ-ਕਿਆਮਤ ਦੀ ਪਹਿਲੀ ਰਾਤ ਦਾ ਆਗਾਜ਼ ਹੋ ਚੁੱਕਿਆ ਸੀ।

ਹਿੰਦੁਸਤਾਨ ਦਾ ਨਵਾਂ ਹੁਕਮਰਾਨ ਬਣਨ ਲਈ ਸੰਨ 2014 ਦੇ ਸ਼ੁਰੂ ਵਿੱਚ ਹੋਏ ਲੋਕ ਸਭਾ 'ਯੁੱਧ' ਵਿੱਚ ਜਜ਼ਬਾਤੀ ਤਕਰੀਰਾਂ ਦਾ ਸਹਾਰਾ ਲੈਂਦੇ ਹੋਏ ਰਾਹੁਲ ਗਾਂਧੀ ਦੁਆਰਾ ਛੱਡੇ ਗਏ ਅਗਨ-ਬਾਣ "ਦਾਦੀ ਕੀ ਹੱਤਿਆ ਦੇ ਬਾਅਦ ਮੁਝੇ ਪਤਾ ਚਲਾ ਕਿ...." ਨੂੰ ਕੱਟਣ ਲਈ ਨਰੇਂਦਰ ਮੋਦੀ ਦੇ 'ਬ੍ਰਹਮ ਅਸਤਰ' ਉਹ (ਰਾਹੁਲ) ਆਪਣੀ ਦਾਦੀ ਦੇ ਕਤਲ ਉੱਤੇ ਤਾਂ ਚੀਖ ਰਿਹਾ ਹੈ ਪਰ ਕਦੇ ਉਸਨੇ '84 ਕਤਲੇਆਮ ਵਿੱਚ ਮਾਰੇ ਜਾਣ ਵਾਲਿਆਂ 'ਤੇ ਆਪਣੇ ਹੰਝੂ ਵਹਾਏ ਹਨ ? ਦਾ ਅਸਰ ਇੰਨਾ ਤੇਜ਼ ਨਿਕਲਿਆ ਕਿ ਅਜੇ ਤੱਕ ਨਾ ਤਾਂ ਕਾਂਗਰਸ ਦੇ ਵੱਲੋਂ ਹੀ ਕੋਈ ਤੱਸਲੀਬਖਸ਼ ਜਵਾਬ ਆਇਆ ਹੈ ਸਗੋਂ ਇਸ 'ਬ੍ਰਹਮ ਅਸਤਰ' ਦੇ ਸਹਾਰੇ ਕਈ ਸਿੱਖ ਨੇਤਾ ਵੀ ਪਹਿਲਾਂ ਤੋਂ ਜ਼ਿਆਦਾ ਤਾਕਤਵਰ ਵਿਖਾਈ ਦਿੱਤੇ। ਆਜ਼ਾਦ ਹਿੰਦੁਸਤਾਨ ਦੇ ਆਜ਼ਾਦ ਨਾਗਰਿਕ ਕਿੰਨੇ ਆਜ਼ਾਦ ਹਨ, ਇਹ ਤਾਂ ਇੱਕ ਵੱਖਰਾ ਮਸਲਾ ਹੈ, ਪਰ ਇਹ ਇੱਕ ਕੌੜਾ ਸੱਚ ਹੈ ਕਿ ਸੰਨ 1984 ਦੀ 31 ਅਕਤੂਬਰ ਦੀ ਸ਼ਾਮ ਤੋਂ 3 ਨਵੰਬਰ ਤੱਕ ਸਿੱਖਾਂ ਦੇ ਵਹਿਸ਼ੀ ਸ਼ਿਕਾਰ ਦੀ ਆਜ਼ਾਦੀ ਕੁਝ ਲੋਕਾਂ ਨੂੰ ਜ਼ਰੂਰ ਮਿਲੀ ਹੋਈ ਸੀ। ਇਸ ਚਾਰ ਰੋਜ਼ਾ 'ਆਜ਼ਾਦੀ' ਜਿਸਦੇ ਤਾਂਡਵ ਨਾਚ ਨੇ ਦੇਸ਼ ਦੇ ਨਾਂ 'ਤੇ ਕਲੰਕ ਦਾ ਕਾਲਾ ਧੱਬਾ ਲਗਾ ਦਿੱਤਾ, ਨੂੰ ਹਿੰਦੁਸਤਾਨ ਦੇ ਇਤਿਹਾਸ ਵਿੱਚ ਕਾਲੇ ਪੰਨਿਆਂ 'ਤੇ ਲਿਖਿਆ ਜਾਵੇਗਾ। ਦੁਖਦ ਤਾਂ ਇਹ ਕਿ ਉਦੋਂ ਤੋਂ ਲੈ ਕੇ ਹੁਣ 36ਵੀਂ ਵਰ੍ਹੇਗੰਢ ਤੱਕ ਵੀ ਇਸ ਚਾਰ ਰੋਜ਼ਾ 'ਆਜ਼ਾਦੀ' ਨੂੰ 'ਦੰਗਾ' ਪ੍ਰਚਾਰਤ ਕੀਤਾ ਜਾਂਦਾ ਆ ਰਿਹਾ ਹੈ ਜਦੋਂ ਕਿ ਹਕੀਕਤ ਵਿੱਚ ਇਹ ਸ਼ਰੇਆਮ ਸਿੱਖ ਕਤਲੇਆਮ ਸੀ ਜਿਸ ਨੇ ਦੁਨੀਆਂ ਭਰ ਦੇ ਲੋਕਾਂ ਵਿੱਚ ਤਹਿਲਕਾ ਮਚਾਉਂਦੇ ਦੇਸ਼ ਦੀ ਰਾਜਧਾਨੀ ਦੇ ਅੰਦਰ ਸਿੱਖ ਵਿਧਵਾਵਾਂ ਦੀ ਵੱਖਰੀ ਕਲੋਨੀ ਹੀ ਵਸਾ ਕੇ ਰੱਖ ਦਿੱਤੀ। ਸਿਤਮ ਇਹ ਕਿ ਦੁਨੀਆਂ ਵਿੱਚ ਕਿਤੇ ਵੀ ਅਜਿਹੀ ਮਿਸਾਲ ਨਹੀਂ ਮਿਲਦੀ ਜਿੱਥੇ ਵਿਧਵਾ ਕਲੋਨੀ ਵਜੂਦ ਵਿੱਚ ਆਈ ਹੋਵੇ, ਪਰ ਮੁਲਕ ਦੇ ਹੋਰਨਾਂ ਖੇਤਰਾਂ ਦੇ ਇਲਾਵਾ ਇਸਦੀ ਰਾਜਧਾਨੀ ਦਿੱਲੀ ਦੀਆਂ ਸੜਕਾਂ, ਗਲੀ-ਮੁਹੱਲਿਆਂ ਵਿੱਚ ਸਿੱਖਾਂ ਨੂੰ ਮੌਤ ਦਾ ਤਾਂਡਵ ਨਾਚ ਸਹਿਣ ਦੇ ਕਾਰਨ ਦਿੱਲੀ ਜਿੱਥੇ ਪੂਰੇ ਦੇਸ਼ ਦੀ ਵਾਗਡੋਰ ਸੰਭਾਲਣ ਵਾਲੇ 'ਪ੍ਰਭੂਆਂ' ਦਾ ਵਾਸ ਹੋਵੇ, ਉੱਥੇ ਵੀ ਮੁਲਕ ਦੇ ਹੁਕਮਰਾਨਾਂ ਦੇ ਰਿਹਾਇਸ਼ੀ ਬਨਾਮ ਰਾਜ ਚਲਾਉਣ ਵਾਲੇ ਇਸ ਸ਼ਹਿਰ ਵਿੱਚ ਵਿਧਵਾ ਕਲੋਨੀ ਦਾ 'ਮਜ਼ਾ ਚੱਖਣ' ਲਈ ਮਜਬੂਰ ਹੋਣਾ ਪਿਆ ਹੋਵੇ।

'ਵਿਧਵਾਵਾਂ ਦੀ ਕਲੋਨੀ' ਕਹਿੰਦੇ ਹੋਏ ਇੱਕ ਪੱਥਰ ਦਿਲ ਇਨਸਾਨ ਦਾ ਵੀ ਦਿਲ ਕੰਬ ਉੱਠਦਾ ਹੈ। ਉਸਦਾ ਮਾਹੌਲ ਵੇਖਕੇ, ਇਨ੍ਹਾਂ ਪੀੜਿਤ ਪਰਿਵਾਰਾਂ ਦਾ ਦੁੱਖ ਸੁਣ ਕੇ ਦਿਲ ਦਹਿਲਦਾ ਹੈ ਤੇ ਅੰਦਰੋਂ ਇੱਕ ਹੂਕ ਜੇਹੀ ਉੱਠਦੀ ਹੈ ਕਿ ਦੇਸ਼ ਦੀ ਆਨ ਅਤੇ ਸ਼ਾਨ ਦੀ ਖ਼ਾਤਰ ਸਭ ਤੋਂ ਜ਼ਿਆਦਾ ਯੋਗਦਾਨ ਪਾਉਣ ਤੇ ਕੁਰਬਾਨੀ ਦੇਣ ਵਾਲੀ ਇਸ ਕੌਮ ਜਿਸਦੇ ਹਜ਼ਾਰਾਂ ਪਰਿਵਾਰ ਅਨਾਥ ਹੋ ਗਏ, ਬੱਚੇ ਯਤੀਮ ਹੋ ਗਏ, ਸੁਹਾਗਣਾਂ ਦੇ ਸੁਹਾਗ ਲੁੱਟੇ ਗਏ, ਪਰ ਉਹੀ ਸਿੱਖ ਕੌਮ, ਜਿਸਨੇ ਅਰਬਾਂ ਰੁਪਏ ਖਰਚ ਕਰਕੇ ਆਪਣੇ ਗੁਰੂ ਸਾਹਿਬਾਨ ਦੀਆਂ ਆਲੀਸ਼ਾਨ ਯਾਦਗਾਰਾਂ ਸਥਾਪਤ ਕੀਤੀਆਂ ਹੋਣ, ਨੇ ਇਹਨਾਂ ਪੀੜਿਤ ਪਰਿਵਾਰਾਂ ਦੇ ਨਾਲ ਮਹਿਜ਼ ਹਮਦਰਦੀ ਜ਼ਾਹਰ ਕਰਨ, ਪਿਛਲੇ 38 ਸਾਲਾਂ ਤੋਂ ਉਨ੍ਹਾਂ ਨੂੰ ਸਨਮਾਨ ਯੋਗ ਰਹਿਣ ਲਈ ਸਿਵਾਏ ਹੇਜ ਜਤਾਉਣ ਦੇ ਤਸੱਲੀਬਖਸ਼ ਕੁੱਝ ਨਹੀਂ ਕੀਤਾ।

1984 ਦੇ ਇਸ ਸ਼ਰਮਨਾਕ ਕਾਂਡ ਜਿਸਨੇ ਭਾਰਤ ਦੇ ਲੋਕਤੰਤਰਿਕ ਚਿਹਰੇ ਉੱਤੇ ਕਾਲਿਖ ਪੋਤ ਦਿੱਤੀ, ਕੋਈ ਮਾਮੂਲੀ ਘਟਨਾ ਨਹੀਂ ਸੀ, ਸਗੋਂ ਹਜ਼ਾਰਾਂ ਸਿੱਖਾਂ ਦੇ ਵਹਿਸ਼ੀ ਕਤਲੇਆਮ, ਲੁੱਟਮਾਰ, ਅੱਗਜਨੀ ਅਤੇ ਜਬਰਜਨਾਹ ਦੀਆਂ ਘਟਨਾਵਾਂ ਨੇ ਦੁਨੀਆਂ ਭਰ ਵਿੱਚ ਝੰਜੋੜ ਕੇ ਰੱਖ ਦਿੱਤਾ। ਉਸਦੇ ਬਾਅਦ ਭਾਜਪਾ ਸਹਿਤ ਕਈ ਹਕੂਮਤਾਂ ਆਈਆਂ ਤੇ ਆ ਕੇ ਚਲੀਆਂ ਗਈਆਂ, ਪਰ ਕਿਸੇ ਨੇ ਵੀ ਇਨ੍ਹਾਂ ਸਿੱਖ ਕਤਲੇਆਮ ਪੀੜਤਾਂ ਦੇ ਦੁਖੀ ਪਰਿਵਾਰਾਂ ਦੇ ਅੱਲੇ ਜ਼ਖਮਾਂ 'ਤੇ ਮੱਲ੍ਹਮ ਲਗਾਉਣ ਦਾ ਕਸ਼ਟ ਨਹੀਂ ਕੀਤਾ। 31 ਅਕਤੂਬਰ 1984 ਨੂੰ ਹਿੰਦੁਸਤਾਨ ਦੀ ਤਤਕਾਲੀਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ, ਜਿਨ੍ਹਾਂ ਦੇ ਘਿਨਾਉਣੇ ਕਤਲ ਦੇ ਬਾਅਦ ਇਹ ਵਹਿਸ਼ੀ ਸਿੱਖ ਕਤਲੇਆਮ ਹੋਇਆ, ਦੇ ਸਪੁੱਤਰ ਰਾਜੀਵ ਗਾਂਧੀ ਨੇ ਤਾਂ ਪ੍ਰਧਾਨ ਮੰਤਰੀ ਬਣ ਕੇ ਦੇਸ਼ ਦੀ ਵਾਗਡੋਰ ਸੰਭਾਲਦੇ ਹੀ ਐਲਾਨ ਕਰ ਦਿੱਤਾ ਸੀ, "ਜਦੋਂ ਵੱਡਾ ਦਰਖੱਤ ਡਿੱਗਦਾ ਹੈ ਤਾਂ ਧਰਤੀ ਹਿੱਲਦੀ ਹੀ ਹੈ।".....ਤੇ ਇਹ ਧਰਤੀ ਇੰਨੀ 'ਹਿੱਲੀ' ਕਿ ਸਿੱਖ ਕਤਲੇਆਮ ਦਾ ਭੂਚਾਲ ਹੀ ਆ ਗਿਆ। ਵਕਤ ਵੱਡੇ-ਵੱਡੇ ਜ਼ਖ਼ਮਾਂ ਨੂੰ ਭਰ ਦਿੰਦਾ ਹੈ, ਪਰ ਕਈ ਲਾ-ਇਲਾਜ ਜ਼ਖ਼ਮ ਅਜਿਹੇ ਵੀ ਹੁੰਦੇ ਹਨ ਜੋ ਹਮੇਸ਼ਾ ਹਰੇ ਰਹਿੰਦੇ ਹਨ। ਇਹਨਾਂ ਜ਼ਖ਼ਮਾਂ ਦਾ ਦਰਦ ਤਦ ਹੋਰ ਵੀ ਤਿੱਖੀ ਚੀਸ ਬਣ ਜਾਂਦਾ ਹੈ ਜਦੋਂ ਉਨ੍ਹਾਂ ਉੱਤੇ ਮਲ੍ਹਮ ਲਗਾਉਣ ਦੀ ਬਜਾਇ ਲੂਣ ਦੇ ਛਿੱਟੇ ਪੈਂਦੇ ਰਹਿਣ, ਕਿਸੇ ਵੀ ਤਰਫੋਂ ਇਨਸਾਫ਼ ਮਿਲਣ ਦੇ ਸਾਰੇ ਦੁਆਰ ਬੰਦ ਹੋ ਜਾਣ।

1984 ਦੇ ਸਿੱਖ ਕਤਲੇਆਮ ਤੋਂ ਪ੍ਰਭਾਵਿਤ ਪਰਿਵਾਰਾਂ ਦੇ ਨਾਲ ਵੀ ਅਜਿਹਾ ਹੀ ਦੁਖਾਂਤ ਵਾਪਰਿਆ ਜਿਨ੍ਹਾਂ ਦੇ 'ਸਿਰ ਦੇ ਸਾਈਆਂ' ਨੂੰ ਤਾਂ ਇਹ ਹਸੀਨ ਦੁਨੀਆਂ ਹੋਰ ਵੇਖਣੀ ਨਸੀਬ ਹੀ ਨਹੀਂ ਸੀ। ਪਰ ਉਹ ਪਿੱਛੇ ਆਪਣੇ ਪਰਿਵਾਰਾਂ ਨੂੰ ਦਰ-ਦਰ ਦੀਆਂ ਠੋਕਰਾਂ ਖਾਣ ਲਈ ਛੱਡ ਗਏ। ਮੱਧ ਵਰਗੀ ਪਰਿਵਾਰਾਂ ਉੱਤੇ ਤਾਂ ਇਹ ਮਾਰ ਜ਼ਿਆਦਾ ਹੀ ਪਈ ਜੋ ਆਪਣੇ ਵਸਦੇ-ਰਸਦੇ ਘਰ ਛੱਡਕੇ ਝੁੱਗੀ ਝੌਂਪੜੀਆਂ ਵਿੱਚ ਡੇਰਾ ਲਾਉਣ ਲਈ ਮਜਬੂਰ ਹੋ ਗਏ। ਆਪਣੇ ਮਰਦਾਂ ਦੇ ਬਿਨਾਂ ਇਹਨਾਂ ਪਰਿਵਾਰਾਂ ਦੀਆਂ ਔਰਤਾਂ ਤੇ ਬਾਪ ਬਿਨਾਂ ਜਿਵੇਂ ਉਨ੍ਹਾਂ ਦੇ ਬੱਚਿਆਂ ਨੇ ਇਹ ਸਮਾਂ ਕਈ-ਕਈ ਵਕਤ ਭੁੱਖੇ ਰਹਿ ਕੇ ਠੰਡੀਆਂ ਸਰਦ ਰਾਤਾਂ ਵਿੱਚ ਖੁੱਲੇ ਅਸਮਾਨ ਹੇਠ ਗੁਜ਼ਾਰਿਆ ਹੈ, ਉਨ੍ਹਾਂ ਦੇ ਇਲਾਵਾ ਕਿਸੇ ਨੂੰ ਕੀ ਅਹਿਸਾਸ ਹੋ ਸਕਦਾ ਹੈ? ਦਰਅਸਲ 1984 ਦਾ ਇਹ ਕਤਲੇਆਮ ਇੰਨਾ 'ਪ੍ਰਸਿੱਧ' ਹੋ ਚੁੱਕਿਆ ਹੈ ਕਿ ਇਸਦੇ ਨਾਲ ਹੁਣ 'ਸਿੱਖ' ਲਗਾਉਣ ਦੀ ਵੀ ਜ਼ਰੂਰਤ ਨਹੀਂ ਰਹੀ, ... ਦੇ ਪੀੜਿਤ ਇਹਨਾਂ ਸਿੱਖ ਸ਼ਰਨਾਰਥੀਆਂ ਨੂੰ ਆਪਣੇ ਸੌੜੇ ਮੁਫ਼ਾਦਾਂ ਲਈ ਕੈਸ਼ ਕਰਨ ਵਿੱਚ ਕੋਈ ਹਿਚਕਿਚਾਹਟ ਨਹੀਂ ਵਿਖਾਈ। ਇਹੀ ਵਜ੍ਹਾ ਹੈ ਕਿ 1984 ਦੇ ਇਸ ਸਿੱਖ ਕਤਲੇਆਮ ਦੀ ਅੱਗ ਵਿੱਚ ਝੁਲਸੇ ਹਜ਼ਾਰਾਂ ਲੋਕ ਅਜੇ ਵੀ ਯਥਾ-ਯੋਗ ਸੈਟਲ ਨਹੀਂ ਹੋ ਸਕੇ। ਪਰ ਉਨ੍ਹਾਂ ਦੇ ਜ਼ਰੀਏ ਕੁਝ ਲੋਕ ਸਿੱਖ ਰਾਜਨੀਤੀ ਤੇ ਮਾਲੀ ਖੇਤਰ ਵਿੱਚ ਆਪਣਾ ਕੱਦ ਵਧਾਉਣ ਵਿੱਚ ਜ਼ਰੂਰ ਕਾਮਯਾਬ ਰਹੇ ਜਿਨ੍ਹਾਂ ਨੇ ਸ਼ਰਨਾਰਥੀ ਵਿਧਵਾਵਾਂ ਦਾ ਵੀ 'ਸਹਾਰਾ' ਲੈਣ ਤੋਂ ਗੁਰੇਜ਼ ਨਹੀਂ ਕੀਤਾ ਜਿਸਦੀ ਬਦੌਲਤ ਇਹ ਕਤਲੇਆਮ ਪੀੜਿਤ ਕੈਂਪ ਦੇਸ਼ ਦੀ ਰਾਜਧਾਨੀ ਵਿੱਚ ਹਮੇਸ਼ਾ ਸੁਰਖੀਆਂ 'ਤੇ ਛਾਏ ਰਹੇ। ਇੱਥੋਂ ਤੱਕ ਕਿਹਾ ਜਾਣ ਲੱਗਾ ਕਿ ਕੋਈ ਇੱਜ਼ਤਦਾਰ ਆਦਮੀ ਓਧਰ ਜਾਣ ਦੀ ਜ਼ੁਰੱਅਤ ਨਹੀਂ ਕਰ ਸਕਦਾ। ਜ਼ਿਆਦਾਤਰ ਸਿੱਖ ਸਿਆਸਤਦਾਨਾਂ ਨੇ 1984 ਦੇ ਇਹਨਾਂ ਕਤਲੇਆਮ ਪੀੜ੍ਹਿਤਾਂ ਨੂੰ ਜੰਮ ਕੇ ਕੈਸ਼ ਕੀਤਾ ਆਪਣੇ-ਆਪਣੇ ਮੁਫ਼ਾਦਾਂ ਦੇ ਲਈ। ਜਿਸ ਵੀ ਸਿੱਖ ਨੇਤਾ ਨੂੰ ਆਪਣੇ ਰੋਸ ਪ੍ਰਦਰਸ਼ਨ ਦੀ ਰੌਣਕ ਵਧਾਉਣੀ ਹੁੰਦੀ, ਅਕਸਰ ਇਹਨਾਂ ਪੀੜਿਤ ਪਰਿਵਾਰਾਂ ਨੂੰ ਉੱਧਰ 'ਜੋਤ' ਲਿਆ ਜਾਂਦਾ ਹੈ। ਆਹ ! ਜ਼ਿੰਦਗੀ ਦਾ ਨਰਕ ਭੋਗ ਰਹੇ ਇਹ ਪਰਿਵਾਰ ਵੀ ਕਦੇ ਉੱਚੇ ਮਹਿਲਾਂ ਦੇ ਮਾਲਿਕ ਸਨ। ਹੈਰਾਨੀ ਇਹ ਕਿ ਨਵੰਬਰ 1984 ਦੇ ਬਾਅਦ ਇੱਥੋਂ ਦੇ ਮਕਾਮੀ ਅਤੇ ਵਿਦੇਸ਼ਾਂ ਵਿੱਚ ਬੈਠੇ ਸਰਮਾਏਦਾਰ ਸਿੱਖਾਂ ਨੇ, ਕਹਿੰਦੇ ਨੇ ਖ਼ੂਬ ਜਮ ਕੇ ਆਰਥਿਕ ਸਹਾਇਤਾ ਦਿੱਤੀ ਸੀ। ਹੁਣ ਰੱਬ ਹੀ ਜਾਣਦਾ ਹੈ ਕਿ ਇਹ ਕਿਸ ਵਿੱਚ ਤਕਸੀਮ ਹੋਈ ਜਾਂ ਕਿਸਦੀ ਜੇਬ ਵਿੱਚ ਗਈ। ਇਹੀ ਵਜ੍ਹਾ ਹੈ ਕਿ 1984 ਦੇ ਇਸ ਦਰਦਨਾਕ ਤੇ ਸ਼ਰਮਨਾਕ ਸਿੱਖ ਕਤਲੇਆਮ ਦੀ ਟੀਸ 38 ਸਾਲ ਦੇ ਲੰਬੇ ਅਰਸੇ ਤੱਕ ਵੀ ਬਰਕਰਾਰ ਰਹਿਣੀ ਧਰਮ ਨਿਰਪੱਖ ਜਮਹੂਰੀ ਰਾਜ ਪ੍ਰਬੰਧ ਲਈ ਬਹੁਤ ਵੱਡਾ ਮਿਹਣਾ ਨਹੀਂ ਤਾਂ ਹੋਰ ਕੀ ਹੈ ?......ਤੇ ਉਹ ਵੀ ਤਦ ਜਦ ਪੀੜਿਤ ਪਰਿਵਾਰ ਅਜੇ ਵੀ ਇਨਸਾਫ਼ ਦੀ ਆਸ ਵਿੱਚ ਨਜ਼ਰਾਂ ਲਗਾਈ ਬੈਠੇ ਹੋਣ।

'ਜਿਨਕੇ ਮਰ ਜਾਤੇ ਹੈਂ, ਉਨਸੇ ਤੋ ਜ਼ਰਾ ਪੂਛੀਏ, ਹਮਨੇ ਤੋ ਅਖ਼ਬਾਰ ਕੀ ਸੁਰਖੀ ਸਮਝ ਕਰ ਪੜ੍ਹ ਲੀਆ'।

ਬਸੰਤਰ ਸਮਝਣ ਵਾਲਿਆਂ ਨੂੰ ਅੱਗ ਦੇ ਸੇਕ ਦਾ ਕੀ ਅਹਿਸਾਸ ? ਦੇਸ਼ ਦੀ ਖਾਤਰ ਸਭ ਤੋਂ ਮੂਹਰੇ ਹੋ ਕੇ ਕੁਰਬਾਨੀਆਂ ਦੇਣ ਵਾਲੀ ਇਸ ਕੌਮ ਨੂੰ 'ਬੜਾ ਪੇੜ (ਦਰਖਤ)' ਗਿਰਾਉਣ ਦਾ ਮਿਲਿਆ ਇਹ ਸਬਕ ਸਦੀ ਦਾ ਸਭ ਤੋਂ ਸ਼ਰਮਨਾਕ 'ਸਬਕ' ਸੀ।


**ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।**



**Edmonton**
Sukh dev Singh Dhanoa
780 700 5022, 780 599 2000
Email: sukhdevdhanoa@gmail.com



**Regina**
Gurbinder Singh Gagowal
306 520 4313, 639 999 1000
Email: gur.gago@gmail.com



**Saskatoon**
Rishi Joshi
639 742 1200
639 999 1000
Rishijoshi1990 @hotmail.com




**Winnipeg**
Lakha Sehajpal Daudhar
204 891 0031
431 733 3000
lakhadaudhar007@gmail.com



**Winnipeg**
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਪ੍ਰੇਮ ਦੀ ਭਾਸ਼ਾ - ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਵਿੱਚ ਅਦਵੈਤਵਾਦ



**Rishi Nagar**
Senator, University of Calgary (2018-2024)
Member, Anti Racism Action Committee, Calgary (2020-2022)
Member, CPS Anti Racism Committee (2021)
News Director and Host - 106.7 RED FM (CKYR) Calgary
T 403.286.1010 C 587.899.1060
Follow me at Twitter.com/@RishiKnagar"rishinagar.ca

ਗੁਰੂ ਨਾਨਕ ਸਾਹਿਬ ਦੇ ਆਪਣੀ ਬਾਣੀ ਵਿੱਚ ਦਿਤੇ ਸੰਦੇਸ਼ ਦਾ ਪਾਠਕ ਹੋਣ ਦੇ ਨਾਤੇ ਅਤੇ ਇਕ ਰੇਡੀਓ ਹੋਸਟ ਹੋਣ ਦੇ ਨਾਤੇ ਮੈਂ ਗੁਰੂ ਸਾਹਿਬ ਦੇ ਉਸ ਹੁਕਮ ਅੱਗੇ ਨਤ-ਮਸਤਕ ਹਾਂ ਜਿਸ ਵਿੱਚ ਉਹਨਾਂ ਨੇ ਦਰਸਾਇਆ ਸੀ ਕਿ ਸਾਨੂੰ ਆਪਣੇ ਦਿਮਾਗ਼ ਦੀ ਵਰਤੋਂ ਕਿਵੇਂ ਕਰਨੀ ਚਾਹੀਦੀ ਹੈ। ਗੁਰੂ ਸਾਹਿਬ ਦਾ ਕਹਿਣਾ ਹੈ ਕਿ ਪਰਮਾਤਮਾ ਦੇ ਭੇਦ ਨੂੰ ਜਾਣਨ ਦੀ ਕੋਸ਼ਿਸ਼ ਵਿੱਚ ਜੇ ਅਸੀਂ ਆਪਣੀ ਬੁੱਧੀ ਤੇ ਗਿਆਨ ਦੀ ਵਰਤੋਂ ਨਹੀਂ ਕਰਦੇ ਤਾਂ ਅਸੀਂ ਨਿਰੇ ਗਧੇ ਹਾਂ:

ਮਨਹੁ ਜਿ ਅੰਧੇ ਘੂਪ ਕਹਿਆ ਬਿਰਦੁ ਨ ਜਾਣਨੀ ॥ ਮਨਿ ਅੰਧੈ ਊਂਧੈ ਕਵਲ ਦਿਸਨਿ ਖਰੇ ਕਰੂਪ ॥ ਇਕਿ ਕਹਿ ਜਾਣਨਿ ਕਹਿਆ ਬੁਝਨਿ ਤੇ ਨਰ ਸੁਘੜ ਸਰੂਪ ॥ ਇਕਨਾ ਨਾਦੁ ਨ ਬੇਦੁ ਨ ਗੀਅ ਰਸੁ ਰਸੁ ਕਸੁ ਨ ਜਾਣੰਤਿ ॥ ਇਕਨਾ ਸਿਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ ॥ ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ ॥ (ਸਗਗਸ 1411)

ਗੁਰੂ ਸਾਹਿਬ ਦਾ ਆਪਣੀ ਬਾਣੀ ਵਿੱਚ ਪਰਮਾਤਮਾ 'ਤੇ ਬਹੁਤ ਜ਼ੋਰ ਰਿਹਾ ਹੈ ਅਤੇ ਉਹਨਾਂ ਦੀ ਬਾਣੀ ਵਿੱਚ ਇਸਲਾਮ ਅਤੇ ਇਸਾਈਅਤ ਨਾਲ ਬਹੁਤ ਨੇੜਲਾ ਸੰਬੰਧ ਰਿਹਾ ਹੋਣ ਕਰਕੇ ਕੁਝ ਵਿਦਵਾਨ ਇਹ ਮੰਨਦੇ ਹਨ ਕਿ ਸਿੱਖੀ ਵੀ, ਇਕ-ਈਸ਼ਵਰ-ਵਾਦੀ (ਪਰਮਾਤਮਾ ਇੱਕ ਹੈ) ਧਰਮ ਹੈ। ਪਰੰਤੂ ਗੁਰੂ ਸਾਹਿਬ ਦਾ 'ਇਕ-ਈਸ਼ਵਰਵਾਦ' ਪੁਰਾਣੀਆਂ ਪਰੰਪਰਾਵਾਂ ਤੋਂ ਹਟ ਕੇ ਹੈ, ਘੱਟ ਪਰੰਪਰਿਕ ਹੈ ਤੇ ਜ਼ਿਆਦਾ ਅਦਵੈਤ-ਇਕ-ਈਸ਼ਵਰਵਾਦ ਹੈ ਜਿਹੜਾ ਕਿ ਉਸ ਸਮੇਂ ਦੇ ਰਹੱਸਵਾਦੀਆਂ ਦੀ ਪਰੰਪਰਾ ਵਿੱਚ ਸ਼ਾਮਿਲ ਰਿਹਾ। ਰਹੱਸਵਾਦੀ ਉਹ ਵਿਅਕਤੀ ਹੈ ਜਿਹੜਾ ਪਰਮਪਿਤਾ ਨਾਲ ਸਿੱਧਾ ਤੇ ਨਿਜੀ ਸੰਬੰਧ ਸਥਾਪਿਤ ਕਰਦਾ ਹੈ। ਪਰ ਸਭ ਤੋਂ ਪਹਿਲਾਂ ਅਦਵੈਤ ਨੂੰ ਸਮਝਣਾ ਹੋਵੇਗਾ।

ਸਨਾਤਨ ਜਾਂ ਕਲਾਸੀਕਲ ਭਾਰਤੀ ਦਰਸ਼ਨ ਸ਼ਾਸਤਰ ਵਿੱਚ ਹਜ਼ਾਰਾਂ ਸਾਲ ਪਹਿਲਾਂ ਉਪਨਿਸ਼ਦਾਂ ਦੀ ਰਚਨਾ ਹੋਈ। ਇਹਨਾਂ ਉਪਨਿਸ਼ਦਾਂ ਵਿੱਚ ਸੱਚਾਈ ਦੇ ਇਕ ਰੂਪ ਦੀ ਵਿਆਖਿਆ ਕੀਤੀ ਗਈ ਹੈ। ਮਨੁੱਖ ਦੇ ਧੁਰ ਅੰਦਰਲੇ ਆਤਮ (ਆਤਮਾ) ਅਤੇ ਬਾਹਰ ਦੇ ਸੰਪੂਰਨ ਸੱਚ (ਬ੍ਰਹਮ) ਦਰਮਿਆਨ ਰਿਸ਼ਤਿਆਂ ਦੀਆਂ ਕਹਾਣੀਆਂ 'ਛਾਂਦੋਗਿਆ ਉਪਨਿਸ਼ਦ' ਵਿੱਚ ਵਿਸਥਾਰ ਸਹਿਤ ਦੱਸੀਆਂ ਗਈਆਂ ਹਨ।

ਇਸ ਵਿੱਚ ਇਕ ਕਹਾਣੀ ਸ਼ਵੇਤਕੇਤੂ ਨਾਮ ਦੇ ਬੱਚੇ ਦੀ ਹੈ। ਇਹ ਬੱਚਾ ਆਪਣੀ ਪੜ੍ਹਾਈ ਪੂਰੀ ਕਰਕੇ ਘਰ ਵਾਪਸ ਪਰਤਿਆ ਤਾਂ ਉਸ ਦੇ ਬਹੁਤ ਸਿਆਣੇ ਪਿਤਾ ਉੱਦਾਲਕ ਨੇ ਦੇਖਿਆ ਕਿ ਉਹ ਬਹੁਤ ਸ਼ਰਾਰਤੀ ਬਣ ਗਿਆ ਸੀ ਤੇ ਉਸ ਨੂੰ ਆਪਣੀ ਪੜ੍ਹਾਈ ਲਿਖਾਈ ਦਾ ਬਹੁਤ ਘਮੰਡ ਹੋ ਗਿਆ ਸੀ। ਉਹ ਰਾਜਾ ਜਨਕ ਨੂੰ ਵਿਚਾਰਾਂ ਵਿੱਚ ਹਰਾਉਣਾ ਚਾਹੁੰਦਾ ਸੀ। ਉਸ ਦੇ ਪਿਤਾ ਉੱਦਾਲਕ ਨੇ ਉਸ ਨੂੰ ਸਿੱਧਾ ਕਰਨ ਦੇ ਉਦੇਸ਼ ਨਾਲ ਇਕ ਸਵਾਲ ਪੁਛਿਆ - 'ਕੀ ਤੈਨੂੰ ਪਤਾ ਹੈ ਕਿ ਉਹ ਕੌਣ ਹੈ, ਜਿਸ ਨੂੰ ਜਾਣਨ ਨਾਲ, ਉਹ ਵੀ ਸੁਣ ਜਾਂਦਾ ਹੈ ਜਿਹੜਾ ਪਹਿਲਾਂ ਕਦੇ ਨਾ ਸੁਣਿਆ ਗਿਆ ਹੋਵੇ; ਜਿਸ ਦਾ ਪਹਿਲਾਂ ਕੁੱਝ ਵੀ ਪਤਾ ਨਾ ਹੋਵੇ, ਉਸ ਬਾਰੇ ਵੀ ਸਭ ਪਤਾ ਲੱਗ ਜਾਂਦਾ ਹੈ ?' ਸ਼ਵੇਤਕੇਤੂ ਇਹ ਸਭ ਸੁਣ ਕੇ ਬੌਂਦਲ ਗਿਆ। ਉਸ ਨੇ ਕਿਹਾ ਕਿ ਇਸ ਬਾਰੇ ਤਾਂ ਉਸ ਨੂੰ ਨਹੀਂ ਦੱਸਿਆ ਗਿਆ ਹੈ।

ਫਿਰ ਉੱਦਾਲਕ ਆਪਣੇ ਪੁੱਤਰ ਸ਼ਵੇਤਕੇਤੂ ਨੂੰ ਬਾਹਰ ਮੈਦਾਨ ਵਿੱਚ ਲੈ ਗਿਆ। ਮਿੱਟੀ ਦੀ ਮੁੱਠ ਚੁੱਕੀ। ਉਹਨਾਂ ਕਹਿਣਾ ਸ਼ੁਰੂ ਕੀਤਾ - ਸ਼ਵੇਤਕੇਤੂ, ਜਿਵੇਂ ਮਿੱਟੀ ਦਾ ਪਤਾ ਲੱਗ ਜਾਣ 'ਤੇ ਮਿੱਟੀ ਦੇ ਬਰਤਨਾਂ ਦੀ ਅਸਲੀਅਤ ਪਤਾ ਲੱਗ ਜਾਂਦੀ ਹੈ ਕਿ ਉਹ ਵੀ ਮਿੱਟੀ ਦੇ ਰੂਪ ਹੀ ਹਨ, ਇਸੇ ਤਰ੍ਹਾਂ ਮਨੁੱਖ ਦੇ ਰੂਪ ਦਾ ਵੀ ਪਤਾ ਲਗਾਇਆ ਜਾ ਸਕਦਾ ਹੈ। ਉਸ ਮੂਲ ਤੱਤ ਨੂੰ ਜਾਣ ਲੈਣ ਮਗਰੋਂ ਇਹ ਪਤਾ ਲੱਗ ਸਕਦਾ ਹੈ ਕਿ ਸੰਸਾਰ ਕਿਸ ਦਾ ਰੂਪ ਹੈ, ਸੰਸਾਰ ਕਿਸ ਤੱਤ ਤੋਂ ਬਣਿਆ ਹੈ।

ਉਹਨਾਂ ਉਸ ਨੂੰ ਹੋਰ ਸਮਝਾਇਆ। ਇਹ ਸਰਬ ਉੱਚ ਸੱਚ ਹੈ ਕਿ ਤੇਰੀ ਹੋਂਦ ਹੈ, ਤੂੰ ਇਕ ਵਿਅਕਤੀ ਹੈਂ, ਚੇਤਨਾ ਹੈਂ। ਇਸੇ ਚੇਤਨਾ ਅਤੇ ਰੂਪ ਤੋਂ ਸਾਰੇ ਸੰਸਾਰ ਨੇ ਜਨਮ ਲਿਆ ਹੈ। ਜਿਵੇਂ ਸੋਨੇ ਦੇ ਬਣੇ ਗਹਿਣੇ, ਸੋਨਾ ਹੀ ਹਨ; ਮਿੱਟੀ ਦੇ ਬਣੇ ਬਰਤਨ, ਮਿੱਟੀ ਹੀ ਹਨ। ਇਸੇ ਤਰ੍ਹਾਂ ਚੇਤਨਾ ਜਾਂ ਹੋਂਦ ਹੀ ਸਭ ਕੁੱਝ ਹੈ। ਇਹੀ ਸੱਚ ਹੈ। ਤੂੰ ਵੀ ਸੱਚੀ ਚੇਤਨਾ ਦਾ ਹੀ ਰੂਪ ਹੈਂ। 'ਤਤ ਤਵੰ ਅਸਿ' - ਤੂੰ ਤੱਤ ਹੀ ਹੈਂ।

ਫਿਰ ਉੱਦਾਲਕ ਨੇ ਸ਼ਵੇਤਕੇਤੂ ਨੂੰ ਸ਼ਹਿਦ ਦੀਆਂ ਮੱਖੀਆਂ ਤੋਂ ਸ਼ਹਿਦ ਅਤੇ ਫੁੱਲਾਂ ਦਰਮਿਆਨ ਸੰਬੰਧ, ਸਮੁੰਦਰ ਅਤੇ ਨਦੀਆਂ ਵਿਚਲਾ ਰਿਸ਼ਤਾ ਆਦਿ ਸਮਝਾਇਆ।

ਉਹਨਾਂ ਦੱਸਿਆ ਕਿ ਕਿ ਜਿਵੇਂ ਫ਼ਲਾਂ ਵਿੱਚ ਬੀਜ ਹੈ ਪਰ ਬੀਜ ਨੂੰ ਤੋੜਣ 'ਤੇ ਉਸ ਵਿੱਚ ਕੁਝ ਨਹੀਂ ਮਿਲੇਗਾ, ਪਰ ਸੱਚ ਇਹੀ ਹੈ ਕਿ ਉਸੇ ਬੀਜ ਤੋਂ ਦਰਖ਼ਤ ਬਣਦੇ ਹਨ। ਫਿਰ ਉਹਨਾਂ ਲੂਣ ਘੁਲੇ ਪਾਣੀ ਦੀ ਉਦਾਹਰਣ ਦਿੱਤੀ। ਲੂਣ ਦਿਖਾਈ ਨਾ ਦਿੰਦਾ ਹੋਇਆ ਵੀ ਪਾਣੀ ਵਿੱਚ ਮੌਜੂਦ ਹੁੰਦਾ ਹੈ। ਉਹੀ ਤੱਤ ਹੈ ਤੇ ਸੱਚ ਵੀ ਹੈ।

ਉਹਨਾਂ ਦੱਸਿਆ ਕਿ ਜਿਵੇਂ ਨਦੀਆਂ ਹਜ਼ਾਰਾਂ ਮੀਲਾਂ ਦਾ ਸਫ਼ਰ ਕਰਕੇ ਸਮੁੰਦਰ ਵਿੱਚ ਮਿਲ ਜਾਂਦੀਆਂ ਹਨ ਤੇ ਸਮੁੰਦਰ ਦੇ ਪਾਣੀ ਤੋਂ ਹੀ ਉਹ ਪੈਦੀਆਂ ਹੁੰਦੀਆਂ ਹਨ। ਸਮੁੰਦਰ ਵਿੱਚ ਮਿਲ ਜਾਣ ਤੇ ਨਦੀ, ਨਦੀ ਨਹੀਂ ਰਹਿ ਜਾਂਦੀ ਤੇ ਇਸੇ ਤਰ੍ਹਾਂ ਆਤਮਾ, ਪਰਮਾਤਮਾ ਦਾ ਅੰਸ਼, ਤੱਤ ਹੁੰਦੀ ਹੋਈ ਪਰਮਾਤਮਾ ਤੋਂ ਆ ਕੇ ਪਰਮਾਤਮਾ ਵਿੱਚ ਹੀ ਮਿਲ ਜਾਂਦੀ ਹੈ। ਇਹੀ ਅੰਤਮ ਸੱਚ ਹੈ...ਸੰਪੂਰਨ ਸੱਚ ਹੈ। ਇਹੀ ਤੱਤ ਹੈ। ਤੂੰ ਵੀ ਤੱਤ ਹੀ ਹੈਂ। 'ਤਤ ਤਵੰ ਅਸਿ'।

ਸੰਸਕ੍ਰਿਤ ਵਿੱਚ ਇਸੇ ਨੂੰ ਅਦਵੈਤ ਕਿਹਾ ਗਿਆ ਹੈ। ਅਦਵੈਤ - ਭਾਵ ਦੋ ਨਹੀਂ, ਸਿਰਫ਼ ਇੱਕ। ਇਸ ਦਾ ਅਰਥ ਹੈ ਕਿ ਅੰਤਮ ਸੱਚ ਇਕ ਹੀ ਹੈ, ਇਸ ਨੂੰ ਦੋਫਾੜ ਨਹੀਂ ਕੀਤਾ ਜਾ ਸਕਦਾ।

ਮੇਰੇ ਤੇ ਤੇਰੇ ਵਿੱਚ, ਮੇਰੇ ਤੇ ਸੰਸਾਰ ਵਿੱਚ, ਮੇਰੇ ਤੇ ਪਰਮਾਤਮਾ ਵਿੱਚ, ਸਿੱਖਾਂ ਤੇ ਹਿੰਦੂਆਂ ਵਿੱਚ, ਸਿੱਖਾਂ ਤੇ ਮੁਸਲਮਾਨਾਂ ਵਿੱਚ, ਹਿੰਦੂਆਂ ਤੇ ਈਸਾਈਆਂ ਵਿੱਚ...ਫ਼ਰਕ ਨਹੀਂ ਕੀਤਾ ਜਾ ਸਕਦਾ - ਸਾਰੇ ਇਕ ਹੀ ਤੱਤ ਤੋਂ ਪੈਦਾ ਹੋਏ ਹਨ। ਜਦੋਂ ਜਦੋਂ ਵੀ ਇਸ ਸੱਚ ਨੂੰ ਵੱਖ ਕਰਨ ਦੀ, ਤੋੜਣ ਦੀ ਕੋਸ਼ਿਸ਼ ਹੋਈ ਹੈ, ਸਮਾਜ ਨੂੰ ਭੈੜੇ ਨਤੀਜੇ ਭੁਗਤਨੇ ਪਏ ਹਨ। ਸਾਰੇ ਸੰਸਾਰ ਵਿੱਚ ਨੌਜਵਾਨ ਤੇ ਬੁੱਢੇ - ਸਾਰੇ ਲੋਕ ਹੌਲੀ ਹੌਲੀ ਅਗਾਂਹਵਧੂ ਆਧੁਨਿਕ ਅਦਵੈਤ ਰੂਹਾਨੀਅਤ ਵੱਲ ਵਧ ਰਹੇ ਲੱਗਦੇ ਹਨ। ਇਸ ਨੂੰ ਅੰਗਰੇਜ਼ੀ ਲੇਖਕ ਤੇ ਫਿਲੌਸਫ਼ਰ ਔਲਡਸ ਲਿਓਨਾਰਡ ਹਕਸਲੇ (1894-1963) 'ਪਿਰੈਨੀਅਲ ਫਿਲੌਸਫੀ' (Perennial Philosophy) ਦੱਸਦਾ ਹੈ ਤੇ ਇਸ ਨੂੰ ਆਧੁਨਿਕ ਸੋਚੀ ਸਮਝੀ ਲਹਿਰ ਦਾ ਨਾਮ ਦਿੰਦਾ ਹੈ।

ਰਮਣ ਮਹਾਰਿਸ਼ੀ, ਨਿਸਰਗਦੱਤ ਮਹਾਰਾਜ, ਜੇ. ਕ੍ਰਿਸ਼ਨਾਮੂਰਤੀ, ਗੁਰੂ ਰਵਿਦਾਸ ਤੇ ਗੁਰੂ ਨਾਨਕ ਇਸੇ ਲੜੀ ਦੇ ਨਾਇਕ ਹਨ। ਇਹਨਾਂ ਮਹਾਨ ਦਾਰਸ਼ਨਿਕਾਂ ਦੇ ਵਿਚਾਰਾਂ ਵਿੱਚ ਵੀ ਵਖ਼ਰੇਵਾਂ ਹੋ ਸਕਦਾ ਹੈ ਤੇ ਇਹ ਸਕੂਲਾਂ-ਕਾਲਜਾਂ-ਯੂਨਿਵਰਸਿਟੀਆਂ ਵਿੱਚ ਅਧਿਐਨ ਦਾ ਵਿਸ਼ਾ ਹੈ। ਪਰ ਇਹਨਾਂ ਸਾਰਿਆਂ ਵਿੱਚ ਕਮਾਲ ਦੀ ਸਮਨਾਤਾ ਵੀ ਹੈ:

ਕਿਸੇ ਧਾਰਮਿਕ ਰਹੁ-ਰੀਤ ਨੂੰ ਨਾ ਮੰਨਣਾ, ਅੰਤਮ ਸੱਚ ਨੂੰ ਆਪਣੇ ਆਪ ਲਈ ਖੋਜਣਾ, ਅੰਤ ਨੂੰ ਆਪਣੇ ਅੰਦਰਲੇ ਤੱਤ, ਆਤਮਾ ਦੀ ਪਰਮਾਤਮਾ ਨਾਲ ਮਿਲਣੀ ਨੂੰ ਮਹਿਸੂਸ ਕਰਕੇ ਉਸ ਦੀ ਖੋਜ ਕਰਨੀ - ਇਹਨਾਂ ਸਾਰਿਆਂ ਦਾ ਰਸਤਾ ਰਿਹਾ ਹੈ। ਗੁਰੂ ਨਾਨਕ ਦੇਵ ਜੀ ਵੀ ਇਸ ਅਦਵੈਤ-ਰਹੱਸਵਾਦ ਦੇ ਮਹਾਨ ਸਨਾਤਨ ਜਾਂ ਕਲਾਸੀਕਲ ਗੁਰੂ (ਅਧਿਆਪਕ) ਹਨ।

ਰੂਹਾਨੀਅਤ ਦਾ ਗਿਆਨ ਦੇਣ ਵਾਲੇ ਅਧਿਆਪਕਾਂ ਦੀ ਅੱਜ ਸੰਸਾਰ ਵਿੱਚ ਕਮੀ ਨਹੀਂ ਹੈ। ਕਿਸੇ ਦੂਜੇ ਦੀਆਂ ਸਿੱਖਿਆਵਾਂ ਦੇ ਚੱਪੂਆਂ ਨਾਲ ਆਪਣੀ ਰੋਜ਼ੀ ਰੋਟੀ ਦੀ ਕਿਸ਼ਤੀ ਅਸਾਨੀ ਨਾਲ ਰੋਹੜੀ ਜਾ ਸਕਦੀ ਹੈ ਪਰ ਉਸ ਨਾਲ ਕਿਸੇ ਮੰਜ਼ਿਲ 'ਤੇ ਨਹੀਂ ਪਹੁੰਚਿਆ ਜਾ ਸਕਦਾ। ਅੱਜ ਸੰਸਾਰ ਇਹਨਾਂ ਪੁਜਾਰੀਆਂ, ਗੁਰੂਆਂ, ਭਾਈਆਂ, ਪ੍ਰਚਾਰਕਾਂ, ਪਾਦਰੀਆਂ ਤੇ ਮੌਲਾਨਿਆਂ ਤੇ ਹੁਣ, ਯੋਗਾ ਕਰਵਾਉਣ ਵਾਲਿਆਂ ਨਾਲ ਭਰਿਆ ਪਿਆ ਹੈ। ਪਰ ਸੱਚਾ ਰਹੱਸਵਾਦੀ ਇਹਨਾਂ ਸਾਰਿਆਂ ਤੋਂ ਵੱਖ ਹੁੰਦਾ ਹੈ।

ਸਿੱਧਾਰਥ ਗੌਤਮ, ਬੋਧੀ ਨਹੀਂ ਬਣਿਆ ਸੀ ਕਿ ਉਸ ਨੂੰ 'ਬੁੱਧ' ਜਾਂ 'ਬੋਧ' ਹੋ ਜਾਵੇ। ਉਹਨਾਂ ਨੇ ਪਹਿਲਾਂ ਆਪਣੇ ਰੀਤੀ ਰਿਵਾਜਾਂ ਤੇ ਪਰੰਪਰਾਵਾਂ ਦਾ ਪਾਲਣ ਕੀਤਾ ਅਤੇ ਉਸ ਰਸਤੇ 'ਤੇ ਚੱਲ ਕੇ ਉਸ ਅੰਤਮ ਸੱਚ ਨੂੰ ਲੱਭਣ ਦੀ ਕੋਸ਼ਿਸ਼ ਕੀਤੀ। ਜਦੋਂ ਉਹਨਾਂ ਨੂੰ ਉਸ ਰਸਤੇ ਤੋਂ ਕੁੱਝ ਨਹੀਂ ਮਿਲਿਆ ਤਾਂ ਉਹਨਾਂ ਰਸਤਾ ਬਦਲਿਆ ਤੇ ਹੁਣ ਲੋਕ ਉਹਨਾਂ ਦੇ ਰਸਤੇ 'ਤੇ ਚੱਲ ਰਹੇ ਹਨ।

ਇਸੇ ਤਰ੍ਹਾਂ ਗੁਰੂ ਨਾਨਕ ਸਿੱਖ ਧਰਮ ਵਿੱਚ ਪੈਦਾ ਨਹੀਂ ਹੋਏ ਸਨ ਤੇ ਨਾ ਹੀ ਉਹ ਇਸ ਵਿੱਚ ਸ਼ਾਮਿਲ ਹੋਏ ਸਨ। ਉਹ ਆਪਣੇ ਸਮੇਂ ਦੇ ਮਹਾਨ ਕ੍ਰਾਂਤੀਕਾਰੀ ਸਨ। ਹਿੰਦੂਆਂ ਤੇ ਮੁਸਲਮਾਨਾਂ ਵੱਲੋਂ ਜਿਹਨਾਂ ਪਰੰਪਰਾਵਾਂ ਦਾ ਪਾਲਣ ਕੀਤਾ ਜਾ ਰਿਹਾ ਸੀ, ਉਹ ਉਹਨਾਂ ਦੇ ਸਮਰਥਕ ਨਹੀਂ ਸਨ।

ਉਹਨਾਂ ਦਾ ਵਾਹ ਨਾ ਕੇਵਲ ਇਸਲਾਮ ਨੂੰ ਮੰਨਣ ਵਾਲਿਆਂ ਨਾਲ ਪਿਆ ਸਗੋਂ, ਨਾਥਾਂ, ਜੋਗੀਆਂ, ਸੰਤਾਂ, ਫਕੀਰਾਂ ਨਾਲ ਵੀ ਪਿਆ। ਭਗਤੀ ਲਹਿਰ ਦੇ ਮਹਾਨ ਕਵੀਆਂ ਨਾਮਦੇਵ, ਕਬੀਰ, ਰਵੀਦਾਸ ਦੀ ਹੋਂਦ ਵੀ ਬਹੁਤ ਮਜ਼ਬੂਤ ਸੀ। ਇਹ ਸਾਰੇ ਹਿੰਦੂ ਦੇਵੀ-ਦੇਵਤਾਵਾਂ - ਵਿਸ਼ਨੂੰ, ਸ਼ਿਵ, ਕ੍ਰਿਸ਼ਨ ਤੇ ਰਾਮ ਦੇ ਉਪਾਸਕ ਸਨ ਤੇ ਕਈ ਦੇਵੀ ਭਗਵਤੀ ਨੂੰ ਪੂਜਦੇ ਸਨ।

ਰੂਹਾਨੀਅਤ ਦੇ ਕੱਟੜ ਸਮਰਥਕ ਹੋਣ ਦੇ ਨਾਤੇ ਗੁਰੂ ਨਾਨਕ ਨੇ ਉਸ ਸਮੇਂ ਉਪਲਬਧ ਸਾਰੇ ਸਰੋਤਾਂ ਨੂੰ ਚੰਗੀ ਤਰ੍ਹਾਂ ਘੋਖਿਆ, ਪੜਤਾਲਿਆ ਤੇ ਇਹਨਾਂ ਤੋਂ ਸਿੱਖਿਆ ਵੀ। ਉਹਨਾਂ ਦੀਆਂ ਉਦਾਸੀਆਂ ਇਸੇ ਗੱਲ ਦਾ ਪ੍ਰਤੀਕ ਵੀ ਹਨ ਕਿ ਉਹਨਾਂ ਨੇ ਬਹੁਤ ਜ਼ਿਆਦਾ ਸ਼ਿੱਦਤ ਨਾਲ ਸੱਚ ਦੀ ਖੋਜ ਕੀਤੀ ਜਿਸ ਵਾਸਤੇ ਉਹ ਦੂਰ ਦੁਰੇਡੇ ਵੀ ਗਏ। ਇਹ ਅਸਲ ਖੋਜੀ,



BharatMandir.com





ਰਹੱਸਵਾਦੀ ਦੇ ਲੱਛਣ ਹੁੰਦੇ ਹਨ ਕਿ ਉਹ ਇਕ ਥਾਂ ਟਿਕ ਕੇ ਨਹੀਂ ਬਹਿੰਦਾ। ਉਹ ਲੱਭਦਾ ਹੈ, ਖੋਜਦਾ ਹੈ, ਤਿਆਗਦਾ ਹੈ, ਚੁੱਕਦਾ ਹੈ, ਛੱਡਦਾ ਹੈ, ਅਪਣਾਉਂਦਾ ਹੈ, ਠੁਕਰਾਉਂਦਾ ਹੈ...ਤੇ ਉਹ ਅਜਿਹਾ ਕਰਨਾ ਜਾਰੀ ਰੱਖਦਾ ਹੈ ਜਦੋਂ ਤੱਕ ਉਸ ਨੂੰ ਅੰਤਮ ਸੱਚ ਦੀ ਖੋਜ ਨਹੀਂ ਹੋ ਜਾਂਦੀ।

ਅਮੈਰਿਕਨ ਫਿਲੌਸਫ਼ਰ ਵਿਲੀਅਮ ਜੇਮਜ਼ (1842-1910) ਕਹਿੰਦਾ ਹੈ ਕਿ ਅਸਲ ਅਤੇ ਸੱਚਾ ਰਹੱਸਵਾਦੀ ਕਦੀ ਵੀ ਕਿਸੇ ਪ੍ਰਚਲਿਤ ਧਰਮ ਨੂੰ ਨਹੀਂ ਅਪਣਾਉਂਦਾ ਸਗੋਂ ਉਸ ਤੋਂ ਵੱਖ ਹੋ ਕੇ ਵੱਖਰਾ ਰਾਹ ਲਭਦਾ ਹੈ।

ਗੁਰੂ ਨਾਨਕ ਦੇਵ ਜੀ ਬਾਰੇ ਕਿਹਾ ਜਾਂਦਾ ਹੈ ਕਿ ਉਹਨਾਂ ਨੇ ਪਰਿਵਾਰਕ ਰੀਤੀਆਂ ਅਨੁਸਾਰ ਪੰਡਿਤ ਵੱਲੋਂ ਪਾਏ ਜਾਂਦੇ ਜਨੇਊ ਨੂੰ ਧਾਰਨ ਕਰਨ ਤੋਂ ਨਾਂਹ ਕਰ ਦਿੱਤੀ ਸੀ। ਪਰ ਅਜਿਹਾ ਨਹੀਂ ਸੀ। ਉਹਨਾਂ ਨੇ ਨਾਂਹ ਨਹੀਂ ਕੀਤੀ ਸੀ। ਸਗੋਂ, ਉਹਨਾਂ ਨੇ ਉਹ ਜਨੇਊ ਪਾਉਣ ਲਈ ਤੇ ਲਿਆਉਣ ਲਈ ਕਿਹਾ ਸੀ ਜਿਹੜਾ ਉਹਨਾਂ ਨੂੰ ਲੱਗਦਾ ਸੀ ਕਿ ਠੀਕ ਸੀ। ਉਹਨਾਂ ਉਸ ਜਨੇਊ ਦੀਆਂ ਖਾਸੀਅਤਾਂ ਵੀ ਦੱਸੀਆਂ:

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥ ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥

ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥ ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥ (ਸਗਗਸ 471)

ਕੁੱਝ ਵਿਦਵਾਨਾਂ ਨੇ ਮੰਨਿਆ ਹੈ ਕਿ ਕੁੱਝ ਗੀਤ, ਸ਼ਬਦ, ਸ਼ਲੋਕ, ਕਵਿਤਾਵਾਂ ਆਦਿ ਨੂੰ ਗਾ ਕੇ ਸਾਧਨਾ ਕੀਤੀ ਜਾ ਸਕਦੀ ਹੈ ਤੇ ਇਸ ਤਰ੍ਹਾਂ ਅੰਤਮ ਸੱਚ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ।

ਗੁਰੂ ਨਾਨਕ ਦੇਵ ਜੀ ਦੀ ਰਚਨਾ 'ਜਪੁਜੀ' ਇਹਨਾਂ ਸਭਨਾਂ ਤੋਂ ਕਿਤੇ ਅੱਗੇ ਹੈ। ਉਹ 'ਰਹੱਸਵਾਦੀ ਅਹਿਸਾਸ' ਪ੍ਰਗਟ ਕਰਦੀ ਹੈ।

ਜੇ ਅਸੀਂ ਇਹ ਕਹੀਏ ਕਿ ਅੰਤਮ ਸੱਚ ਨੂੰ ਲੱਭਣ ਵਾਲੇ ਸਹੀ ਲੋਕ ਬਹੁਤ ਥੋੜ੍ਹੇ ਹਨ ਤਾਂ ਇਹ ਵੀ ਸੱਚ ਹੈ ਕਿ ਅੰਤਮ ਸੱਚ ਨੂੰ ਅਸਲ ਵਿੱਚ ਲੱਭ ਲੈਣ ਵਾਲਿਆਂ ਦੀ ਗਿਣਤੀ ਉਸ ਤੋਂ ਵੀ ਘੱਟ ਹੈ। ਗੁਰੂ ਨਾਨਕ ਇਹਨਾਂ ਬਹੁਤ ਘੱਟ ਲੋਕਾਂ ਵਿੱਚੋਂ ਇਕ ਹਨ। ਉਹਨਾਂ ਨੇ ਆਪਣਾ ਰਸਤਾ ਵੀ ਸਾਂਝਾ ਕੀਤਾ, ਆਪਣਾ ਅਹਿਸਾਸ ਵੀ ਸਾਂਝਾ ਕੀਤਾ। ਉਹਨਾਂ ਦਾ ਮਕਸਦ ਨਾ ਡੇਰਾ ਚਲਾਉਣਾ ਸੀ, ਨਾ ਪ੍ਰਸਿੱਧੀ ਹਾਸਲ ਕਰਨਾ ਸੀ, ਨਾ ਲੋਕ-ਪ੍ਰਸ਼ੰਸਾ ਹਾਸਲ ਕਰਨਾ ਸੀ, ਨਾ ਕੋਈ ਇਨਾਮ ਪ੍ਰਾਪਤ ਕਰਨਾ ਸੀ, ਸਗੋਂ ਉਹਨਾਂ ਨੇ ਜੋ ਕੁਝ ਵੀ ਹਾਸਲ ਕੀਤਾ, ਉਹ ਲੋਕਾਂ ਵਿੱਚ ਵੰਡ ਦਿੱਤਾ। ਉਹਨਾਂ ਨੇ ਪਰਮਾਤਮਾ ਦੀ ਹੋਂਦ ਨੂੰ ਮਹਿਸੂਸ ਕਰਕੇ ਉਸ ਅਹਿਸਾਸ ਨੂੰ ਵੀ ਸਾਂਝਾ ਕਰ ਦਿੱਤਾ।

ਆਪਣੇ ਮੁਸਲਿਮ ਸਾਥੀ ਮਰਦਾਨੇ ਨਾਲ ਰਲ਼ ਕੇ ਗੁਰੂ ਨਾਨਕ ਜੀ ਨੇ ਸਾਰਾ ਜੀਵਨ ਯਾਤਰਾ ਕਰਨ ਵਿੱਚ, ਗਾਉਣ ਵਿੱਚ, ਸਾਂਝਾਂ ਪਾਉਣ ਵਿੱਚ, ਰੂਹਾਨੀਅਤ ਦੀ ਆਪਣੀ ਦ੍ਰਿਸ਼ਟੀ ਦਾ ਫੈਲਾਅ ਕਰਨ ਵਿੱਚ ਬਤੀਤ ਕਰ ਦਿੱਤੀ।

ਉਹਨਾਂ ਨੇ ਸੱਚ ਨੂੰ ਜਾਣਿਆ ਤੇ ਮਹਿਸੂਸ ਕੀਤਾ ਤੇ ਫਿਰ ਲੋਕਾਂ ਨੂੰ ਦੱਸਿਆ। ਪਰਮਾਤਮਾ ਦੀ ਹੋਂਦ ਬਾਰੇ ਉਹਨਾਂ ਜ਼ੋਰ ਸ਼ੋਰ ਨਾਲ ਗੱਲ ਕੀਤੀ ਤੇ ਬਹੁਤ ਗਹਿਰੀ, ਰੂਹਾਨੀ ਅੰਤਰ-ਦ੍ਰਿਸ਼ਟੀ ਆਮ ਲੋਕਾਂ ਤੱਕ ਪਹੁੰਚਾਈ।

ਜਦੋਂ ਉਹਨਾਂ ਨੇ ਆਪਣਾ ਸੱਚ ਤੇ ਪਰਮਾਤਮਾ ਦੀ ਪ੍ਰਾਪਤੀ ਦਾ ਸੱਚ ਅਤੇ ਨਾਲ ਹੀ, ਇਸ ਦਾ ਅਹਿਸਾਸ ਲੋਕਾਂ ਨੂੰ ਦੱਸਣਾ ਸ਼ੁਰੂ ਕੀਤਾ ਤਾਂ ਲੋਕ ਆਪ-ਮੁਹਾਰੇ ਉਹਨਾਂ ਵੱਲ ਖਿਚੇ ਚਲੇ ਗਏ। ਪੁਜਾਰੀਆਂ ਤੇ ਮੌਲਾਨਿਆਂ ਦੇ ਕਬਜ਼ੇ ਵਿੱਚੋਂ ਰੱਬ ਨੂੰ ਆਜ਼ਾਦੀ ਮਿਲ ਗਈ ਸੀ। ਉਹਨਾਂ ਨੇ ਬਿਨਾ ਕਿਸੇ ਲੁਕ-ਲੁਕਾਅ ਤੋਂ ਉਹ ਰਸਤਾ ਲੋਕਾਂ ਵਿੱਚ ਵੰਡ ਦਿੱਤਾ ਜਿਹੜਾ ਉਹਨਾਂ ਆਪਣੀ ਮਿਹਨਤ ਨਾਲ ਹਾਸਲ ਕੀਤਾ ਸੀ।

ਉਹਨਾਂ ਦੀਆਂ ਨਜ਼ਰਾਂ ਵਿੱਚ ਸਿੱਖ ਤਾਂ ਹਮੇਸ਼ਾ ਸਿੱਖਣ ਵਾਲਾ, ਜੀਵਨ ਭਰ ਸਿੱਖਣ ਵਾਲਾ, ਰੂਹਾਨੀਅਤ ਦੀ ਖੋਜ-ਭਾਲ ਕਰਨ ਵਾਲਾ ਹੀ ਹੋ ਸਕਦਾ ਹੈ। ਇਹੀ ਗੁਰੂ ਨਾਨਕ ਸਾਹਿਬ ਦੇ ਜੀਵਨ ਦੀ ਭਾਵਨਾ ਸੀ ਤੇ ਇਹੀ ਉਹਨਾਂ ਦੀਆਂ ਸਿੱਖਿਆਵਾਂ ਦਾ ਨਿਚੋੜ। ਕਈ ਲੋਕ ਮੰਨਦੇ ਹਨ ਕਿ ਪੁਰਾਤਨ ਧਾਰਮਿਕ ਸੰਸਥਾਨ ਤੇ ਅਦਾਰੇ ਤੇ ਦਿਖਾਵੇ ਬੇਲੋੜੇ ਬੋਝ ਹਨ ਤੇ ਇਹਨਾਂ ਦੀ ਕੋਈ ਲੋੜ ਨਹੀਂ। ਪਰ ਸੱਚ ਇਹ ਵੀ ਹੈ ਕਿ ਇਹਨਾਂ ਤੋਂ ਬਾਹਰ ਹੋ ਕੇ, ਰਸਮੀ ਰੀਤੀਆਂ-ਰਿਵਾਜਾਂ ਤੋਂ ਮੁਕਤ ਹੋ ਕੇ ਰੂਹਾਨੀਅਤ ਦਾ ਅਸਲ ਅਰਥ ਕਿਵੇਂ ਲੱਭਿਆ ਜਾਵੇ, ਇਹ ਵੀ ਲੋਕਾਂ ਵਾਸਤੇ ਵੱਡਾ ਸਵਾਲ ਬਣ ਚੁੱਕਿਆ ਹੈ।

ਗੁਰੂ ਗ੍ਰੰਥ ਸਾਹਿਬ ਦੀ ਸ਼ੁਰੂਆਤ ਹੀ ਅਦਵੈਤ ਤੋਂ ਹੁੰਦੀ ਹੈ। ੧ਓ ਦਾ ਸੰਦੇਸ਼ ਹੀ ਅਦਵੈਤ ਹੈ ਇਸ ਤੋਂ ਹੀ ਇਸ ਪਵਿੱਤਰ ਗ੍ਰੰਥ ਦੀ ਸ਼ੁਰੂਆਤ ਹੁੰਦੀ ਹੈ। ਪਰਮਾਤਮਾ ਇਕ ਹੀ ਹੈ। ਇਕ ਹੀ ਸੱਚ ਹੈ। ਇੱਥੇ ਕਈ ਲੋਕ ਕਹਿ ਸਕਦੇ ਹਨ ਕਿ ਸਿੱਖੀ ਵਿੱਚ ਦਵੈਤ ਦਾ ਸੰਕਲਪ ਹੈ, ਭਾਵ ਦੋ ਦਾ ਸੰਕਲਪ ਹੈ। ਤੂੰ ਤੇ ਮੈਂ ਦਾ ਸੰਕਲਪ। ਸਿੱਖੀ ਇਸ ਗੱਲ ਨੂੰ ਵੀ ਸਵੀਕਾਰ ਕਰਦੀ ਹੈ ਕਿ ਇਕ ਆਤਮਾ ਦੀ ਵੀ ਹੋਂਦ ਹੈ, ਇਹ ਵੀ ਸੱਚ ਹੈ। ਪਰ ਗੁਰੂ ਨਾਨਕ ਇਸ ਵਿਰੋਧਾਭਾਸ ਨੂੰ ਮਾਰੂ ਰਾਗ ਵਿੱਚ ਦਰੁਸਤ ਕਰਦੇ ਹਨ। ਜਦੋਂ ਮੈਂ @ਮੈਂ-ਮੇਰੀ' ਕਰਦਾ ਹਾਂ ਤਦੋਂ ਤੂੰ ਮੇਰੇ ਅੰਦਰ ਪ੍ਰਗਟ ਨਹੀਂ ਹੁੰਦਾ, ਪਰ ਜਦੋਂ ਤੂੰ ਆ ਵੱਸਦਾ ਹੈਂ ਮੇਰੀ @ਹਉਂ@ ਜਾਂ ਮੈਂ ਮੁੱਕ ਜਾਂਦੀ ਹੈ।

ਹਉ ਮੈ ਕਰੀ ਤਾਂ ਤੂ ਨਾਹੀ ਤੂ ਹੋਵਹਿ ਹਉ ਨਾਹਿ ॥ (ਸਗਗਸ 1093) ਸਪਸ਼ਟ ਹੈ ਕਿ ਸਿਰਫ਼ ਪਰਮਾਤਮਾ, ਵਾਹਿਗੁਰੂ - ਦ ਵੰਡਰਫੁਲ ਟੀਚਰ, ਹੀ ਅਸਲ ਅਤੇ ਅੰਤਮ ਸੱਚ ਹੈ। ਆਤਮਾ ਦਾ ਰਹੱਸਮਈ ਵਰਤਾਰਾ ਤੇ ਪਰਮਾਤਮਾ ਦੀ ਕਮਾਲ ਦੀ ਸਿਰਜਨਾ ਵਾਲਾ ਇਹ ਸੰਸਾਰ, ਇਹ ਸਮੁੱਚਾ ਬ੍ਰਹਿਮੰਡ, ਉਸ ਪਰਮਪਿਤਾ ਦਾ ਹੀ ਕਮਾਲ ਹੈ ਜਿਸ ਨੂੰ ਸਮਝਿਆ ਨਹੀਂ ਜਾ ਸਕਦਾ। ਸਿੱਖੀ, ਪਰਮ ਸੱਚ ਤੋਂ ਉੱਪਰ ਉੱਠਦੀ ਹੋਈ ਉਸ ਦੀ ਸਿਰਜਣਾਤਮਕ ਵਿਭਿੰਨਤਾ ਦੇ ਨਿਰਗੁਣ ਪੱਖ ਨੂੰ ਸਮੇਟਦੀ ਹੋਈ ਅਤੇ ਉਸ ਦੇ ਸਰਗੁਣ ਪੱਖ ਨੂੰ ਨਾਲ ਮਿਲਾਉਂਦੀ ਹੋਈ ਉਸ ਦਿਸ਼ਾ ਵੱਲ ਲੈ ਜਾਂਦੀ ਹੈ ਜਿਸ ਵੱਲ ਗੁਰੂ ਨਾਨਕ ਸਿਰਫ਼ ਇਸ਼ਾਰਾ ਹੀ ਨਹੀਂ ਕਰਦੇ ਸਗੋਂ ਉਸ ਵੱਲ ਜਾਣ ਦਾ ਸਾਫ਼-ਸਾਫ਼ ਰਸਤਾ ਵੀ ਦੱਸਦੇ ਹਨ। ਉਹ 'ਇਕ', ਭਾਵ ਪਰਮਾਤਮਾ, ਅਨੇਕ ਵੀ ਹੈ। ਪਰਤ ਦਰ ਪਰਤ ਹੁੰਦੀ ਸਿਰਜਨਾ - ਜਿਵੇਂ ਬੀਜ ਤੋਂ ਅੱਗੇ ਫੈਲਾਅ ਹੋਣਾ - ਬਣਾਉਟੀ ਤੇ ਅਧੂਰੀ ਹੈ ਤੇ ਇਹ ਸਾਰੀ ਸਿਰਜਣਾ ਇਕ ਸੱਚੀ ਸੱਚਾਈ 'ਤੇ ਨਿਰਭਰ ਹੁੰਦੀ ਹੈ। ਰੱਬ ਹੀ ਪੂਰਾ ਹੈ। ਸੰਪੂਰਨ ਹੈ।

ਇਕ ਰਿਵਾਇਤ ਮੁਤਾਬਕ ਗੁਰੂ ਨਾਨਕ ਸੁਲਤਾਨਪੁਰ ਵਿਚੋਂ ਗੁਜ਼ਰਦੀ ਬੇਈਂ ਵਿੱਚੋਂ ਨਿੱਕਲੇ। ਉਸ ਸਮੇਂ ਉਹਨਾਂ ਦੀ ਉਮਰ ਲਗਪਗ 30 ਸਾਲ ਦੀ ਸੀ। ਉਹਨਾਂ ਨੂੰ ਰੱਬੀ ਅਹਿਸਾਸ ਹੋ ਚੁੱਕਿਆ ਸੀ। ਨਾਨਕ ਦੇਵ ਹੁਣ ਗੁਰੂ ਨਾਨਕ ਦੇਵ ਜੀ ਹੋ ਚੁੱਕੇ ਸਨ। ਕਿਸੇ ਨੇ ਉਹਨਾਂ ਨੂੰ ਪੁੱਛਿਆ ਕਿ ਹੁਣ ਉਹ ਕਿਹੜਾ ਰਸਤਾ ਅਪਣਾਉਣਗੇ ? ਉਹਨਾਂ ਦਾ ਜਵਾਬ ਸੀ ' ਨਾ ਹਿੰਦੂ ਨਾ ਮੁਸਲਮਾਨ'। ਹੁਣ ਇਸ ਇਕ ਲਾਈਨ ਦੇ ਕਈ ਅਰਥ ਹੋ ਚੁੱਕੇ ਹਨ। ਕੋਈ ਇਸ ਨੂੰ ਹਿੰਦੂ ਤੇ ਇਸਲਾਮ ਨੂੰ ਨਾਂਹ ਕਹਿੰਦਾ ਹੈ ਤੇ ਕਿਸੇ ਨਵੇਂ ਧਰਮ ਦੀ ਸ਼ੁਰੂਆਤ ਵੱਲ ਇਸ਼ਾਰਾ ਕਰਦਾ ਹੈ। ਇਸੇ ਨੂੰ ਇਹ ਸਿੱਖੀ ਦੀ ਸ਼ੁਰੂਆਤ ਵੀ ਮੰਨਦੇ ਹਨ। ਇਹ ਵੀ ਇਕ ਤਰਕ ਹੈ ਕਿ ਉਹਨਾਂ ਨੇ ਉਸ ਵੇਲੇ ਦੇ ਪ੍ਰਚਲਿਤ ਦੋਵੇਂ ਧਰਮਾਂ - ਇਸਲਾਮ ਤੇ ਹਿੰਦੂ - ਨੂੰ ਛੱਡਣ ਦਾ ਐਲਾਨ ਕੀਤਾ ਹੋਵੇ। ਪਰ ਇੱਥੇ ਕਿਸੇ ਤੀਜੇ, ਨਵੇਂ ਧਰਮ ਦੀ ਸ਼ੁਰੂਆਤ ਦਾ ਕੋਈ ਸੰਕੇਤ ਨਹੀਂ ਹੈ। ਇੱਥੇ ਉਹ ਮੇਰ-ਤੇਰ ਦਾ ਫ਼ਰਕ ਛੱਡ ਰਹੇ ਵੀ ਪ੍ਰਤੀਤ ਹੁੰਦੇ ਹਨ। ਤੂੰ ਤੇ ਮੈਂ ਦਾ ਭੇਦ ਹੀ ਖ਼ਤਮ ਕਰ ਰਹੇ ਜਾਪਦੇ ਹਨ। ਇਕ ਰੂਪ ਹੋਣ ਦੀ ਗੱਲ ਕਰ ਰਹੇ ਲੱਗਦੇ ਹਨ। 'ਨਾ ਹਿੰਦੂ, ਨਾ ਮੁਸਲਮਾਨ' ਕਹਿ ਕੇ ਉਹਨਾਂ ਨੇ ਇਸ ਨੂੰ ਇਕ ਰੱਬ ਦੀ ਜੋਤ ਹੀ ਮੰਨਿਆ ਹੋ ਸਕਦਾ ਹੈ। ਉਹਨਾਂ ਨੇ ਜਦੋਂ ਜਾਤਿ-ਪਾਤਿ ਦਾ ਫਾਹਾ ਵੱਢਿਆ ਤਾਂ ਉਹਨਾਂ ਕਿਹਾ ਸੀ ਕਿ ਜੀਵਾਂ ਨੂੰ ਪੈਦਾ ਕਰਨ ਵਾਲਾ ਪਰਮਾਤਮਾ ਹਰ ਇਕ ਦਾ ਆਸਰਾ ਹੈ, ਉਹੀ ਹਰੇਕ ਦਾ ਰਾਖਾ ਹੈ। ਸਾਰੇ ਉਸ ਦੀ ਜੋਤ ਤੋਂ ਪੈਦਾ ਹੋਏ ਹੋਣ ਕਰਕੇ ਇਕ ਹੀ ਹਨ।

ਹਰਿ ਇਕੋ ਕਰਤਾ ਇਕੁ ਇਕੋ ਦੀਬਾਣੁ ਹਰਿ ॥ ਹਰਿ ਇਕਸੈ ਦਾ ਹੈ ਅਮਰੁ ਇਕੋ ਹਰਿ ਚਿਤਿ ਧਰਿ ॥ (ਸਗਗਸ-83)

ਸਿਰੀ ਰਾਗ ਵਿੱਚ ਗੁਰੂ ਸਾਹਿਬ ਫੁਰਮਾਉਂਦੇ ਹਨ: ਜਿਹੜੀਆਂ ਜੀਵ-ਇਸਤ੍ਰੀਆਂ ਗੁਰੂ ਦੇ ਪ੍ਰੇਮ ਵਿਚ ਟਿਕ ਕੇ ਜੀਵਨ-ਰਾਹ 'ਤੇ ਤੁਰਦੀਆਂ ਹਨ, ਉਹ ਪਰਮਾਤਮਾ-ਪਤੀ ਦੀ ਪ੍ਰਸੰਨਤਾ ਦੀ ਸੁਭਾਗਤਾ ਵਾਲੀਆਂ ਬਣ ਜਾਂਦੀਆਂ ਹਨ, ਉਹਨਾਂ ਦੀ ਇਹ ਸੁਭਾਗਤਾ ਹਮੇਸ਼ਾ ਕਾਇਮ ਰਹਿੰਦੀ ਹੈ। ਗੁਰੂ ਦੀ ਸ਼ਰਨ ਪਿਆਂ, ਉਹ ਪਤੀ-ਪ੍ਰਭੂ ਮਿਲ ਪੈਂਦਾ ਹੈ ਜੋ ਸਦਾ ਅਟੱਲ ਹੈ, ਜੋ ਨਾ ਮਰਦਾ ਹੈ ਨਾ ਜੰਮਦਾ ਹੈ। ਜਿਹੜੀ ਜੀਵ-ਇਸਤ੍ਰੀ ਗੁਰੂ ਦੇ ਸ਼ਬਦ ਰਾਹੀਂ ਉਸ ਪ੍ਰਭੂ ਵਿਚ ਜਾ ਮਿਲਦੀ ਹੈ, ਉਹ ਮੁੜ ਉਸ ਤੋਂ ਵਿੱਛੜਦੀ ਨਹੀਂ, ਉਹ ਸਦਾ ਪ੍ਰਭੂ-ਪਤੀ ਦੇ ਨਾਲ ਹੀ ਰਹਿੰਦੀ ਹੈ।

ਸਦਾ ਸੁਹਾਗੁ ਸੁਹਾਗਣੀ ਜੇ ਚਲਹਿ ਸਤਿਗੁਰ ਭਾਇ ॥ ਸਦਾ ਪਿਰੁ ਨਿਹਚਲੁ ਪਾਈਐ ਨਾ ਓਹੁ ਮਰੈ ਨ ਜਾਇ ॥ ਸਬਦਿ ਮਿਲੀ ਨਾ ਵੀਛੁੜੈ ਪਿਰ ਕੈ ਅੰਕਿ ਸਮਾਇ ॥ (ਸਗਗਸ-66)

ਨਾਨਕ, 'ਪਿਰ ਕੈ ਅੰਕਿ' ਸਮਾਉਣ ਦਾ ਦਾ ਹੀ ਫਾਰਮੂਲਾ ਦੱਸ ਕੇ ਗਏ ਹਨ।

ਸਰੋਤ
K. R. Srinivasa Iyengar, "Guru Nanak After E@@ Years."
W. H. McLeod. Guru Nanak and the Sikh Religion
Patrick Olivelle. The Early Upanishads
Prof Dr Hillary Rodrigues, Department of Religious Studies, The University of Lethbridge.

## ਭਾਰਤੀਆਂ ਨੂੰ ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਦੀ ਜ਼ਿਆਦਾ ਚਿੰਤਾ, ਮਹਿੰਗਾਈ ਦੀ ਚਿੰਤਾ ਘੱਟ




ਚੰਡੀਗੜ੍ਹ (ਪੰਜਾਬੀ ਅਖ਼ਬਾਰ ਬਿਊਰੋ)- ਸ਼ਹਿਰ ਵਿੱਚ ਰਹਿਣ ਵਾਲੇ ਭਾਰਤੀਆਂ ਲਈ ਬੇਰੁਜ਼ਗਾਰੀ ਅਤੇ ਭ੍ਰਿਸ਼ਟਾਚਾਰ ਦਾ ਮੁੱਦਾ ਸਭ ਤੋਂ ਵੱਡੀ ਚਿੰਤਾ ਬਣਿਆ ਹੋਇਆ ਹੈ। ਇਸ ਨਾਲ ਹੀ ਮਹਿੰਗਾਈ ਨੂੰ ਲੈ ਕੇ ਲੋਕਾਂ ਦੀ ਚਿੰਤਾ ਵੀ ਘੱਟ ਹੋਈ ਹੈ। ਇਪਸੋਸ ਨੇ ਸਰਵੇਖਣ ਦੇ ਆਧਾਰ 'ਤੇ ਇਹ ਦਾਅਵਾ ਕੀਤਾ ਹੈ। ਇਪਸੋਸ ਨੇ ਆਨਲਾਈਨ ਪੈਨਲ ਪ੍ਰਣਾਲੀ ਰਾਹੀਂ ਭਾਰਤ ਸਮੇਤ 29 ਦੇਸ਼ਾਂ ਦੇ ਨਾਗਰਿਕਾਂ ਦਾ ਸਰਵੇਖਣ ਕੀਤਾ ਹੈ, ਜਿਸ ਵਿਚ ਮਹਿੰਗਾਈ ਨੂੰ ਲੈ ਕੇ ਚਿੰਤਾਜਨਕ ਮੁੱਦੇ 'ਤੇ ਭਾਰਤ ਨੂੰ ਸਭ ਤੋਂ ਹੇਠਲੇ ਸਥਾਨ 'ਤੇ ਰੱਖਿਆ ਗਿਆ ਹੈ। ਇਪਸੋਸ ਨੇ ਦੱਸਿਆ ਕਿ ਇਹ ਸਰਵੇਖਣ 23 ਸਤੰਬਰ ਤੋਂ 7 ਅਕਤੂਬਰ ਤੱਕ ਕੀਤਾ ਗਿਆ ਸੀ। ਇਸ ਦੇ ਨਾਲ ਹੀ, ਇਪਸੋਸ ਨੇ ਦਾਅਵਾ ਕੀਤਾ ਹੈ ਕਿ ਦੁਨੀਆਂ ਭਰ ਦੇ ਨਾਗਰਿਕ ਵੱਧ ਰਹੀ ਮਹਿੰਗਾਈ ਤੋਂ ਸਭ ਤੋਂ ਵੱਧ ਚਿੰਤਤ ਹਨ, ਜੋ ਪਿਛਲੇ ਮਹੀਨੇ ਦੇ ਮੁਕਾਬਲੇ 2 ਫੀਸਦੀ ਵਧੀ ਹੈ। ਇਸ ਨਾਲ ਹੀ, ਦੁਨੀਆਂ ਭਰ ਦੇ ਨਾਗਰਿਕ ਗਰੀਬੀ, ਸਮਾਜਿਕ ਅਸਮਾਨਤਾ, ਬੇਰੁਜ਼ਗਾਰੀ, ਅਪਰਾਧ ਅਤੇ ਹਿੰਸਾ, ਅਤੇ ਭ੍ਰਿਸ਼ਟਾਚਾਰ ਦੇ ਮੁੱਦਿਆਂ ਨੂੰ ਕੇ ਕਾਫੀ ਚਿੰਤਤ ਹਨ। ਭਾਰਤ ਵਿੱਚ ਇਪਸੋਸ ਦੇ ਸਰਵੇਖਣ 'ਤੇ ਬੋਲਦੇ ਹੋਏ ਸੀਈਓ, ਅਮਿਤ ਅਡਾਰਕਰ ਨੇ ਕਿਹਾ ਕਿ ਭਾਰਤੀ ਬਾਜ਼ਾਰ ਕੋਰੋਨਾ ਮਹਾਂਮਾਰੀ ਦੇ ਨਾਲ-ਨਾਲ ਗਲੋਬਲ ਮੰਦੀ ਦੇ ਪ੍ਰਭਾਵਾਂ ਨੂੰ ਮਹਿਸੂਸ ਕਰ ਰਿਹਾ ਹੈ। ਇਸ ਨਾਲ ਨੌਕਰੀਆਂ ਵਿੱਚ ਕਮੀ ਆਈ ਹੈ, ਜਿਸ ਨਾਲ ਭ੍ਰਿਸ਼ਟਾਚਾਰ, ਅਪਰਾਧ ਅਤੇ ਸਮਾਜਿਕ ਅਸਮਾਨਤਾ ਵਿੱਚ ਵਾਧਾ ਹੋਇਆ ਹੈ। ਹਾਲਾਂਕਿ ਭਾਰਤ ਸਰਕਾਰ ਨੇ ਦੂਜੇ ਦੇਸ਼ਾਂ ਦੇ ਮੁਕਾਬਲੇ ਈਂਧਨ ਦੀਆਂ ਕੀਮਤਾਂ ਨੂੰ ਕੰਟਰੋਲ 'ਚ ਰੱਖਿਆ ਹੈ।ਸੀਈਓ ਅਮਿਤ ਅਡਾਰਕਰ ਨੇ ਕਿਹਾ ਕਿ 'ਭਾਰਤ ਇੰਡੋਨੇਸ਼ੀਆ ਨੂੰ ਪਛਾੜ ਕੇ ਦੂਜਾ ਸਭ ਤੋਂ ਸਕਾਰਾਤਮਕ ਬਾਜ਼ਾਰ ਬਣ ਗਿਆ ਹੈ। ਜ਼ਿਆਦਾਤਰ ਸ਼ਹਿਰੀ ਭਾਰਤੀਆਂ ਦਾ ਮੰਨਣਾ ਹੈ ਕਿ ਭਾਰਤ ਸਹੀ ਰਸਤੇ 'ਤੇ ਹੈ। ਹਾਲਾਂਕਿ, ਹੜ੍ਹਾਂ ਅਤੇ ਪ੍ਰਤੀਕੂਲ ਮਾਹੌਲ ਦੇ ਪ੍ਰਭਾਵ ਸ਼ਹਿਰੀ ਭਾਰਤੀਆਂ ਨੂੰ ਪਰੇਸ਼ਾਨ ਕਰ ਰਹੇ ਹਨ। ਇਸ ਮੁੱਦੇ 'ਤੇ ਸਰਕਾਰ ਨੂੰ ਹੋਰ ਜ਼ਿਆਦਾ ਧਿਆਨ ਦੇਣ ਦੀ ਜ਼ਰੂਰਤ ਹੈ।'

## ਬੰਦੀ ਸਿੰਘਾਂ ਦੀ ਰਿਹਾਈ ਲਈ ਗੁਰਦੁਆਰਾ ਸੀਸ ਗੰਜ ਸਾਹਿਬ ਦੇ ਬਾਹਰ ਸਿੱਖਾਂ ਨੇ ਜਾਗਰੂਕਤਾ ਮੋਰਚਾ ਲਾਇਆ

### ਕੇਂਦਰ ਸਰਕਾਰ ਗੁਰੂ ਸਾਹਿਬ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਉਂਦੇ ਹੋਏ ਸਿਆਸੀ ਸਿੱਖ ਕੈਦੀਆਂ ਦੀ ਤੁਰੰਤ ਰਿਹਾਈ ਕਰੇ : ਰਿਹਾਈ ਮੋਰਚਾ




ਨਵੀਂ ਦਿੱਲੀ (ਪੰਜਾਬੀ ਅਖ਼ਬਾਰ ਬਿਊਰੋ)- ਸਿਆਸੀ ਸਿੱਖ ਕੈਦੀ ਰਿਹਾਈ ਮੋਰਚਾ (ਦਿੱਲੀ) ਦੀ ਤਰਫੋਂ ਬੰਦੀ ਸਿੰਘਾਂ ਦੀ ਰਿਹਾਈ ਪ੍ਰਤੀ ਸਮਾਜਿਕ ਚੇਤਨਾ ਪੈਦਾ ਕਰਨ ਲਈ ਅੱਜ 'ਸੰਵਿਧਾਨ ਇਹ ਕਹਿੰਦਾ ਹੈ- ਬੰਦੀ ਸਿੰਘ ਰਿਹਾਅ ਕਰੋ' ਮੁਹਿੰਮ ਤਹਿਤ ਗੁਰਦੁਆਰਾ ਸੀਸ ਗੰਜ ਸਾਹਿਬ ਦੇ ਬਾਹਰ ਜਾਗਰੂਕਤਾ ਮੋਰਚਾ ਲਾਇਆ ਗਿਆ। ਇੰਨਸਾਫ ਪਸੰਦ ਲੋਕਾਂ ਨੇ ਹੱਥਾਂ ਵਿੱਚ ਤਖ਼ਤੀਆਂ ਲੈ ਕੇ ਬੰਦੀ ਸਿੰਘਾਂ ਦੀ ਰਿਹਾਈ ਲਈ ਗੰਭੀਰਤਾ ਨਾਲ ਨਾਅਰੇਬਾਜ਼ੀ ਕੀਤੀ। ਇਸ ਤੋਂ ਪਹਿਲਾਂ ਭਾਈ ਮਤੀ ਦਾਸ ਯਾਦਗਾਰ ਉਤੇ ਕੀਰਤਨੀਆਂ ਵੱਲੋਂ ਗੁਰਬਾਣੀ ਦਾ ਗਾਇਨ ਵੀ ਕੀਤਾ ਗਿਆ। ਇਸ ਬਾਰੇ ਹੋਰ ਜਾਣਕਾਰੀ ਦਿੰਦੇ ਹੋਏ ਸਿਆਸੀ ਸਿੱਖ ਕੈਦੀ ਰਿਹਾਈ ਮੋਰਚਾ (ਦਿੱਲੀ) ਦੇ ਕਾਰਜਕਾਰੀ ਪ੍ਰਧਾਨ ਗੁਰਦੀਪ ਸਿੰਘ ਮਿੰਟੂ ਨੇ ਕਿਹਾ ਕਿ ਸਾਡਾ ਟੀਚਾ ਸ਼ਾਂਤਮਈ ਤਰੀਕੇ ਨਾਲ ਬੰਦੀ ਸਿੰਘਾਂ ਦੀ ਰਿਹਾਈ ਕਰਵਾਉਣ ਦਾ ਹੈ। ਇਸ ਲਈ ਇਸ ਲੜੀਵਾਰ ਮੋਰਚਿਆਂ ਤਹਿਤ ਅਸੀਂ ਸਰਕਾਰਾਂ ਅੱਗੇ ਬੇਨਤੀ ਕਰ ਰਹੇ ਹਾਂ ? ਅਤੇ ਨਾਲ ਹੀ ਲੋਕਾਂ ਨੂੰ ਵੀ ਜਾਗਰੂਕ ਕਰ ਰਹੇ ਹਾਂ। ਪ੍ਰਧਾਨ ਮੰਤਰੀ ਅਤੇ ਕੇਂਦਰੀ ਗ੍ਰਹਿ ਮੰਤਰੀ ਵੱਲੋਂ ਬਾਰ-ਬਾਰ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦਾ ਕਰਜ਼ ਦੇਸ਼ ਉਤੇ ਹੋਣ ਦੇ ਦਿੱਤੇ ਜਾਂਦੇ ਬਿਆਨਾਂ ਦਾ ਚੇਤਾ ਕਰਵਾਉਂਦੇ ਹੋਏ ਗੁਰਦੀਪ ਸਿੰਘ ਮਿੰਟੂ ਨੇ ਕਿਹਾ ਕਿ ਹੁਣ ਵੇਲਾ ਆ ਗਿਆ ਹੈ ਕਿ ਕੇਂਦਰ ਸਰਕਾਰ ਗੁਰੂ ਤੇਗ ਬਹਾਦਰ ਸਾਹਿਬ ਜੀ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਉਂਦੇ ਹੋਏ ਇਨ੍ਹਾਂ ਸਿਆਸੀ ਸਿੱਖ ਕੈਦੀਆਂ ਦੀ ਤੁਰੰਤ ਰਿਹਾਈ ਕਰੇ। ਐਡਵੋਕੇਟ ਭਾਨੂੰ ਪ੍ਰਤਾਪ ਅਤੇ ਐਡਵੋਕੇਟ ਮਹਮੂਦ ਪ੍ਰਾਚਾ ਨੇ ਕਿਹਾ ਕਿ ਸੁਪਰੀਮ ਕੋਰਟ ਨੇ 27 ਸਾਲ ਜੇਲ੍ਹ ਕੱਟਣ ਤੋਂ ਬਾਅਦ ਵੀ ਭਾਈ ਜਗਤਾਰ ਸਿੰਘ ਹਵਾਰਾ ਨੂੰ ਦੋਸ਼ੀ ਕਰਾਰ ਨਹੀਂ ਦਿੱਤਾ ਹੈ। ਇਸ ਲਈ ਅਸੀਂ ਭਾਈ ਹਵਾਰਾ ਨੂੰ ਆਰੋਪੀ ਦੱਸਦੇ ਹਾਂ ਦੋਸ਼ੀ ਨਹੀਂ। ਇੱਕ ਪਾਸੇ ਰਾਜੀਵ ਗਾਂਧੀ ਅਤੇ ਬਿਲਕਿਸ ਬਾਨੋ ਦੇ ਦੋਸ਼ੀ ਅਜ਼ਾਦ ਹੋ ਗਏ ਹਨ, ਪਰ ਦੂਜੇ ਪਾਸੇ ਬੰਦੀ ਸਿੰਘਾਂ ਦੀ ਰਿਹਾਈ ਵਿਚ ਲਗਾਤਾਰ ਰੁਕਾਵਟਾਂ ਖੜੀਆਂ ਕੀਤੀਆਂ ਜਾ ਰਹੀਆਂ ਹਨ। ਰਿਹਾਈ ਮੋਰਚੇ ਦੇ ਕਨਵੀਨਰ ਅਤੇ ਸਾਬਕਾ ਵਿਧਾਇਕ ਅਵਤਾਰ ਸਿੰਘ ਕਾਲਕਾ ਨੇ ਦਾਅਵਾ ਕੀਤਾ ਕਿ ਸਰਕਾਰਾਂ ਬੰਦੀ ਸਿੰਘਾਂ ਦੀ ਰਿਹਾਈ ਤੋਂ ਇਸ ਕਰਕੇ ਡਰਦੀਆਂ ਹਨ, ਕਿ ਕਿਤੇ ਇਹ ਸਿੰਘ ਬਾਹਰ ਆ ਗਏ ਤਾਂ ਪੰਜਾਬ ਵਿਚ ਭ੍ਰਿਸ਼ਟਾਚਾਰ, ਬਦਮਾਸ਼ੀ ਅਤੇ ਨਸ਼ਿਆਂ ਵਾਲੀ ਇਨ੍ਹਾਂ ਦੀ ਸਿਆਸਤ ਖਤਮ ਹੋ ਜਾਵੇਗੀ ਤੇ ਇਨ੍ਹਾਂ ਵਕਾਰ ਗੁਆ ਚੁੱਕਿਆ ਸਿਆਸੀ ਪਾਰਟੀਆਂ ਦੀ ਸਿਆਸਤ ਦਾ ਵੀ ਭੋਗ ਪੈ ਜਾਵੇਗਾ। ਸਮੂਹ ਬੁਲਾਰਿਆਂ ਦੀਆਂ ਗੱਲਾਂ ਨੂੰ ਧਿਆਨ ਨਾਲ ਸੁਣ ਰਹੇ ਸੈਂਕੜਿਆਂ ਦੀ ਤਾਦਾਦ ਵਿਚ ਮੌਜੂਦ ਲੋਕਾਂ ਨੂੰ ਸਮਾਜਿਕ ਅਤੇ ਦਲਿਤ ਕਾਰਕੁੰਨ ਡਾਕਟਰ ਰਿਤੂ ਸਿੰਘ ਨੇ ਲਲਕਾਰਦਿਆਂ ਹੋਇਆ ਕਿਹਾ ਕਿ ਜੋਂ ਬਿਲਕਿਸ ਬਾਨੋ ਦੇ ਨਾਲ ਹੋਇਆ ਹੈ, ਜੇਕਰ ਉਹ ਤੁਹਾਡੀ ਧੀ-ਭੈਣ ਨਾਲ ਹੁੰਦਾ ਤਾਂ ਵੀ ਤੁਸੀਂ ਚੁੱਪ ਰਹਿੰਦੇ ? ਰਿਹਾਈ ਮੋਰਚੇ ਦੇ ਬੁਲਾਰੇ ਡਾਕਟਰ ਪਰਮਿੰਦਰ ਪਾਲ ਸਿੰਘ ਨੇ ਕਿਹਾ ਕਿ ਮੁਗਲ ਬਾਦਸ਼ਾਹ ਔਰੰਗਜ਼ੇਬ ਦੇ ਸਮੇਂ 'ਰਾਜਸੀ ਬੰਦੀ' ਬਣਾਏ ਜਾਣ ਤੋਂ ਬਾਅਦ ਸ਼ਹੀਦ ਹੋਏ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ ਪਵਿੱਤਰ ਸ਼ਹੀਦੀ ਅਸਥਾਨ, ਭਾਈ ਮਤੀਦਾਸ ਚੌਂਕ, ਗੁਰਦੁਆਰਾ ਸੀਸ ਗੰਜ ਸਾਹਿਬ ਦੇ ਬਾਹਰ ਮੋਰਚਾ ਲਗਾਉਣ ਦਾ ਖਾਸ ਮਕਸਦ ਹੈ। ਇੱਕ ਤਾਂ ਗੁਰੂ ਸਾਹਿਬ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਜਾ ਸਕੇ ਅਤੇ ਦੂਜਾ ਸਰਕਾਰ ਤੱਕ ਇਹ ਸੁਨੇਹਾ ਜਾਵੇ ਕਿ ਗੁਰੂ ਕਾਲ ਤੋਂ ਹੀ ਸਿੱਖਾਂ ਦਾ ਹਕੂਮਤਾਂ ਦੇ ਨਾਲ ਟਕਰਾਅ ਰਹਿਣ ਕਰਕੇ ਸਾਡੇ ਵਿਚ ਸਿਆਸੀ ਬੰਦੀ ਬਨਣ ਦੀ ਪ੍ਰੰਪਰਾ ਰਹੀ ਹੈ।

# ਅੱਜ ਵੀ ਗੁਰੂ ਅਮਰਦਾਸ ਜੀ ਦੇ ਚਰਨਾਂ ਦੇ ਜੋੜੇ ਨੂੰ ਬਾਬਾ ਸੱਚਨ ਸੱਚ ਦੇ ਪਰਿਵਾਰ ਨੇ ਸੰਭਾਲ ਕੇ ਰੱਖਿਆ ਹੋਇਆ ਹੈ



ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ
ਮਮਦੋਟ ਫਿਰੋਜ਼ਪੁਰ
7589155501

ਗੁਰੂ ਅਮਰਦਾਸ ਜੀ ਨੇ ਜਦੋ ਗੋਇੰਦਵਾਲ ਨਾਂ ਦਾ ਪਿੰਡ ਵਸਾਇਆ .ਉਸ ਸਮੇਂ ਗੁਰੂ ਜੀ ਬਹੁਤ ਸਾਰੇ ਸੇਵਕ ਗੁਰੂ ਜੀ ਨਾਲ ਰਹਿੰਦੇ ਸਨ .ਜਿਥੇ ਇਹਨਾਂ ਨੇ ਗੁਰੂਦਵਾਰਾ ਸਾਹਿਬ ਬਣਾਉਣਾ ਸ਼ੁਰੂ ਕੀਤਾ ਉਥੇ ਨਾਲ ਦੀ ਨਾਲ ਬਾਉਲੀ ਸਾਹਿਬ ਵੀ ਬਣਾਉਣੀ ਆਰੰਭ ਕਰ ਦਿੱਤੀ .ਗੁਰੂ ਜੀ ਦੇ ਗੋਇੰਦਵਾਲ ਸਾਹਿਬ ਰਹਿੰਦੀਆਂ ਬਹੁਤ ਸਾਰੇ ਵੱਡੇ ਵੱਡੇ ਲੋਕ ਗੁਰੂ ਜੀ ਦਰਸ਼ਨ ਕਰਨ ਆਉਂਦੇ ਹੀ ਰਹਿੰਦੇ ਸਨ .ਇਥੋਂ ਤਕ ਕਿ ਉਸ ਸਮੇ ਦੇ ਮੁਗ਼ਲ ਬਾਦਸ਼ਾਹ ਅਕਬਰ ਵੀ ਗੁਰੂ ਜੀ ਦੇ ਦਰਸ਼ਨ ਕਰਨ ਆਇਆ ਸੀ .ਇਥੇ ਹੀ ਉਹਨਾਂ ਨੇ ਬੈਠ ਕੇ ਪਹਿਲਾਂ ਪੰਗਤ ਵਿੱਚ ਪ੍ਰਸ਼ਾਦਾ ਛੱਕਿਆ ਤੇ ਫਿਰ ਸੰਗਤ ਕੀਤੀ .ਜਦੋਂ ਗੁਰੂ ਜੀ ਗੁਰੂਦਵਾਰਾ ਸਾਹਿਬ ਬਣਵਾ ਰਹੇ ਸਨ ਉਸ ਸਮੇ ਲੱਕੜਾਂ ਦੀ ਬਹੁਤ ਜ਼ਰੂਰਤ ਪੈਂਦੀ ਸੀ .ਕਿਉਂਕਿ ਦਰਵਾਜ਼ੇ ,ਖਿੜਕੀਆਂ ਤੇ ਛੱਤਾਂ ਵੀ ਉਸ ਸਮੇ ਲੱਕੜਾਂ ਦੀ ਪਾਈਆਂ ਜਾਂਦੀਆਂ ਸਨ .ਗੁਰੂ ਜੀ ਨੇ ਆਪਣੇ ਭਤੀਜੇ ਸਾਵਣ ਮੱਲ ਬਾਬਾ ਸੱਚਾਂ ਸੱਚ ਤੇ ਤਿੰਨ ਹੋਰ ਸਿੱਖ ਹਰੀ ਪੁਰ ਦੇ ਜੰਗਲਾਂ ਵਿੱਚ ਲੱਕੜੀ ਲੈਣ ਲਈ ਭੇਜ਼ ਦਿੱਤੇ .[ਜਿਸ ਨੂੰ ਅੱਜਕਲ ਅਸੀਂ ਹਿਮਾਚਲ ਪ੍ਰਦੇਸ਼ ਕਹਿੰਦੇ ਹਾਂ ਉਸ ਵਕਤ ਇਹ ਵੀ ਪੰਜਾਬ ਦੀ ਹੁੰਦਾ ਸੀ ਜਦੋਂ ਸਿੱਖ ਹਰਿ ਪੁਰ ਦੇ ਜੰਗਲਾਂ ਵਿੱਚ ਲੱਕੜੀ ਵੱਢਣ ਵਾਸਤੇ ਗਏ .ਉਸੇ ਸਮੇ ਹਰਿ ਪੁਰ ਰਾਜੇ ਹਰਿ ਸੈਨ ਦੇ ਇੱਕ ਪੁੱਤਰ ਦੀ ਮੌਤ ਹੋ ਗਈ .ਰਾਜੇ ਦੇ ਪੁੱਤਰ ਦੇ ਸੋਗ ਕਾਰਨ ਕਿਸੇ ਨੇ ਆਪਣਿਆਂ ਚੂਲੀਆਂ ਵਿੱਚ ਅੱਗ ਨਹੀਂ ਬਾਲਣੀ ਸੀ .ਪਰ ਗੁਰੂ ਦੇ ਸਿੱਖਾਂ ਨੂੰ ਇਸ ਗੱਲ ਦਾ ਪਤਾ ਨਹੀਂ ਸੀ .ਇਹਨਾਂ ਨੇ ਜੰਗਲ ਵਿੱਚ ਅੱਗ ਬਾਲ ਕੇ ਆਪਣਾ ਭੋਜਨ ਤਿਆਰ ਕਰ ਲਿਆ .ਕਿਸੇ ਸੂਹੀਏ ਨੇ ਰਾਜੇ ਹਰਿ ਸੈਨ ਕੋਲ ਸਕਾਇਤ ਕਰ ਦਿੱਤੀ .ਰਾਜੇ ਹਰਿ ਸੈਨ ਨੇ ਇਹਨਾਂ ਨੂੰ ਗ੍ਰਿਫਤਾਰ ਕਰਨ ਫੜੇ ਹੁਕਮ ਸੁਣਾ ਦਿਤੇ .ਜਦੋ ਬਾਬਾ ਸਾਵਾਂ ਮੱਲ ਜੀ ਪੁੱਛਿਆ ਕਿ ਹੁਣ ਸਾਨੂੰ ਰਾਜਾ ਕਿਵੇਂ ਛੱਡੇਗਾ .ਕਿਉਂਕਿ ਅਸੀਂ ਜੰਗਲ ਵਿੱਚੋ ਲੱਕੜੀਆਂ ਕਟ ਕੇ ਗੋਇੰਦਵਾਲ ਸਾਹਿਬ ਭੇਜਣੀਆਂ ਹਨ .ਉਥੇ ਗੁਰਦਵਾਰੇ ਸਾਹਿਬ ਦੀਆਂ ਛੱਤਾਂ ਤੇ ਪਾਉਣੀਆਂ ਹਨ .ਇਹ ਫਰਿਆਦ ਜਦੋ ਰਾਜੇ ਹਰਿ ਸੈਨ ਨੂੰ ਪੁਚਾਈ ਗਈ .ਤਾਂ ਰਾਜਾ ਕਹਿੰਦਾ ਜਿਨ੍ਹਾਂ ਚਿਰ ਮੇਰਾ ਲੜਕਾ ਜਿੰਦਾ ਨਹੀਂ ਹੁੰਦਾ ਉਸ ਸਮੇ ਤਕ ਇਹ ਵੀ ਰਿਹਾ ਨਹੀਂ ਹੋਣਗੇ .ਉਸ ਸਮੇ ਬਾਬਾ ਸਾਵਣ ਮੱਲ ਜੀ ਨੇ ਗੁਰੂ ਅਮਰਦਾਸ ਜੀ ਵਲੋਂ ਦਿਤੇ ਗਏ ਰੁਮਾਲ ਨੂੰ ਗਿੱਲਾ ਕਰਕੇ ਨਿਚੋੜ ਕੇ ਪਾਣੀ ਦੇ ਛਿੱਟੇ ਮਰੇ ਹੋਏ ਦੇ ਮੂੰਹ ਤੇ ਮਾਰੇ ਤਾਂ ਉਹ ਵਾਹਿਗੁਰੂ ਵਾਹਿਗੁਰੂ ਕਰਦਾ ਹੋਇਆ ਉੱਠ ਪਿਆ .ਇਸ ਤੋਂ ਪ੍ਰਭਵਿਤ ਹੋ ਕੇ ਹਰੀਪੁਰ ਦਾ ਰਾਜਾ ਪਵਿੱਤਰਮਾਹਾ ਪੁਰਸ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਨੂੰ ਆਪਣੇ ਪੂਰੇ ਪਰਿਵਾਰ ਸਮੇਤ ਗੋਇੰਦਵਾਲ ਸਾਹਿਬ ਪਹੁੰਚਿਆ .ਰਾਜੇ ਹਰੀ ਸੈਨ ਦੇ ਨਾਲ ਉਸਦੇ ਸਾਰੇ ਸਾਹੀ ਦਰਬਾਰੀ ਅਤੇ ਰਾਣੀਆਂ ਸਨ। ਰਾਜੇ ਨੇ ਹੁਣੇ-ਹੁਣੇ ਪਰਦਾ ਪਹਿਨਣ ਵਾਲੀ ਇੱਕ ਮੁਟਿਆਰ ਨਾਲ ਵਿਆਹ ਕੀਤਾ ਸੀ। ਗੁਰੂ ਜੀ, ਜਿਨ੍ਹਾਂ ਨੇ ਹਮੇਸਾ ਇਹ ਉਪਦੇਸ ਦਿੱਤਾ ਕਿ ਔਰਤਾਂ ਮਰਦਾਂ ਦੇ ਬਰਾਬਰ ਹਨ, .ਰਾਜੇ ਦੀ ਸਭ ਤੋਂ ਛੋਟੀ ਰਾਣੀ ਨੇ ਆਪਣਾ ਚਿਹਰਾ ਢੱਕ ਕੇ ਗੁਰੂ ਜੀ ਮੱਥਾ ਟੇਕਿਆ . ਗੁਰੂ ਜੀ ਨੇ ਕਿਹਾ, "ਝੱਲੀਏ ! ਜੇ ਤੈਨੂੰ ਗੁਰੂ ਦਾ ਚਿਹਰਾ ਪਸੰਦ ਨਹੀਂ ਤਾਂ ਤੂੰ ਇੱਥੇ ਕਿਉਂ ਆਈ ਹੈਂ ?!" ਬੱਸ ਫਿਰ ਕੀ ਸੀ ਗੁਰੂ ਜੀ ਦੇ ਮੂੰਹ ਦੇ ਬੋਲ ਬੋਲਣ ਦੀ ਦੇਰ ਸੀ ਰਾਣੀ ਪਾਗਲ ਤੇ ਝੱਲੀ ਹੋ ਗਈ ਅਤੇ ਉਹ ਚੀਕਣ ਲੱਗੀ। ਉਹ ਆਪਣੇ ਸਾਰੇ ਕੱਪੜੇ ਪਾੜ ਕੇ ਜੰਗਲ ਵਿੱਚ ਭੱਜ ਗਈ। ਇੱਕ ਪਲ ਵਿੱਚ ਉਹ ਠੀਕ ਹੋਣ ਤੋਂ ਪੂਰੀ ਤਰ੍ਹਾਂ ਆਪਣੇ ਦਿਮਾਗ ਤੋਂ ਬਾਹਰ ਹੋ ਗਈ। ਕੋਈ ਨਹੀਂ ਜਾਣਦਾ ਸੀ ਕਿ ਉਸ ਨਾਲ ਕੀ ਹੋਇਆ ਹੈ ਜਾਂ ਉਸ ਨੂੰ ਕਿੱਥੇ ਲੱਭਣਾ ਹੈ। ਉਹ ਜੰਗਲ ਵਿੱਚ ਹੀ ਰਹੀ। ਉਹ ਆਪਣੇ ਆਪ ਨਾਲ ਗੱਲਾਂ ਕਰਦੀ ਅਤੇ ਜਾਨਵਰਾਂ ਵਾਂਗ ਕੰਮ ਕਰਦੀ ਭੱਜਦੀ ਰਹਿੰਦੀ। ਗੋਇੰਦਵਾਲ ਦੇ ਲੋਕ ਉਸ ਤੋਂ ਡਰ ਗਏ, ਅਤੇ ਸੋਚਣ ਲੱਗੇ ਕਿ ਉਹ ਇੱਕ ਭੈੜੀ



ਜਾਦੂਗਰ ਹੈ .ਜੋ ਉਹਨਾਂ ਨੂੰ ਸਰਾਪ ਦੇ ਸਕਦੀ ਹੈ। ਉਸ ਨੂੰ ਕਈ ਵਾਰ ਜੰਗਲ ਜਾਂ ਕਸਬੇ ਵਿਚ ਰਾਤ ਨੂੰ ਖਾਣਾ ਚੋਰੀ ਕਰਦੇ ਅਤੇ ਪੁਰਾਣੇ ਲੰਗਰ ਖਾਂਦੇ ਦੇਖਿਆ ਜਾ ਸਕਦਾ ਸੀ। ਉਹ ਯਕੀਨਨ ਉਹ ਨਹੀਂ ਸੀ ਜੋ ਉਹ ਹੁੰਦੀ ਸੀ।ਉਸ ਸਮੇਂ ਬਾਬਾ ਸੱਚਨ ਸੱਚ ਵੀ ਰਾਜੇ ਹਰਿ ਸੈਨ ਨਾਲ ਗੋਵਿੰਦਵਾਲ ਸਾਹਿਬ ਆ ਗਏ ਸਨ .ਬਾਬਾ ਸੱਚਨ ਸੱਚ ਗੁਰੂ ਜੀ ਦਾ ਇੱਕ ਬਹੁਤ ਹੀ ਸਰਧਾਲੂ ਸਿੱਖ ਸੀ .ਜੋ ਗੁਰੂ ਅਮਰਦਾਸ ਜੀ ਦੀ ਹਰ ਗੱਲ ਧਿਆਨ ਨਾਲ ਸੁਣਦਾ ਸੀ। ਗੁਰੂ ਜੀ ਦੀ ਹਰ ਗੱਲ ਤੋਂ ਬਾਅਦ ਇਹ ਸਿੱਖ ਕੇਵਲ "ਸਚ ਜੀ, ਸਚ" ਭਾਵ "ਸੱਚਾ ਸਾਹਿਬ, ਸੱਚ" ਕਹੇਗਾ। ਇਹ ਕਹਿਣ ਕਰਕੇ ਲੋਕ ਉਸਨੂੰ 'ਸਚਨ ਸੱਚ' ਦੇ ਨਾਮ ਨਾਲ ਬੁਲਾਉਣ ਲੱਗ ਪਏ। ਇੱਕ ਦਿਨ ਸਚਨ ਸੱਚ ਜੰਗਲ ਵਿੱਚੋਂ ਲੱਕੜਾਂ ਇਕੱਠੀਆਂ ਕਰ ਰਿਹਾ ਸੀ। ਉਸ ਨੇ ਗੁਰਬਾਣੀ ਦੀਆਂ ਰਲਵੀਂ-ਮਿਲਵੀਂ ਪੰਗਤੀਆਂ ਦਾ ਪਾਠ ਕੀਤਾ, ਜਿਸ ਨਾਲ ਸਿਰਫ ਆਪਣੇ ਆਪ ਨੂੰ ਸਮਝ ਆਉਂਦੀ ਸੀ, ਪਰ ਕੋਈ ਫਰਕ ਨਹੀਂ ਪਿਆ। ਅਚਾਨਕ ਪਾਗਲ, ਨੰਗੀ ਰਾਣੀ ਬਾਹਰ ਨਿਕਲ ਗਈ ਅਤੇ ਸਚਨ ਸਚ 'ਤੇ ਹਮਲਾ ਕਰ ਦਿੱਤਾ ਅਤੇ ਉਸਨੂੰ ਕੁਚਲਿਆ ਅਤੇ ਰਗੜਿਆ। ਉਸ ਦੀ ਪਿੱਠ 'ਤੇ ਲੱਕੜ ਦਾ ਬੰਡਲ ਸੀ, ਅਤੇ ਉਸ ਦੇ ਹੱਥਾਂ ਵਿਚ ਹੋਰ ਲੱਕੜ। ਉਸ ਨੇ ਆਪਣੇ ਹੱਥੀਂ ਲੱਕੜ ਆਪਣੇ ਪੈਰਾਂ 'ਤੇ ਸੁੱਟ ਦਿੱਤੀ। "ਓ!" ਉਸ ਨੇ ਕਿਹਾ. ਫਿਰ ਉਸਨੇ ਉਸਨੂੰ ਕੁੱਟਣਾ ਸ਼ੁਰੂ ਕਰ ਦਿੱਤਾ, ਅਤੇ ਫਿਰ ਉਹ ਲੱਕੜ ਦੇ ਭਾਰੀ ਬੰਡਲ ਨੂੰ ਆਪਣੇ ਉੱਪਰ ਲੈ ਕੇ ਜਮੀਨ 'ਤੇ ਡਿੱਗ ਪਿਆ। ਉਹ ਅਸੁਰੱਖਿਅਤ ਸੀ ਕਿਉਂਕਿ ਉਹ ਉਸ 'ਤੇ ਹਮਲਾ ਕਰਦੀ ਰਹੀ। ਫਿਰ ਉਹ ਅਚਾਨਕ ਉਥੋਂ ਭੱਜ ਗਿਆ। ਉਹ ਵਾਪਸ ਉਸ ਜੰਗਲ ਵਿੱਚ ਛਾਲ ਮਾਰ ਗਈ ਜਿੱਥੋਂ ਉਹ ਆਈ ਸੀ।

ਸਚਨ ਸਚ ਜਬ ਹੋ ਸਕੇ। ਉਸਨੇ ਆਪਣੇ ਆਪ ਨੂੰ ਚੁੱਕ ਲਿਆ. ਉਸ ਦੇ ਸਾਰੇ ਸਰੀਰ 'ਤੇ ਸੱਟਾਂ, ਕੱਟਣ ਦੇ ਨਿਸਾਨ ਅਤੇ ਖੁਰਚਣ ਦੇ ਨਿਸਾਨ ਸਨ। ਉਹ ਵਾਪਸ ਗੋਇੰਦਵਾਲ ਨੂੰ ਭੱਜਿਆ ਅਤੇ ਪਾਣੀ ਦੇ ਤਲਾਬ ਵਿੱਚ ਡਿੱਗ ਪਿਆ। ਉਸ ਨੂੰ ਗੁਰੂ ਜੀ ਕੋਲ ਲਿਆਂਦਾ ਗਿਆ। ਉਸ ਨੇ ਵਾਪਰੀ ਸਾਰੀ ਡਰਾਉਣੀ ਕਹਾਣੀ ਦੱਸੀ। ਉਸਨੇ ਕਿਹਾ, "ਇੱਕ ਡੈਣ ਨੇ ਕਿਤੇ ਵੀ ਛਾਲ ਮਾਰ ਦਿੱਤੀ ਅਤੇ ਮੇਰੇ ਉੱਤੇ ਹਮਲਾ ਕਰ ਦਿੱਤਾ। ਉਸ ਨੂੰ ਭੂਤ ਚਿੰਬੜੇ ਹੋਏ ਸਨ ਅਤੇ ਉਹ ਮੇਰੀ ਆਤਮਾ ਨੂੰ ਚੋਰੀ ਕਰਨਾ ਚਾਹੁੰਦੀ ਸੀ!" ਗੁਰੂ ਅਮਰਦਾਸ ਜੀ ਨੇ ਕਥਾ ਸਮਾਪਤ ਹੋਣ ਤੱਕ ਧੀਰਜ ਨਾਲ ਸੁਣਿਆ। ਫਿਰ ਉਸਨੇ ਸਚਨ ਸੱਚ ਨੂੰ ਆਪਣੀ ਜੁੱਤੀ ਦਿੱਤੀ ਅਤੇ ਉਸਨੂੰ ਕਿਹਾ, "ਜੰਗਲ ਵਿੱਚ ਵਾਪਸ ਜਾਓ ਅਤੇ ਜਦੋਂ ਤੁਸੀਂ ਰਾਣੀ ਨੂੰ ਦੇਖੋਗੇ, ਮੈਂ ਚਾਹੁੰਦਾ ਹਾਂ ਕਿ ਤੁਸੀਂ ਇਸ ਜੁੱਤੀ ਨਾਲ ਉਸ ਦੇ ਸਿਰ ਨੂੰ ਛੂਹੋ।" ਸਚਨ ਸੱਚ ਸੱਚਮੁੱਚ ਅਜਿਹਾ ਨਹੀਂ ਕਰਨਾ ਚਾਹੁੰਦਾ ਸੀ, ਪਰ ਉਹ ਮੰਨ ਗਿਆ।

ਉਹ ਫਿਰ ਜੰਗਲ ਵਿਚ ਗਿਆ, ਉਹ ਸੱਚਮੁੱਚ ਡਰਿਆ ਹੋਇਆ ਸੀ। ਉਸ ਦੇ ਜੰਗਲ ਵਿਚ ਹੋਣ ਤੋਂ ਥੋੜ੍ਹੀ ਦੇਰ ਬਾਅਦ, ਰਾਣੀ ਨੇ ਉਸ 'ਤੇ ਹਮਲਾ ਕਰਨ ਲਈ ਛਾਲ ਮਾਰ ਦਿੱਤੀ। ਉਸ ਨੇ ਜਲਦੀ ਹੀ ਉਸ ਨੂੰ ਜੁੱਤੀ ਨਾਲ ਛੂਹਿਆ, ਅਤੇ ਫਿਰ ਗੁਰੂ ਦੀ ਕਿਰਪਾ ਨਾਲ ਉਹ ਅਚਾਨਕ ਬਦਲ ਗਈ। ਉਹ ਹੋਸ਼ ਵਿਚ ਆਈ ਅਤੇ ਪਤਾ ਨਹੀਂ ਕਿਉਂ ਉਹ ਜੰਗਲ ਵਿਚ ਨੰਗੀ ਸੀ। ਉਹ ਬਹੁਤ ਉਲਝਣ ਵਿੱਚ ਸੀ, ਉਸਨੂੰ ਕੁਝ ਪਤਾ ਨਹੀਂ ਸੀ ਕਿ ਕੀ ਹੋ ਰਿਹਾ ਹੈ। ਉਸਨੇ ਸੋਚਿਆ, "ਇਹ ਮੁੰਡਾ ਕੌਣ ਹੈ ਅਤੇ ਉਹ ਮੇਰੇ ਨਾਲ ਕੀ ਚਾਹੁੰਦਾ ਹੈ ? ਮੈਂ ਗੰਦੀ ਤੇ ਨੰਗੀ ਕਿਉਂ ਹਾਂ ?" ਸਚਨ ਸਚ ਨੇ ਦੇਖਿਆ ਕਿ ਉਹ ਕੀ ਮਹਿਸੂਸ ਕਰ ਰਹੀ ਸੀ.ਤੇ ਉਸਦਾ ਦਿਲ ਉਸ ਲਈ ਖੁੱਲ੍ਹ ਗਿਆ। ਸਚਨ ਸਚ ਨੇ ਆਪਣਾ ਸਾਲ ਅੱਧਾ ਪਾੜ ਕੇ ਉਸ ਨੂੰ ਦੇ ਦਿੱਤਾ ਤਾਂ ਜੋ ਉਹ ਆਪਣੇ ਆਪ ਨੂੰ ਢੱਕ ਸਕੇ।


ਰਾਣੀ ਅਤੇ ਸਚਨ ਸਚ ਦੋਵੇਂ ਗੁਰੂ ਜੀ ਕੋਲ ਪਰਤ ਆਏ। ਰਾਣੀ ਨੇ ਗੁਰੂ ਜੀ ਤੋਂ ਮਾਫੀ ਮੰਗੀ ਅਤੇ ਗੁਰੂ ਜੀ ਨੇ ਉਸਨੂੰ ਮੁਆਫ ਕਰ ਦਿੱਤਾ। ਫਿਰ ਗੁਰੂ ਜੀ ਨੇ ਭਾਈ ਸੱਚਨ ਸੱਚ ਨੂੰ ਇੱਕ ਸੁੰਦਰ ਨਵਾਂ ਸਾਲ ਦਿੱਤਾ ਅਤੇ ਉਹਨਾਂ ਦੀ ਮਾਸੂਮੀਅਤ ਅਤੇ ਸਰਧਾ ਲਈ ਬਖਸਸ਼ਿਸ ਕੀਤੀ। ਭਾਵੇਂ ਭਾਈ ਸਚਨ ਸੱਚ ਦਾ ਦਿਮਾਗ ਬਹੁਤੇ ਲੋਕਾਂ ਦੇ ਦਿਮਾਗ ਵਾਂਗ ਕੰਮ ਨਹੀਂ ਕਰਦਾ ਸੀ, ਗੁਰੂ ਜੀ ਨੇ ਉਨ੍ਹਾਂ ਨੂੰ ਜਨਤਕ ਤੌਰ 'ਤੇ ਸਨਮਾਨਿਤ ਕੀਤਾ ਅਤੇ ਕਿਹਾ, "ਭਾਈ ਸੱਚਨ ਸੱਚ ਸਮਰਪਿਤ ਹੈ ਅਤੇ ਉਹ ਪਰਮਾਤਮਾ ਨੂੰ ਪਿਆਰਾ ਹੈ। ਉਹ ਇਸ ਸੰਸਾਰ ਵਿੱਚ ਵੀ ਸਤਿਕਾਰਿਆ ਜਾਂਦਾ ਹੈ ਅਤੇ ਹੋਰ ਸਾਰੇ ਸੰਸਾਰਾਂ ਵਿੱਚ ਵੀ ਸਤਿਕਾਰਿਆ ਜਾਂਦਾ ਹੈ।"ਗੁਰੂ ਜੀ ਹੁਕਮ ਕੀਤਾ ਕਿ ਭਾਈ ਸੱਚਨ ਸੱਚ ਇਹ ਹੁਣ ਤੇਰੀ ਬਣ ਕੇ ਰਹੇਗੀ .ਬਾਬਾ ਜੀ ਅਗੋ ਕਿਹਾ ਕਿ ਮੈਂ ਤਾਂ ਸੱਚੇ ਪਾਤਸ਼ਾਹ ਪਹਿਲਾਂ ਹੀ ਵਿਹਾਇਆਂ ਹੋਇਆਂ ਹਾਂ ਜੀ .ਦੇਖ ਸੱਚਨ ਸੱਚ ਜੀ ਤੁਸਾਂ ਨੇ ਇਸ ਦਾ ਨੰਗੇਜ਼ ਢੱਕਿਆ ਹੈ .ਇਸ ਕਰਕੇ ਹੁਣ ਲੋਕ ਤੇ ਪਰਲੋਕ ਵਿੱਚ ਤੁਸੀਂ ਹੁਣ ਇਕੱਠਿਆਂ ਹੀ ਰਹਿਣਾ ਹੈ .ਪਾਕਿਸਤਾਨ ਦੇ ਜਿਲ੍ਹਾ ਲਾਹੌਰ ਦੇ ਮੱਦਰ ਪਿੰਡ ਵਿੱਚ ਬਾਬਾ ਜੀ ਨਾਲ ਰਾਣੀ ਨੂੰ ਲੈ ਗਏ .[ਮੱਦਰ ਪਿੰਡ ਅੱਜਕਲ ਸ਼ੇਖੂਪੁਰਾ ਜਿਲ੍ਹੇ ਵਿੱਚ ਪੈਂਦਾ ਹੈ] ਉੱਥੇ ਉਹਨਾਂ ਦੇ ਘਰ ਦੋ ਬੱਚਿਆਂ ਨੇ ਜਨਮ ਲਿਆ .ਅਗੋਂ ਉਹਨਾਂ ਦੀ ਅੰਸ ਬੰਸ ਵੱਧਦੀ ਗਈ .ਜਦੋ ਹਿੰਦੁਸਤਾਨ ਦੀ ਵੰਡ ਹੋਈ ਤਾਂ ਉਹਨਾਂ ਦਾ ਪਰਿਵਾਰ ਪੰਜਾਬ ਵਿੱਚ ਆ ਵਸਿਆ .ਕੁੱਝ ਪਰਿਵਾਰ ਬੁਢਲਾਡੇ ਦੇ ਨਜ਼ਦੀਕ ਸੈਦੇਵਾਲਾ ਵਿੱਚ ਵੱਸ ਗਏ ਤੇ ਕੁੱਝ ਪਰਿਵਾਰ ਫਿਰੋਜ਼ਪੁਰ ਦੇ ਬਿਲਕੁਲ ਨਜ਼ਦੀਕ ਪਿੰਡ ਦੁਲਚੀ ਕੇ ਵਿੱਚ ਰਹਿੰਦੇ ਹਨ .ਇਹ ਹੁਣ ਸਾਰੇ ਮੱਲ ਪਰਿਵਾਰ ਦੇ ਨਾਂਅ ਨਾਲ ਜਾਣੇ ਜਾਂਦੇ ਹਨ .ਹੁਣ ਤਾਂ ਇਹਨਾਂ ਦੇ ਕਈ ਹੋਰ ਪਿੰਡ ਵੀ ਵੱਸ ਗਏ ਹਨ .ਹੁਣ ਗੁਰੂ ਜੀ ਦੇ ਚਰਨਾਂ ਦੇ ਜੋੜੇ ਨੂੰ ਜਿਹੜੇ ਵੀ ਝੱਲੇ ਤੇ ਮੂਰਖ ਦੇ ਮੱਥੇ ਨੂੰ ਛੁਹਾਇਆ ਜਾਂਦਾ ਹੈ .ਉਸ ਦੇ ਦੁੱਖ ਸਦਾ ਲਈ ਦੂਰ ਹੋ ਜਾਂਦੇ ਹਨ .ਇੱਕ ਹੋਰ ਵਰ ਵੀ ਗੁਰੂ ਜੀ ਵਲੋਂ ਬਖਸ਼ਿਆ ਗਿਆ ਹੈ ਜਿਹੜੇ ਵੀ ਵਿਅਕਤੀ ਨੂੰ ਹਲਕੇ ਕੁਤੇ ਵੱਢਿਆਂ ਹੋਵੇ ਜਾਂ ਗਲੇ ਵਿੱਚ ਅਹਜ਼ੀਰਾਂ ਹੋਣ ਉਹਨਾਂ ਨੂੰ ਚਰਨਾਂ ਦਾ ਜੋੜਾ ਛੁਹਾਇਆ ਜਾਵੇ ਤੁਰੰਤ ਠੀਕ ਹੋ ਜਾਂਦੇ ਹਨ .ਇਹ ਕਲਾ ਅੱਜ ਵੀ ਪ੍ਰਤੱਖ ਵਰਤ ਰਹੀ ਹੈ .ਹਰ ਸਾਲ ਦੇਸੀ ਦੇ ਅਸੂ ਮਹੀਨੇ ਦੀ 28 ਤਰੀਕ ਨੂੰ ਬਹੁਤ ਭਾਰੀ ਮੇਲਾ ਲਗਦਾ ਹੈ . ਪਿੰਡ ਦੁਲਚੀ ਦੇ ਵਿੱਚ ਦੇਸ਼ਾਂ ਪ੍ਰਦੇਸਾਂ ਵਿੱਚੋ ਸੰਗਤਾਂ ਨਤਮਸਤਕ ਹੁੰਦੀਆਂ ਹਨ .ਆਪਣੇ ਮੱਥੇ ਨਾਲ ਗੁਰੂ ਜੀ ਦੇ ਚਰਨਾਂ ਦੇ ਜੋੜੇ ਨੂੰ ਛੁਹਾ ਕੇ ਅਨੰਦ ਪ੍ਰਾਪਤ ਕਰਦੀਆਂ ਹਨ .ਆਪਣੇ ਜਨਮਾਂ ਜਨਮਾਂ ਦੇ ਦੁੱਖ ਕਟੇ ਜਾਂਦੇ ਹਨ .ਬਾਬਾ ਸੱਚਨ ਸੱਚ ਜੀ ਦਾ ਇਤਿਹਾਸ ਦਾ ਜ਼ਿਕਰ ਵਿਸਥਾਰ ਸਹਿਤ ਭਾਈ ਸੰਤੋਖ ਸਿੰਘ ਜੀ ਨੇ ਸੂਰਜ ਪ੍ਰਕਾਸ਼ ਵਿੱਚ ਵੀ ਕੀਤਾ ਹੋਇਆ ਹੈ .

# ਸਰਕਾਰ ਵੱਲੋਂ ਅਕਵਾਇਰ ਹੋਣ ਵਾਲੀਆਂ ਜ਼ਮੀਨਾਂ ਵਿੱਚ ਆਹ ਸਾਂਝੀ ਖੇਵਟ ਦਾ ਪੰਗਾ ਬਹੁਤ ਵੱਡਾ ਹੈ



ਬਹਾਦੁਰ ਸਿੰਘ ਰਾਓ
ਸਾਬਕਾ ਪੁਲਿਸ ਅਧਿਕਾਰੀ
ਪੰਜਾਬ ਪੁਲਿਸ

ਭਾਰਤ ਦੀ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਵੱਲੋਂ ਸਰਕਾਰੀ ਮਕਸਦ ਲਈ ਜਾਂ ਕਾਰਪੋਰੇਟ ਘਰਾਣਿਆਂ ਦੀ ਵਪਾਰਕ ਵਰਤੋਂ ਲਈ ਪੁਰਾਣੇ ਸਮਿਆਂ ਤੋਂ ਨਿੱਜੀ ਜਮੀਨਾਂ ਗ੍ਰਹਿਣ ਕੀਤੀਆਂ ਜਾਂਦੀਆਂ ਰਹੀਆਂ ਹਨ। ਪ੍ਰੰਤੂ ਪਿਛਲੇ ਕੁੱਝ ਸਾਲਾਂ ਤੋਂ ਤਰੱਕੀ ਦੇ ਨਾਮ ਤੇ ਵੱਡੇ ਕਾਰਖਾਨਿਆਂ, ਤਾਪ ਬਿਜਲੀ ਘਰਾਂ, ਸੜਕਾਂ ਚੌੜੀਆਂ ਕਰਨ ਅਤੇ ਨਵੀਆਂ ਸੜਕਾਂ ਅਤੇ ਭਾਰਤਮਾਲਾ ਪ੍ਰਾਜੈਕਟ ਤਹਿਤ ਐਕਸਪ੍ਰੈਸ ਵੇਅ ਬਣਾਉਣ ਲਈ ਵੱਡੇ ਪੱਧਰ ਤੇ ਜਮੀਨਾਂ ਗ੍ਰਹਿਣ ਕੀਤੀਆਂ ਜਾਣ ਲੱਗੀਆਂ ਹਨ। ਸਰਕਾਰ ਵੱਲੋਂ ਗ੍ਰਹਿਣ ਕੀਤੀ ਜਾਣ ਵਾਲੀ ਜਮੀਨ ਦਾ ਕਬਜਾ ਕਿਸਾਨ ਨੂੰ ਇੱਕ ਦਿਨ ਛੱਡਣਾ ਹੀ ਪੈਂਦਾ ਹੈ। ਇਹ ਗੱਲ ਵੱਖਰੀ ਹੈ ਕਿ ਮੁਆਵਜਾ ਰਾਸ਼ੀ ਵਧਾਉਣ ਲਈ ਧਰਨਿਆਂ, ਮੁਜਾਹਰਿਆਂ ਅਤੇ ਅਦਾਲਤੀ ਕਾਰਵਾਈ ਦਾ ਸਹਾਰਾ ਵੀ ਲੈਣਾਂ ਪੈਂਦਾ ਹੈ। ਜਿਸ ਕਰਕੇ ਉਸ ਜਗ੍ਹਾ ਤੇ ਹੋਣ ਵਾਲੀ ਉਸਾਰੀ ਵਿੱਚ ਵੀ ਦੇਰੀ ਹੋ ਜਾਂਦੀ ਹੈ। ਇਸ ਸਭ ਕਾਸੇ ਤੋਂ ਬਚਣ ਲਈ ਸਰਕਾਰਾਂ ਨੇ ਮੁੱਢਲੇ ਮੁਆਵਜੇ ਵਿੱਚ ਹੀ ਚੋਖਾ ਵਾਧਾ ਕਰ ਦਿੱਤਾ ਹੈ। ਦੂਸਰੇ ਪਾਸੇ ਬੱਚਿਆਂ ਨੂੰ ਵਿਦੇਸ਼ ਭੇਜਣ ਕਰਕੇ ਜਾਂ ਕਰਜਾ ਵੱਧ ਚੜ੍ਹਿਆ ਹੋਣ ਕਰਕੇ ਪੰਜਾਬ ਵਿੱਚ ਵਿਕਾਊ ਜਮੀਨ ਵੱਧ ਹੈ ਤੇ ਖਰੀਦਣ ਵਾਲੇ ਘੱਟ ਹਨ। ਸੋ ਜਿਹੜੇ ਕਿਸਾਨਾਂ ਦੀ ਜਮੀਨ ਅਜਿਹੀ ਕਿਸੇ ਯੋਜਨਾ ਦੇ ਘੇਰੇ ਵਿੱਚ ਆ ਜਾਂਦੀ ਹੈ ਉਹਨਾਂ ਨੂੰ ਲੋਕ ਵਧਾਈਆਂ ਦੇਣ ਲਗਦੇ ਹਨ, ਜਿਵੇਂ ਕਰੋੜਾਂ ਰੁਪਏ ਦੀ ਲਾਟਰੀ ਨਿਕਲੀ ਹੋਵੇ। ਜਿਹੜੇ ਕਿਸਾਨਾਂ ਸਿਰ ਚੜ੍ਹਿਆ ਭਾਰੀ ਭਰਕਮ ਕਰਜਾ ਜਮੀਨ ਵੇਚੇ ਬਿਨਾਂ ਉਤਰਨਾ ਸੰਭਵ ਨਹੀਂ ਹੁੰਦਾ ਉਹ ਬਦਨਾਮੀ ਤੋਂ ਡਰਦੇ ਜਮੀਨ ਵਿਕਾਊ ਘੋਸ਼ਿਤ ਵੀ ਨਹੀਂ ਕਰ ਸਕਦੇ, ਉਹਨਾਂ ਦੀ ਵੱਖਰੀ ਕਿਸਮ ਦੀ ਲਾਟਰੀ ਨਿਕਲਦੀ ਹੈ ਭਾਵ ਸੱਪ ਵੀ ਮਰ ਜਾਂਦਾ ਹੈ ਤੇ ਲਾਠੀ ਵੀ ਨਹੀਂ ਟੁੱਟਦੀ। ਜਦੋਂ ਰਾਮਾਂ ਮੰਡੀ ਨੇੜੇ ਪਿੰਡ ਫੁੱਲੋਖਾਰੀ ਦੀ ਜਮੀਨ ਵਿੱਚ ਤੇਲ ਸੋਧਕ ਕਾਰਖਾਨੇ ਦਾ ਨੀਂਹ ਪੱਥਰ ਪ੍ਰਧਾਨ ਮੰਤਰੀ ਨੇ ਰੱਖਿਆ ਸੀ ਤਾਂ ਮੈਂ ਵੀ ਉੱਥੇ ਡਿਊਟੀ ਗਿਆ ਸੀ। ਮੈਂ ਸੁਣਿਆ ਸੀ ਕਿ ਉੱਥੋਂ ਦੀ ਇੱਕ ਲਾਚਾਰ ਔਰਤ ਦੀ ਜਮੀਨ ਉਸਦੇ ਸ਼ਰੀਕਾਂ ਨੇ ਦੱਬੀ ਹੋਈ ਸੀ ਤੇ ਉਹ ਔਰਤ ਬਠਿੰਡੇ ਰੇਲਵੇ




ਸਟੇਸ਼ਨ ਤੇ ਚਾਹ ਵੇਚ ਕੇ ਗੁਜਾਰਾ ਕਰ ਰਹੀ ਸੀ। ਉਦੋਂ ਉਹਨਾਂ ਦਿਨਾਂ ਵਿੱਚ ਉਸ ਔਰਤ ਦੇ ਨਾਮ ਤੇ ਲੱਗਭੱਗ ਇੱਕ ਕਰੋੜ ਰੁਪਏ ਦਾ ਚੈਕ ਮੁਆਵਜੇ ਵਜੋਂ ਆ ਗਿਆ ਸੀ ਜਿਸਦੀ ਖੂਬ ਚਰਚਾ ਹੋਈ ਸੀ। ਇਸੇ ਤਰਾਂ ਮਾਨਸਾ ਜ਼ਿਲ੍ਹੇ ਦੇ ਪਿੰਡ ਗੋਬਿੰਦਪੁਰਾ ਦੀ ਜਮੀਨ ਤਾਪ ਬਿਜਲੀ ਘਰ ਲਈ ਗ੍ਰਹਿਣ ਕੀਤੀ ਗਈ ਸੀ। ਮੁੱਦਤਾਂ ਤੋਂ ਜਮੀਨਾਂ ਦੀ ਤਕਸੀਮ ਨਾ ਹੋਈ ਹੋਣ ਕਰਕੇ ਪਿੰਡ ਦੀਆਂ ਵਿਆਹੁਤਾ ਧੀਆਂ ਦੇ ਨਾਮ ਚੋਖੀਆਂ ਰਕਮਾਂ ਦੇ ਚੈਕ ਆ ਗਏ ਜੋ ਦਾਦੀਆਂ ਨਾਨੀਆਂ ਬਣ ਚੁੱਕੀਆਂ ਸਨ। ਸੁਣਿਆ ਸੀ ਤਿੰਨ ਔਰਤਾਂ ਨੂੰ ਛੱਡ ਕੇ ਬਾਕੀ ਸਾਰੀਆਂ ਚੈਕ ਲੈ ਗਈਆਂ ਸਨ। ਪਿੰਡ ਵਾਲਿਆਂ ਨੇ ਇਕੱਠ ਕਰਕੇ ਉਹਨਾਂ ਤਿੰਨਾਂ ਨੂੰ ਵੀ ਸੱਦ ਕੇ ਚੈਕ ਫੜਾ ਦਿੱਤੇ ਅਤੇ ਐਲਾਨ ਕਰ ਦਿੱਤਾ ਕਿ ਅੱਜ ਤੋਂ ਬਾਅਦ ਇਸ ਪਿੰਡ ਵਿੱਚੋਂ ਨਾਨਕਛੱਕ ਨਹੀਂ ਜਾਵੇਗੀ।

ਅੱਜਕੱਲ੍ਹ ਪੰਜਾਬ ਵਿੱਚੋਂ ਕਈ ਨਵੇਂ ਐਕਸਪ੍ਰੈਸ-ਵੇਅ ਅਤੇ ਹਾਈਵੇਅ ਬਣਾਉਣ ਲਈ ਜਮੀਨਾਂ ਗ੍ਰਹਿਣ ਕੀਤੀਆਂ ਜਾ ਰਹੀਆਂ ਹਨ। ਜਿਹੜੀਆਂ ਖੇਵਟਾਂ ਇਹਨਾਂ ਦੇ ਘੇਰੇ ਵਿੱਚ ਆਈਆਂ ਨੇ ਉਹਨਾਂ ਵਿੱਚੋਂ ਬਹੁਤ ਸਾਰੀਆਂ ਦੀ ਤਕਸੀਮ ਨਹੀਂ ਹੋਈ। ਮੁਆਵਜ਼ਾ ਮਾਰਕੀਟ ਰੇਟ ਨਾਲੋਂ ਵੱਧ ਮਿਲਣ ਕਰਕੇ ਅਤੇ ਲੋਕਾਂ ਵਿੱਚ ਲਾਲਚ ਤੇ ਸਵਾਰਥ ਵਧਣ ਕਰਕੇ ਬਹੁਤ ਸਾਰੇ ਘਰਾਂ ਵਿੱਚ ਕਲੇਸ਼ ਪੈ ਗਿਆ ਹੈ। ਸੜਕਾਂ ਵਿੱਚ ਆਈ ਜਮੀਨ ਕਾਸ਼ਤਕਾਰ ਦੇ ਕਬਜ਼ੇ ਹੇਠ ਭਾਵੇਂ ਕਈ ਦਹਾਕਿਆਂ ਤੋਂ ਹੈ ਪਰ ਖੇਵਟ ਵਿੱਚ ਹਿੱਸੇਦਾਰ ਸਕੇ ਭਰਾ ਭਤੀਜੇ ਲਾਲਚ ਵਿੱਚ ਆਕੇ ਆਪਣੇ ਹਿੱਸੇ ਦੀ ਰਕਮ ਮੰਗ ਰਹੇ ਹਨ, ਭਾਵੇਂ ਹਿੱਸਾ ਕਿੰਨਾ ਹੀ ਛੋਟਾ ਕਿਉਂ ਨਾ ਬਣਦਾ ਹੋਵੇ। ਬਹੁਤਿਆਂ ਨੇ ਮੁਆਵਜ਼ੇ ਦੀ ਅਦਾਇਗੀ ਤੇ ਅਦਾਲਤੀ ਰੋਕ ਲਵਾ ਦਿੱਤੀ ਹੈ। ਜਮੀਨ ਤੇ ਸਰਕਾਰੀ ਕਬਜ਼ਾ ਹੋ ਕੇ ਸੜਕ ਬਣਨੀ ਸ਼ੁਰੂ ਹੋ ਚੁੱਕੀ ਹੈ ਪਰ ਜਿਸਦੇ ਕਬਜੇ ਵਾਲੀ ਜਮੀਨ ਖੁੱਸ ਗਈ ਹੈ ਉਸ ਦੀ ਫਸਲ ਤੋਂ ਹੋਣ ਵਾਲੀ ਕਮਾਈ ਵੀ ਖਤਮ ਹੋ ਗਈ ਅਤੇ ਮੁਆਵਜ਼ੇ ਵਜੋਂ ਵੀ ਪੱਲੇ ਫੁੱਟੀ ਕੌਡੀ ਨਹੀਂ ਪਈ। ਲਹੂ ਦੇ ਚਿੱਟਾ ਹੋਣ ਦੀ ਹੋਰ ਇਸ ਤੋਂ ਵੱਡੀ ਉਦਾਹਰਣ ਕੀ ਹੋ ਸਕਦੀ ਹੈ?

ਦੂਜੇ ਪਾਸੇ ਦੇਸ਼ ਦਾ ਖਰਬਾਂ ਰੁਪਿਆ ਲੈ ਕੇ ਭੱਜਣ ਵਾਲੇ ਕਾਰੋਬਾਰੀਆਂ ਦੇ ਸੂਬੇ ਗੁਜਰਾਤ ਦੇ ਸ਼ਹਿਰ ਅਹਿਮਦਾਬਾਦ ਦੇ ਰਹਿਣ ਵਾਲੇ ਆਟੋਰਿਕਸ਼ਾ ਚਾਲਕ ਰਾਜੂ ਭਰਵਾੜ ਦੀ ਕਹਾਣੀ ਬਿਲਕੁਲ ਵੱਖਰੀ ਹੈ। 2013 ਵਿੱਚ ਉਸ ਨੂੰ ਗੁਜਰਾਤ ਇੰਡਸਟਰੀਅਲ ਡਿਵੈਲਪਮੈਂਟ ਕਾਰਪੋਰੇਸ਼ਨ ਵੱਲੋਂ 1 ਕਰੋੜ 90 ਲੱਖ ਰੁਪਏ ਦਾ ਚੈਕ ਮਿਲਿਆ। ਉਸ ਨੂੰ ਚੈਕ ਪ੍ਰਾਪਤ ਕਰਕੇ ਬਹੁਤ ਹੈਰਾਨੀ ਹੋਈ ਜਿਸ ਵਿਚ ਉਸ ਦੀ ਮਾਂ ਦਾ ਨਾਂ ਵੀ ਸੀ। ਇਹ ਰਕਮ ਉਨ੍ਹਾਂ ਨੂੰ ਸਾਨੰਦ ਨੇੜੇ ਟਾਟਾ ਨੈਨੋ ਪਲਾਂਟ ਲਈ ਅਕਵਾਇਰ ਹੋਣ ਵਾਲੀ 10 ਵਿੱਘੇ ਜ਼ਮੀਨ ਦੇ ਬਦਲੇ ਦਿੱਤੀ ਜਾ ਰਹੀ ਸੀ। ਅਜਿਹੇ ਸਮੇਂ ਵਿੱਚ ਜਦੋਂ ਪੱਛਮੀ ਬੰਗਾਲ ਤੋਂ ਟਾਟਾ ਨੈਨੋ ਪਲਾਂਟ ਨੂੰ ਤਬਦੀਲ ਕਰਨ ਤੋਂ ਬਾਅਦ ਸਾਨੰਦ ਵਿੱਚ ਹਿੰਸਾ, ਜ਼ਮੀਨ ਹੜੱਪਣ ਅਤੇ ਧੋਖਾਧੜੀ ਦੀਆਂ ਸ਼ਿਕਾਇਤਾਂ ਵਧ ਰਹੀਆਂ ਸਨ। ਰਾਜੂ ਭਰਵਾੜ ਨੇ ਚੈਕ ਵਾਪਸ ਕਰਨ ਲਈ ਅਧਿਕਾਰੀਆਂ ਕੋਲ ਪਹੁੰਚ ਕੀਤੀ ਤੇ ਕਿਹਾ, "ਸਾਡੇ ਕੋਲ ਉਸ ਇਲਾਕੇ ਵਿੱਚ 10 ਵਿੱਘੇ ਜ਼ਮੀਨ ਸੀ ਪਰ ਮੇਰੇ ਪਿਤਾ ਨੇ 25 ਸਾਲ ਪਹਿਲਾਂ ਉਹ ਜਮੀਨ 9 ਲੱਖ ਰੁਪਏ ਵਿੱਚ ਵੇਚ ਦਿੱਤੀ ਸੀ। ਅੱਜ ਕਈ ਪਰਿਵਾਰ ਉੱਥੇ ਰਹਿ ਰਹੇ ਹਨ।" ਅਧਿਕਾਰੀਆਂ ਨੇ ਦੱਸਿਆ ਕਿ ਜ਼ਮੀਨ ਦੀ ਮਾਲਕੀ ਅਧਿਕਾਰਤ ਤੌਰ 'ਤੇ ਤਬਦੀਲ ਨਹੀਂ ਕੀਤੀ ਗਈ ਸੀ ਅਤੇ ਰਾਜੂ ਅਤੇ ਉਸ ਦੀ ਮਾਂ ਦੇ ਨਾਮ ਹੀ ਰਹਿ ਗਈ ਸੀ। ਰਾਜੂ ਨੇ ਕਿਹਾ ਕਿ ਉਹ ਹੁਣ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਜ਼ਮੀਨ ਦੀ ਮਾਲਕੀ ਸਹੀ ਮਾਲਕਾਂ ਨੂੰ ਦਿੱਤੀ ਜਾਵੇ ਅਤੇ ਇਸ ਰਕਮ ਦੇ ਅਸਲੀ ਹੱਕਦਾਰ ਵੀ ਉਹੀ ਹਨ। ਮੈਂ ਆਟੋਰਿਕਸ਼ਾ ਚਲਾ ਕੇ ਹਰ ਮਹੀਨੇ ਲਗਭਗ 6,000 ਰੁਪਏ ਕਮਾਉਂਦਾ ਹਾਂ ਅਤੇ ਮੇਰੇ ਕੋਲ ਚਾਰ ਵਿੱਘੇ ਜ਼ਮੀਨ ਵੀ ਹੈ। ਸਾਡੇ ਲਈ ਪ੍ਰੀਵਾਰ ਦਾ ਗੁਜਾਰਾ ਚਲਾਉਣ ਲਈ ਇੰਨਾ ਕੁੱਝ ਕਾਫੀ ਹੈ। ਰਾਜੂ ਭਰਵਾੜ ਰਾਤੋ-ਰਾਤ ਕਰੋੜਪਤੀ ਬਣ ਸਕਦਾ ਸੀ ਪਰ ਉਸ ਨੇ ਇਮਾਨਦਾਰੀ ਦੀ ਚੋਣ ਕੀਤੀ। ਰਾਜੂ ਦੀ ਇਮਾਨਦਾਰੀ ਨੇ ਸਰਕਾਰੀ ਅਧਿਕਾਰੀਆਂ ਨੂੰ ਵੀ ਹੈਰਾਨ ਕਰ ਦਿੱਤਾ। ਜਿਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੇ ਜ਼ਮੀਨ ਦੀ ਮਾਲਕੀ ਨੂੰ ਲੈ ਕੇ ਬਹੁਤ ਸਾਰੇ ਝਗੜੇ ਦੇਖੇ ਹਨ ਪਰ ਕਿਸੇ ਵੱਲੋਂ ਇੰਨੀ ਵੱਡੀ ਰਕਮ ਦਾ ਚੈਕ ਵਾਪਸ ਕਰਨਾ ਨਿਵੇਕਲੀ ਮਿਸਾਲ ਹੈ। ਇਸ ਘਟਨਾ ਨੂੰ ਉਸ ਸਮੇਂ ਦੇਸ਼ ਦੇ ਉੱਘੇ ਅਖ਼ਬਾਰਾਂ ਨੇ ਪਹਿਲੇ ਪੰਨੇ ਤੇ ਸਥਾਨ ਦਿੱਤਾ ਸੀ। ਸਾਡੇ ਲੋਕਾਂ ਨੂੰ ਵੀ ਆਪਣੀ ਆਤਮਾ ਨੂੰ ਝੰਜੋੜਨਾ ਚਾਹੀਦਾ ਹੈ ਅਤੇ ਰਾਜੂ ਭਰਵਾੜ ਵਾਂਗ ਫਰਾਖਦਿਲੀ ਦਿਖਾਉਂਦੇ ਹੋਏ ਅਕਵਾਇਰ ਹੋਈ ਜਮੀਨ ਦਾ ਮੁਆਵਜ਼ਾ ਅਧਿਕਾਰਤ ਤੌਰ ਤੇ ਕਾਬਜ ਅਸਲੀ ਹੱਕਦਾਰਾਂ ਨੂੰ ਮਿਲਣਾ ਯਕੀਨੀ ਬਣਾਉਣਾ ਚਾਹੀਦਾ ਹੈ।

Punjabi Chulha ਪੰਜਾਬੀ ਚੁੱਲ੍ਹਾ Restaurant & Sweet Shop
We Do Take-Out & Catering For All Events
ਫੋਨ ਆ ਗਿਆ ਕਿ ਘਰ ਪ੍ਰਾਹੁਣੇ ਆ ਰਹੇ ਨੇ ਐਵੇ ਨਾ ਡਰੋ!
"ਪੰਜਾਬੀ ਚੁੱਲ੍ਹੇ" ਦੇ ਖਾਣਿਆਂ ਨਾਲ ਮਹਿਮਾਨਾ ਦੀ ਆਓ ਭਗਤ ਕਰੋ!
ਦਿਲ ਚਾਹੇ ਉੱਥੇ ਬੈਠ ਕੇ ਖਾਓ–ਦਿਲ ਚਾਹੇ ਘਰ ਲੈ ਜਾਓ!
ਆਪਣੇ ਘਰ ਵੇਲਣੇ ਨੂੰ ਛੁੱਟੀ, ਬੱਸ ਵੇਲਣੇ ਦੀ ਥਾਂ ਫੋਨ ਘੁਮਾਓ!
ਪੰਜਾਬੀ ਚੁੱਲ੍ਹਾ ਰੈਸਟੋਰੈਂਟ
ਕੈਲਗਰੀ ਸਕਾਈਵਿਊ ਦੇ ਰੈਡ ਸਟੋਨ ਏਰੀਆ ਵਿੱਚ ਖੁੱਲ ਗਿਆ ਹੈ।
83 Martindale Blvd NE Calgary, AB T3J 3M7
P: 403-453-9000 / C:403-477-5142

CHANDIGARH DRIVING SCHOOL
Don't Learn Safety by Accident
Class 1, 3 & 5
Brush up 1, 3 & 5
Certification Courses
Air Brake (Q endorsement)
Advance Training Course
Car & Tractor Trailor for Road Test
RAVINDER SINGH SOHI
Alberta Certified Class 1,3,5
(Driving Instructor)
We Can Speak English, German, Punjabi, Hindi & Urdu
STOP
We have 24 years Experience
Auto & Manual Truck For Training
ਵਧੀਆ ਸੇਵਾਵਾਂ, ਵਾਜਬ ਕੀਮਤਾਂ
ਚੰਡੀਗੜ੍ਹ ਡਰਾਈਵਿੰਗ ਸਕੂਲ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca

Any Commercial or Domestic disposable items, like sofa, table,chair, bed, mattress, washer, dryer, fridge etc.or any lumber, we will pickup from your construction site/residence at a very reasonable rate.
Junk Dump Edmonton
Junk Removal
Call: 780 700 5022
ਕਮਰਸ਼ੀਅਲ ਜਾਂ ਘਰ ਦਾ ਕੋਈ ਵੀ ਪੁਰਾਣਾ ਫਰਨੀਚਰ ਜਿਵੇਂ ਕਿ ਸੋਫੇ, ਟੇਬਲ, ਗੱਦੇ, ਬੈਡ, ਵਾਸ਼ਰ, ਡਰਾਇਅਰ, ਫਰਿੱਜ ਕਿੱਸੇ ਵੀ ਕਿਸਮ ਦਾ ਸਮਾਨ ਹੋਵੇ ਅਸੀ ਆਪ ਤੁਹਾਡੇ ਘਰੋ ਵਾਜਬ ਕੀਮਤਾਂ ਤੇ ਲੈਕੇ ਜਾਵਾਂਗੇ ਤੇ ਉਹਨਾਂ ਨੂੰ ਡਿਸਪੋਜ ਕਰਾਂਗੇਂ!

# ਭਾਰਤੀ ਮੂਲ ਦੇ ਪੰਜਾਬੀ ਦੇ ਪੋਤਰੇ ਰਿਸ਼ੀ ਸੁਨਾਕ ਬਰਤਾਨੀਆਂ ਦੇ ਨਵੇਂ ਪ੍ਰਧਾਨ ਮੰਤਰੀ

**ਕੋਵਿਡ ਦੌਰਾਨ ਲਾਕ ਡਾਊਨ ਹੋਣ ਕਰਕੇ ਦੇਸ਼ ਦੀ ਆਰਥਿਕਤਾ ਗੰਭੀਰ ਸੰਕਟ ਵਿੱਚ ਆ ਗਈ ਸੀ। ਆਰਥਿਕ ਵਾਧਾ ਦਰ 2.09 ਦੇ 2.7 ਤੋਂ ਘੱਟ ਕੇ 1.7 ਰਹਿ ਗਈ ਸੀ। ਜਦੋਂ ਬਰਤਾਨੀਆ ਯੂਰਪੀ ਯੂਨੀਅਨ ਤੋਂ ਬਾਹਰ ਆਇਆ ਸੀ ਤਾਂ ਬੋਰਸ ਨੇ ਕਿਹਾ ਸੀ ਕਿ ਕਿਰਤੀ ਲੋਕਾਂ ਲਈ ਸਿਆਸੀ ਫ਼ੈਸਲੇ ਕਰਨ ਦੀ ਵਧੇਰੇ ਆਜ਼ਾਦੀ ਹੋਵੇਗੀ ਪ੍ਰੰਤੂ ਬਰਤਾਨੀਆਂ ਦੀ ਆਰਥਿਕ ਹਾਲਤ ਬਦ ਤੋਂ ਬਦਤਰ ਹੋ ਗਈ ਸੀ। ਜੀ-7 ਮੁਲਕਾਂ ਦੇ ਗੁੱਟ ਵਿੱਚੋਂ ਬਰਤਾਨੀਆਂ ਦੀ ਮਹਿੰਗਾਈ ਦਰ ਸਭ ਤੋਂ ਜ਼ਿਆਦਾ ਹੋ ਗਈ ਸੀ। ਪੌਂਡ ਵੀ ਹੇਠਾਂ ਡਿਗ ਰਿਹਾ ਸੀ। ਬੋਰਸ ਜਾਨਸਨ ਇਸ ਦੌਰਾਨ ਆਰਥਿਕਤਾ ਨੂੰ ਮਜ਼ਬੂਤ ਕਰਨ ਦੀ ਥਾਂ ਸਰਮਾਏਦਾਰਾਂ ਨੂੰ ਟੈਕਸਾਂ ਵਿੱਚ ਛੋਟਾਂ ਦੇਣਾ ਚਾਹੁੰਦੇ ਸਨ, ਜਿਸ ਨਾਲ ਆਮ ਲੋਕਾਂ ਨੂੰ ਆਰਥਿਕਤਾ ਦਾ ਹੋਰ ਸੰਤਾਪ ਭੁਗਤਣਾ ਪੈਣਾ ਸੀ। ਰਿਸ਼ੀ ਸੁਨਾਕ ਜੋ ਉਨ੍ਹਾਂ ਦੇ ਵਿਸ਼ਵਾਸ ਪਾਤਰ ਵਿਤ ਮੰਤਰੀ ਸਨ, ਉਨ੍ਹਾਂ ਨੇ ਦੇਸ਼ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਤੋਂ ਬਾਅਦ ਰਿਆਇਤਾਂ ਦੇਣ ਦੀ ਪ੍ਰੋੜ੍ਹਤਾ ਕੀਤੀ, ਜਿਸ ਕਰਕੇ ਉਨ੍ਹਾਂ ਦੇ ਪ੍ਰਧਾਨ ਮੰਤਰੀ ਨਾਲ ਮਤਭੇਦ ਪੈਦਾ ਹੋ ਗਏ। ਹਾਲਾਂ ਕਿ ਸਰਮਾਏਦਾਰ ਮੁਲਕਾਂ ਵਿੱਚ ਬਰਤਾਨੀਆ ਦੀ ਆਰਥਿਕਤਾ ਨੂੰ ਸਥਿਰ ਮੰਨ੍ਹਿਆਂ ਜਾਂਦਾ ਸੀ। ਫਿਰ ਰਿਸ਼ੀ ਸੁਨਾਕ ਅਤੇ ਸਿਹਤ ਮੰਤਰੀ ਸਾਜਿਦ ਜਾਵਿਦ ਨੇ ਮੰਤਰੀ ਦੇ ਅਹੁਦਿਆਂ ਤੋਂ 5 ਜੁਲਾਈ ਨੂੰ ਅਸਤੀਫ਼ੇ ਦੇ ਦਿੱਤੇ ਅਤੇ ਪ੍ਰਧਾਨ ਮੰਤਰੀ ਵਿਰੁੱਧ ਬਗਾਬਤ ਦਾ ਝੰਡਾ ਚੁੱਕ ਲਿਆ।**



ਉਜਾਗਰ ਸਿੰਘ
ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072

ਬਰਤਾਨੀਆਂ ਦੇ ਪ੍ਰਧਾਨ ਮੰਤਰੀ ਬੋਰਸ ਜਾਨਸਨ ਅਤੇ ਲਿਜ ਟਰੱਸ ਵੱਲੋਂ ਵਿਤੀ ਆਰਥਿਕਤਾ ਦੇ ਲੜਖੜਾ ਜਾਣ ਕਰਕੇ ਬੁਰੀ ਤਰ੍ਹਾਂ ਅਸਫ਼ਲ ਹੋਣ 'ਤੇ ਅਸਤੀਫ਼ੇ ਦੇਣ ਤੋਂ ਬਾਅਦ ਭਾਰਤੀ ਮੂਲ ਦੇ ਪੰਜਾਬੀ 42 ਸਾਲਾ ਰਿਸ਼ੀ ਸੁਨਾਕ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਕੰਜਰਵੇਟਿਵ ਪਾਰਟੀ ਦੇ ਸੰਸਦ ਮੈਂਬਰਾਂ ਵੱਲੋਂ ਸਰਬ ਸੰਮਤੀ ਨਾਲ ਨੇਤਾ ਚੁਣੇ ਗਏ ਹਨ। ਬਰਤਾਨੀਆਂ ਦੇ ਇਤਿਹਾਸ ਵਿੱਚ ਉਹ 1812 ਤੋਂ ਬਾਅਦ ਪਹਿਲੇ ਨੌਜਵਾਨ ਅਤੇ ਪਹਿਲੇ ਬਕਿੰਗਮ ਪੈਲੇਸ ਦੇ ਕਿੰਗ ਤੋਂ ਵੱਧ ਅਮੀਰ ਪ੍ਰਧਾਨ ਮੰਤਰੀ ਹੋਣਗੇ। ਰਿਸ਼ੀ ਸੁਨਾਕ ਲਈ ਬਰਤਾਨੀਆਂ ਦੀ ਆਰਥਿਕਤਾ ਨੂੰ ਮੁੜ ਲੀਹਾਂ 'ਤੇ ਲਿਆਉਣਾ ਵੱਡੀ ਚੁਣੌਤੀ ਹੋਵੇਗੀ। ਇਸ ਤੋਂ ਇਲਾਵਾ ਕੰਜ਼ਰਵੇਟਿਵ ਪਾਰਟੀ ਦੇ ਸੰਸਦ ਮੈਂਬਰਾਂ ਨੂੰ ਵੀ ਇਕਜੁਟ ਰੱਖਣਾ ਅਤੇ ਮਹਿੰਗਾਈ 'ਤੇ ਕਾਬੂ ਪਾਉਣਾ ਵੀ ਜ਼ਰੂਰੀ ਹੈ ਕਿਉਂਕਿ ਪਾਰਟੀ ਵਿੱਚ ਹਫੜਾ-ਦਫ਼ੜੀ ਦੇ ਹਾਲਾਤ ਬਣੇ ਹੋਏ ਹਨ। ਜੇਕਰ ਰਿਸ਼ੀ ਸੁਨਕ ਆਰਥਿਕਤਾ ਨੂੰ ਮਜ਼ਬੂਤ ਕਰਨ ਵਿੱਚ ਸਫਲ ਹੋ ਜਾਂਦੇ ਹਨ ਤਾਂ 2025 ਦੀਆਂ ਚੋਣਾ ਕੰਜ਼ਰਵੇਟਿਵ ਪਾਰਟੀ ਵੱਲੋਂ ਉਨ੍ਹਾਂ ਦੀ ਅਗਵਾਈ ਵਿੱਚ ਲੜੀਆਂ ਜਾਣਗੀਆਂ ਅਤੇ ਸੰਭਾਵੀ ਪ੍ਰਧਾਨ ਮੰਤਰੀ ਹੋਣਗੇ। ਜੇਕਰ ਸਫਲ ਨਾ ਹੋਏ ਤਾਂ ਉਨ੍ਹਾਂ ਦਾ ਸਿਆਸੀ ਕੈਰੀਅਰ ਜਿਵੇਂ ਤੁਰੰਤ ਫੁਰਤ ਸਿਖਰ ਤੇ ਪਹੁੰਚਿਆ ਹੈ ਉਸੇ ਤਰ੍ਹਾਂ ਖ਼ਤਮ ਹੋ ਜਾਵੇਗਾ। ਉਹ ਐਥਨਿਕ ਘੱਟ ਗਿਣਤੀਆਂ ਦੇ ਦੂਜੇ ਵਿਅਕਤੀ ਹਨ, ਜਿਹੜੇ ਬਰਤਾਨੀਆਂ ਦੇ ਪ੍ਰਧਾਨ ਮੰਤਰੀ ਚੁਣੇ ਗਏ ਹਨ। ਇਸ ਤੋਂ ਪਹਿਲਾਂ ਜਿਊ ਭਾਈਚਾਰੇ ਦੇ ਬੈਂਜਾਮਿਨ ਡਿਜ਼ਰਾਇਲੀ ਦੋ ਵਾਰ 27 ਫਰਵਰੀ 1868 ਤੋਂ ਦਸੰਬਰ 1868 ਅਤੇ 1874 ਤੋਂ 1880 ਤੱਕ ਲੰਬਾ ਸਮਾਂ ਬਰਤਾਨੀਆਂ ਦੇ ਪ੍ਰਧਾਨ ਮੰਤਰੀ ਰਹੇ ਹਨ। ਹੈਰਾਨੀ ਦੀ ਗੱਲ ਹੈ ਕਿ ਕਿਸੇ ਸਮੇਂ ਜਿਹੜੀ ਕੰਜ਼ਰਵੇਟਿਵ ਪਾਰਟੀ ਏਸ਼ੀਅਨਜ਼ ਨੂੰ ਘ੍ਰਿਣਾ ਕਰਦੀ ਸੀ, ਉਸੇ ਪਾਰਟੀ ਨੇ ਭਾਰਤੀ ਮੂਲ ਦੇ ਪੰਜਾਬੀ ਨੂੰ ਪ੍ਰਧਾਨ ਮੰਤਰੀ ਬਣਾਇਆ ਹੈ। ਏਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਪ੍ਰਧਾਨ ਮੰਤਰੀ ਕੈਮਰੂਨ ਨੇ ਇਕ ਵਾਰ ਕਿਹਾ ਸੀ ਕਿ ਉਹ ਸਮਾਂ ਦੂਰ ਨਹੀਂ ਜਦੋਂ ਭਾਰਤੀ ਮੂਲ ਦਾ ਬਰਤਾਨੀਆਂ ਦਾ ਪ੍ਰਧਾਨ ਮੰਤਰੀ ਬਣੇਗਾ? ਉਦੋਂ ਸਾਰੇ ਕੈਮਰੂਨ ਦਾ ਮਖੌਲ ਉਡਾ ਰਹੇ ਸਨ। ਭਾਰਤ ਦੇ ਇਤਿਹਾਸ ਵਿੱਚ ਰਿਸ਼ੀ ਸੁਨਾਕ ਦੇ ਪ੍ਰਧਾਨ ਮੰਤਰੀ ਬਣਨ ਨਾਲ ਸੁਨਹਿਰੀ ਪੰਨਾ ਜੁੜ ਗਿਆ ਹੈ। ਬਰਤਾਨੀਆਂ ਦੇ ਰਾਜ ਦਾ ਕਿਸੇ ਸਮੇਂ ਸੰਸਾਰ ਵਿੱਚ ਸੂਰਜ ਨਹੀਂ ਛਿਪਦਾ ਸੀ, ਅੱਜ ਉਥੇ ਹੀ ਭਾਰਤੀ ਮੂਲ ਦਾ ਪ੍ਰਧਾਨ ਮੰਤਰੀ ਬਣ ਗਿਆ। ਰਿਸ਼ੀ ਸੁਨਾਕ ਆਪਣੀ ਕਾਬਲੀਅਤ ਕਰਕੇ ਪ੍ਰਧਾਨ ਮੰਤਰੀ ਬਣਿਆਂ ਹੈ। ਲਿਜ਼ ਟਰੱਸ ਬਰਤਾਨੀਆਂ ਦੇ ਇਤਿਹਾਸ ਵਿੱਚ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਸਭ ਤੋਂ ਘੱਟ 45 ਦਿਨ ਦੇ ਸਮੇਂ ਲਈ ਰਹਿਣ ਵਾਲੀ ਪਹਿਲੀ ਪ੍ਰਧਾਨ ਮੰਤਰੀ ਹੈ। ਉਸ ਦੀ 5 ਸਤੰਬਰ 2022 ਨੂੰ ਚੋਣ ਹੋਈ ਸੀ ਅਤੇ ਉਨ੍ਹਾਂ 6 ਸਤੰਬਰ ਨੂੰ ਆਪਣਾ ਅਹੁਦਾ ਸੰਭਾਲਿਆ ਸੀ। ਉਸ ਨੇ ਸਿੱਧੇ ਮੁਕਾਬਲੇ ਵਿੱਚ ਰਿਸ਼ੀ ਸੁਨਕ ਨੂੰ ਹਰਾਇਆ ਸੀ। ਬੋਰਸ ਜਾਨਸਨ ਤਿੰਨ ਸਾਲ ਬਰਤਾਨੀਆਂ ਦੇ ਪ੍ਰਧਾਨ ਮੰਤਰੀ ਰਹੇ ਹਨ। ਉਨ੍ਹਾਂ ਦਾ ਕਾਰਜ਼ਕਾਲ ਚੁਣੌਤੀਆਂ ਭਰਿਆ ਰਿਹਾ ਹੈ। ਕੋਵਿਡ 19 ਦੀਆਂ ਉਲੰਘਣਾਵਾਂ ਕਰਕੇ ਉਹ ਆਪਣੀ ਸਰਕਾਰੀ ਰਿਹਾਇਸ਼ 10 ਡਾਊਨਿੰਗ ਸਟਰੀਟ ਵਿਖੇ ਜੂਨ 2020 ਵਿੱਚ ਕੀਤੀਆਂ ਪਾਰਟੀਆਂ ਅਤੇ ਤਾਜ਼ਾ ਘਟਨਾਕਰਮ ਬੋਰਸ ਜਾਨਸਨ ਦੇ ਨਜ਼ਦੀਕੀ ਕੰਜ਼ਰਵੇਟਿਵ ਪਾਰਟੀ ਦੇ ਵਿਪ ਕ੍ਰਿਸ ਪਿੰਚਰ 'ਤੇ ਲੱਗੇ ਜਿਨਸੀ ਸ਼ੋਸ਼ਣ ਦੇ ਇਲਜ਼ਾਮ ਨੂੰ ਅੱਖੋਂ ਪ੍ਰੋਖੇ ਕਰਨ ਕਰਕੇ ਵੀ ਚਰਚਾ ਵਿੱਚ ਰਹੇ ਹਨ। ਕੋਵਿਡ ਦੌਰਾਨ ਲਾਕ ਡਾਊਨ ਹੋਣ ਕਰਕੇ ਦੇਸ਼ ਦੀ ਆਰਥਿਕਤਾ ਗੰਭੀਰ ਸੰਕਟ ਵਿੱਚ ਆ ਗਈ ਸੀ। ਆਰਥਿਕ ਵਾਧਾ ਦਰ 2.09 ਦੇ 2.7 ਤੋਂ ਘੱਟ ਕੇ 1.7 ਰਹਿ ਗਈ ਸੀ। ਜਦੋਂ ਬਰਤਾਨੀਆ ਯੂਰਪੀ ਯੂਨੀਅਨ ਤੋਂ ਬਾਹਰ ਆਇਆ ਸੀ ਤਾਂ ਬੋਰਸ ਨੇ ਕਿਹਾ ਸੀ ਕਿ ਕਿਰਤੀ ਲੋਕਾਂ ਲਈ ਸਿਆਸੀ ਫ਼ੈਸਲੇ ਕਰਨ ਦੀ ਵਧੇਰੇ ਆਜ਼ਾਦੀ ਹੋਵੇਗੀ ਪ੍ਰੰਤੂ ਬਰਤਾਨੀਆਂ ਦੀ ਆਰਥਿਕ ਹਾਲਤ ਬਦ ਤੋਂ ਬਦਤਰ ਹੋ ਗਈ ਸੀ। ਜੀ-7 ਮੁਲਕਾਂ ਦੇ ਗੁੱਟ ਵਿੱਚੋਂ ਬਰਤਾਨੀਆਂ ਦੀ ਮਹਿੰਗਾਈ ਦਰ ਸਭ ਤੋਂ ਜ਼ਿਆਦਾ ਹੋ ਗਈ ਸੀ। ਪੌਂਡ ਵੀ ਹੇਠਾਂ ਡਿਗ ਰਿਹਾ ਸੀ। ਬੋਰਸ ਜਾਨਸਨ ਇਸ ਦੌਰਾਨ ਆਰਥਿਕਤਾ ਨੂੰ ਮਜ਼ਬੂਤ ਕਰਨ ਦੀ ਥਾਂ ਸਰਮਾਏਦਾਰਾਂ ਨੂੰ ਟੈਕਸਾਂ ਵਿੱਚ ਛੋਟਾਂ ਦੇਣਾ ਚਾਹੁੰਦੇ ਸਨ, ਜਿਸ ਨਾਲ ਆਮ ਲੋਕਾਂ ਨੂੰ ਆਰਥਿਕਤਾ ਦਾ ਹੋਰ ਸੰਤਾਪ ਭੁਗਤਣਾ ਪੈਣਾ ਸੀ। ਰਿਸ਼ੀ ਸੁਨਾਕ ਜੋ ਉਨ੍ਹਾਂ ਦੇ ਵਿਸ਼ਵਾਸ ਪਾਤਰ ਵਿਤ ਮੰਤਰੀ ਸਨ, ਉਨ੍ਹਾਂ ਨੇ ਦੇਸ਼ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਤੋਂ ਬਾਅਦ ਰਿਆਇਤਾਂ ਦੇਣ ਦੀ ਪ੍ਰੋੜ੍ਹਤਾ ਕੀਤੀ, ਜਿਸ ਕਰਕੇ ਉਨ੍ਹਾਂ ਦੇ ਪ੍ਰਧਾਨ ਮੰਤਰੀ ਨਾਲ ਮਤਭੇਦ ਪੈਦਾ ਹੋ ਗਏ। ਹਾਲਾਂ ਕਿ ਸਰਮਾਏਦਾਰ ਮੁਲਕਾਂ ਵਿੱਚ ਬਰਤਾਨੀਆ ਦੀ ਆਰਥਿਕਤਾ ਨੂੰ ਸਥਿਰ ਮੰਨ੍ਹਿਆਂ ਜਾਂਦਾ ਸੀ। ਫਿਰ ਰਿਸ਼ੀ ਸੁਨਾਕ ਅਤੇ ਸਿਹਤ ਮੰਤਰੀ ਸਾਜਿਦ ਜਾਵਿਦ ਨੇ ਮੰਤਰੀ ਦੇ ਅਹੁਦਿਆਂ ਤੋਂ 5 ਜੁਲਾਈ ਨੂੰ ਅਸਤੀਫ਼ੇ ਦੇ ਦਿੱਤੇ ਅਤੇ ਪ੍ਰਧਾਨ ਮੰਤਰੀ ਵਿਰੁੱਧ ਬਗਾਬਤ ਦਾ ਝੰਡਾ ਚੁੱਕ ਲਿਆ। ਉਨ੍ਹਾਂ ਦੋਹਾਂ ਮੰਤਰੀਆਂ ਦੇ ਅਸਤੀਫ਼ੇ ਦੇਣ ਤੋਂ ਬਾਅਦ ਕੰਜ਼ਵੇਟਿਵ ਪਾਰਟੀ ਵਿੱਚ ਤੂਫ਼ਾਨ ਵਰਗੀ ਸਥਿਤੀ ਪੈਦਾ ਹੋ ਗਈ। ਕੰਜ਼ਵੇਟਿਵ ਪਾਰਟੀ ਦੇ ਬਹੁਤੇ ਹਾਊਸ ਆਫ਼ ਕਾਮਨਜ਼ ਦੇ ਮੈਂਬਰਾਂ ਨੇ ਪ੍ਰਧਾਨ ਮੰਤਰੀ ਬੋਰਸ ਜਾਨਸਨ ਨੂੰ ਅਸਤੀਫ਼ਾ ਦੇਣ ਲਈ ਤਾਕੀਦ ਕੀਤੀ ਪ੍ਰੰਤੂ ਬੋਰਸ ਜਾਨਸਨ ਟੱਸ ਤੋਂ ਮੱਸ ਨਾ ਹੋਏ। ਉਨ੍ਹਾਂ ਪਹਿਲਾਂ ਤਾਂ ਮੰਤਰੀ ਮੰਡਲ ਦੇ ਦੋਵੇਂ ਖਾਲੀ ਹੋਏ ਵਿਭਾਗਾਂ ਦੇ ਮੰਤਰੀ ਨਿਯੁਕਤ ਕਰ ਲਏ ਪ੍ਰੰਤੂ ਜਦੋਂ 58 ਅਹੁਦੇਦਾਰਾਂ ਅਤੇ 6 ਹੋਰ ਮੰਤਰੀਆਂ ਨੇ ਅਸਤੀਫ਼ੇ ਦੇ ਦਿੱਤੇ ਤਾਂ ਉਨ੍ਹਾਂ ਨੂੰ ਵੱਡੇ ਪੱਧਰ 'ਤੇ ਹੋ ਰਹੀ ਬਗਾਬਤ ਹੋਣ ਕਰਕੇ ਮਜ਼ਬੂਰ ਹੋ ਕੇ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ 7 ਜੁਲਾਈ ਨੂੰ ਅਸਤੀਫ਼ਾ ਦੇਣਾ ਪਿਆ। ਬਰਤਾਨੀਆਂ ਦੇ ਸੰਵਿਧਾਨ ਅਨੁਸਾਰ ਕੰਜ਼ਵੇਟਿਵ ਪਾਰਟੀ ਦੇ ਹਾਊਸ ਆਫ਼ ਕਾਮਨਜ਼ ਦੇ ਬਹੁਤੇ ਮੈਂਬਰਾਂ ਦੀ ਸਪੋਰਟ ਵਾਲੇ ਪਹਿਲੇ ਦੋ ਨੇਤਾ ਪ੍ਰਧਾਨ ਮੰਤਰੀ ਦੇ ਉਮੀਦਵਾਰ ਬਣ ਜਾਂਦੇ ਹਨ। ਉਸ ਤੋਂ ਬਾਅਦ ਪਾਰਟੀ ਦੇ ਪ੍ਰਾਇਮਰੀ ਮੈਂਬਰ ਉਨ੍ਹਾਂ ਦੋਹਾਂ ਵਿੱਚੋਂ ਇਕ ਦੀ ਚੋਣ ਕਰਦੇ ਹਨ। ਕੰਜ਼ਰਵੇਟਿਵ ਪਾਰਟੀ ਦੇ ਹਾਊਸ ਆਫ਼ ਕਾਮਨਜ਼ ਦੇ 357 ਮੈਂਬਰਾਂ ਵੱਲੋਂ ਪਹਿਲੇ ਚਾਰ ਰਾਊਂਡ ਵਿੱਚੋਂ ਰਿਸ਼ੀ ਸੁਨਾਕ ਪਹਿਲੇ ਨੰਬਰ 'ਤੇ ਰਹੇ। ਚੌਥੇ ਰਾਊਂਡ ਵਿੱਚ ਪੈਨੀ ਮੌਰਡੰਟ ਦੂਜੇ ਨੰਬਰ 'ਤੇ ਰਹੀ। ਪੰਜਵੇਂ ਅਤੇ ਆਖ਼ਰੀ ਰਾਊਂਡ ਵਿੱਚ ਰਿਸ਼ੀ ਸੁਨਾਕ 137 ਵੋਟਾਂ ਲੈ ਕੇ ਪਹਿਲੇ ਨੰਬਰ ਅਤੇ ਵਿਦੇਸ਼ ਮੰਤਰੀ ਲਿਜ਼ ਟਰੱਸ 113 ਵੋਟਾਂ ਲੈ ਕੇ ਦੂਜੇ ਨੰਬਰ 'ਤੇ ਰਹੀ। ਆਖ਼ਰੀ ਰਾਊਂਡ ਵਿੱਚੋਂ ਪਹਿਲੇ ਅਤੇ ਦੂਜੇ ਨੰਬਰ 'ਤੇ ਆਉਣ ਵਾਲੇ ਰਿਸ਼ੀ ਸੁਨਾਕ ਅਤੇ ਵਿਦੇਸ਼ ਮੰਤਰੀ ਲਿਜ਼ ਟਰੱਸ ਵਿੱਚੋਂ ਇੱਕ ਦੀ ਚੋਣ ਕੀਤੀ ਜਾਣੀ ਸੀ। ਕੰਜ਼ਵੇਟਿਵ ਪਾਰਟੀ ਦੇ 1 ਲੱਖ 70 ਹਜ਼ਾਰ ਪ੍ਰਾਇਮਰੀ ਮੈਂਬਰਾਂ ਨੇ ਲਿਜ ਟਰੱਸ ਦੀ ਚੋਣ ਕੀਤੀ ਸੀ। ਆਪਣੀ ਚੋਣ ਸਮੇਂ ਲਿਜ਼ ਟਰੱਸ ਨੇ ਬਰਤਾਨੀਆਂ ਦੀ ਆਰਥਿਕ ਹਾਲਤ ਉਧਾਰ ਲੈਣ ਤੋਂ ਬਾਅਦ ਟੈਕਸ ਦੀਆਂ ਕਟੌਤੀਆਂ ਕਰਕੇ ਆਰਥਿਕਤਾ ਨੂੰ ਮਜ਼ਬੂਤ ਕਰਨ ਦਾ ਵਾਅਦਾ ਕੀਤਾ ਸੀ। ਜਦੋਂ ਲਿਜ਼ ਟਰੱਸ ਪ੍ਰਧਾਨ ਮੰਤਰੀ ਬਣੇ ਸਨ ਤਾਂ 'ਯੂ ਗੋ ਪੋਲ' ਨੇ ਆਪਣੇ ਸਰਵੇ ਵਿੱਚ ਕਿਹਾ ਸੀ ਕਿ ਕੰਜ਼ਰਵੇਟਿਵ ਪਾਰਟੀ ਦੇ 12 ਫ਼ੀ ਸਦੀ ਮੈਂਬਰ ਕਹਿੰਦੇ ਸਨ ਕਿ ਲਿਜ਼ ਟਰੱਸ ਸਫਲ ਹੋਵੇਗੀ ਪਰੰਤੂ 52 ਫ਼ੀ ਸਦੀ ਕਹਿੰਦੇ ਸਨ ਕਿ ਉਹ ਅਸਫਲ ਸਾਬਤ ਹੋਵੇਗੀ। ਆਪਣੇ ਰਾਜ ਦੇ 45 ਦਿਨ ਵਿੱਚ ਆਰਥਿਕ ਹਾਲਤ ਤਾਂ ਸੁਧਾਰ ਨਹੀਂ ਸਕੀ ਸਗੋਂ ਬਰਤਾਨੀਆਂ ਦੀ ਆਰਥਿਕਤਾ ਡਾਵਾਂਡੋਲ ਹੋ ਕੇ ਲੜਖੜਾ ਗਈ। ਪ੍ਰਧਾਨ ਮੰਤਰੀ ਨੇ ਕਵਾਸੀ ਵਾਰਟੈਂਗ ਨੂੰ ਆਪਣਾ ਵਿਤ ਮੰਤਰੀ ਬਣਾਇਆ ਸੀ। ਵਿਤ ਮੰਤਰੀ ਨੇ 23 ਸਤੰਬਰ ਨੂੰ ਸੰਸਦ ਵਿੱਚ ਆਪਣਾ ਮਿੰਨੀ ਬਜਟ ਪੇਸ਼ ਕੀਤਾ ਸੀ। ਜਿਸ ਵਿੱਚ ਐਲਾਨ ਕੀਤਾ ਗਿਆ ਸੀ ਕਿ ਪਬਲਿਕ ਤੋਂ ਉਧਾਰ ਲੈ ਕੇ ਲੋਕਾਂ ਨੂੰ ਟੈਕਸਾਂ ਵਿੱਚ ਛੋਟ ਦਿੱਤੀ ਜਾਵੇਗੀ। ਪਰੰਤੂ ਇਸ ਐਲਾਨ ਤੋਂ ਬਾਅਦ ਪੌਂਡ ਦੀ ਕੀਮਤ ਡਾਲਰ ਦੇ ਮੁਕਾਬਲੇ ਘਟ ਗਈ। ਵਿਤ ਮੰਤਰੀ ਨੇ 25 ਸਤੰਬਰ ਨੂੰ ਟੈਕਸਾਂ ਵਿੱਚ ਹੋਰ ਕਟੌਤੀ ਕਰ ਦਿੱਤੀ ਤਾਂ ਜੋ ਪੌਂਡ ਦੀ ਕੀਮਤ ਹੋਰ ਡਿਗਣੋ ਬੰਦ ਹੋ ਜਾਵੇ। 28 ਸਤੰਬਰ ਨੂੰ ਬੌਂਡ ਮਾਰਕੀਟ ਵਿੱਚ ਉਛਾਲ ਆ ਗਿਆ, ਜਿਸ ਕਰਕੇ ਬ੍ਰਿਟਿਸ਼ ਦਾ ਪੈਨਸ਼ਨ ਫੰਡ ਲੜਖੜਾ ਗਿਆ। ਇਸ ਨੂੰ ਰੋਕਣ ਲਈ ਬੈਂਕ ਆਫ ਇੰਗਲੈਂਡ ਨੇ ਲੰਬੇ ਸਮੇਂ ਦੇ ਬੌਂਡ ਵੇਚਣ ਦਾ ਪ੍ਰੋਗਰਾਮ ਬਣਾ ਲਿਆ। ਬਰਤਾਨੀਆਂ ਦੀ ਆਰਥਿਕਤਾ ਵਿੱਚ ਕੋਈ ਫਰਕ ਨਾ ਪਿਆ। ਲੋਕਾਂ ਵਿੱਚ ਰੋਹ ਪੈਦਾ ਹੋ ਗਿਆ। 3 ਅਕਤੂਬਰ ਨੂੰ ਵਿਤ ਮੰਤਰੀ ਨੇ ਟੈਕਸਾਂ ਦੀ ਕਟੌਤੀ ਯੂ.ਟਰਨ ਲੈ ਕੇ ਵਾਪਸ ਲੈ ਲਈ। ਲਿਜ਼ ਟਰੱਸ ਦਾ ਵਾਅਦਾ ਵਫ਼ਾ ਨਾ ਹੋਇਆ। 10 ਅਕਤੂਬਰ ਨੂੰ ਵਿਤ ਮੰਤਰੀ ਨੇ ਐਲਾਨ ਕੀਤਾ ਕਿ ਉਹ ਨਵੰਬਰ ਵਿੱਚ ਪੇਸ਼ ਹੋਣ ਵਾਲੇ ਬਜਟ ਨੂੰ 31 ਅਕਤੂਬਰ ਨੂੰ ਪੇਸ਼ ਕਰਨਗੇ। ਪਰੰਤੂ 12 ਅਕਤੂਬਰ ਨੂੰ ਪ੍ਰਧਾਨ ਮੰਤਰੀ ਲਿਜ਼ ਟਰੱਸ ਨੇ ਐਲਾਨ ਕਰ ਦਿੱਤਾ ਕਿ ਉਹ ਪਬਲਿਕ ਖ਼ਰਚੇ 'ਤੇ ਕਟੌਤੀ ਨਹੀਂ ਕਰਨਗੇ। ਵਿਤ ਮੰਤਰੀ ਅਤੇ ਪ੍ਰਧਾਨ ਮੰਤਰੀ ਵਿੱਚ ਮਤਭੇਦ ਪੈਦਾ ਹੋ ਗਏ। ਪ੍ਰਧਾਨ ਮੰਤਰੀ ਨੇ 14 ਅਕਤੂਬਰ ਨੂੰ ਆਪਣੇ ਵਿਤ ਮੰਤਰੀ ਨੂੰ ਹਟਾ ਕੇ ਵਿਦੇਸ਼ ਮੰਤਰੀ ਜਰਮੀ ਹੰਟ ਨੂੰ ਵਿਤ ਮੰਤਰੀ ਬਣਾ ਦਿੱਤਾ। 19 ਅਕਤੂਬਰ ਨੂੰ ਇਕ ਹੋਰ ਭਾਰਤੀ ਮੂਲ ਦੀ ਮੰਤਰੀ ਮੰਤਰੀ ਸਿਓਲਾ ਬ੍ਰੇਵਰਮੈਨ ਨੇ ਇਮੀਗਰੇਸ਼ਨ ਮੰਤਰੀ ਜਰਮੀ ਹੰਟ ਅਤੇ ਪ੍ਰਧਾਨ ਮੰਤਰੀ ਲਿਜ਼ ਟਰੱਸ ਨਾਲ ਮਤਭੇਦ ਹੋਣ ਕਰਕੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। 20 ਅਕਤੂਬਰ ਨੂੰ ਪ੍ਰਧਾਨ ਮੰਤਰੀ ਲਿਜ਼ ਟਰੱਸ ਨੇ 45 ਦਿਨਾ ਬਾਅਦ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਕਿਹਾ ਕਿ ਉਹ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਵਿੱਚ ਅਸਫਲ ਰਹੀ ਹੈ। ਬਰਤਾਨੀਆਂ ਦੇ ਯੂਰਪੀਨ ਯੂਨੀਅਨ ਤੋਂ ਵੱਖ ਹੋਣ ਤੋਂ ਬਾਅਦ 4 ਮਹੀਨਿਆਂ ਵਿੱਚ 3 ਪ੍ਰਧਾਨ ਮੰਤਰੀ ਅਤੇ 5 ਚਾਂਸਲਰ ਬਦਲੇ ਜਾ ਚੁੱਕੇ ਹਨ। ਪਿਛਲੇ 6 ਸਾਲਾਂ ਵਿੱਚ ਚਾਰ ਪ੍ਰਧਾਨ ਮੰਤਰੀ ਬਦਲੇ ਜਾ ਚੁੱਕੇ ਹਨ। ਰਿਸ਼ੀ ਸੁਨਾਕ ਪੰਜਵੇਂ ਪ੍ਰਧਾਨ ਮੰਤਰੀ ਹਨ।







ਰਿਸ਼ੀ ਸੁਨਾਕ ਭਾਰਤੀ ਮੂਲ ਦੇ ਪੰਜਾਬੀ ਮਾਪਿਆਂ ਦਾ ਸਪੁੱਤਰ ਹੈ। ਉਨ੍ਹਾਂ ਦੇ ਦਾਦਾ ਰਾਮ ਦਾਸ ਸੁਨਾਕ ਗੁਜਰਾਂਵਾਲਾ ਤੋਂ ਸਨ। ਉਹ ਗੁਰੂ ਨਾਨਕ ਖਾਲਸਾ ਕਾਲਜ ਗੁਜਰਾਂਵਾਲਾ ਵਿੱਚ ਪੜ੍ਹੇ ਸਨ। ਉਹ 1935 ਵਿੱਚ ਗੁਜਰਾਂਵਾਲਾ ਤੋਂ ਕੀਨੀਆਂ ਪ੍ਰਵਾਸ ਕਰ ਗਏ ਸਨ। ਉਥੇ ਉਨ੍ਹਾਂ ਆਪਣਾ ਕੈਰੀਅਰ ਬਤੌਰ ਕਲਰਕ ਸ਼ੁਰੂ ਕੀਤਾ ਸੀ ਅਤੇ ਬਾਅਦ ਵਿੱਚ ਤਰੱਕੀ ਕਰਕੇ ਪ੍ਰਸ਼ਾਸ਼ਨਿਕ ਅਧਿਕਾਰੀ ਬਣ ਗਏ ਸਨ। ਉਨ੍ਹਾਂ ਦੀ ਪਤਨੀ ਸੁਹਾਗ ਰਾਣੀ ਸੁਨਾਕ 1937 ਵਿੱਚ ਕੀਨੀਆਂ ਚਲੇ ਗਏ ਸਨ। ਰਿਸ਼ੀ ਸੁਨਾਕ ਦੇ ਮਾਤਾ ਊਸ਼ਾ ਸੁਨਾਕ ਅਤੇ ਪਿਤਾ ਯਸ਼ਵੀਰ ਸੁਨਾਕ ਉਥੋਂ ਪੂਰਬੀ ਅਫ਼ਰੀਕਾ ਚਲੇ ਗਏ ਸਨ। 1966 ਵਿੱਚ ਉਹ ਇੰਗਲੈਂਡ ਚਲੇ ਗਏ ਸਨ। ਉਨ੍ਹਾਂ ਦੇ ਪਿਤਾ ਨੇ ਲਿਵਰਪੂਲ ਯੂਨੀਵਰਸਿਟੀ ਤੋਂ ਮੈਡੀਸਨ ਦੀ ਪੜ੍ਹਾਈ ਕੀਤੀ। ਰਿਸ਼ੀ ਸੁਨਾਕ ਦੀ ਮਾਤਾ ਊਸ਼ਾ ਸੁਨਾਕ ਨੇ 1972 ਵਿੱਚ ਏਸਟਨ ਯੂਨੀਵਰਸਿਟੀ ਤੋਂ ਫਾਰਮੇਸੀ ਦੀ ਡਿਗਰੀ ਪਾਸ ਕੀਤੀ। 1977 ਵਿੱਚ ਯਸ਼ਵੀਰ ਸੁਨਕ ਅਤੇ ਊਸ਼ਾ ਦਾ ਵਿਆਹ ਹੋ ਗਿਆ, ਫਿਰ ਉਨ੍ਹਾਂ ਨੇ ਮੈਡੀਸਨ ਦੀ ਦੁਕਾਨ ਖੋਲ੍ਹ ਲਈ। ਰਿਸ਼ੀ ਸੁਨਕ ਦਾ ਜਨਮ 1980 ਵਿੱਚ ਸਾਊਥ ਹੈਂਪਟਨ ਵਿੱਚ ਹੋਇਆ ਸੀ। ਰਿਸ਼ੀ ਸੁਨਾਕ ਨੇ ਮੁੱਢਲੀ ਸਿਖਿਆ ਬਰਤਾਨੀਆਂ ਦੇ ਸਰਵੋਤਮ ਪਬਲਿਕ ਸਕੂਲ ਵਿਨਚੈਸਟਰ ਤੋਂ ਪ੍ਰਾਪਤ ਕੀਤੀ। ਪੜ੍ਹਾਈ ਵਿੱਚ ਉਹ ਬਹੁਤ ਹੁਸ਼ਿਆਰ ਵਿਦਿਆਰਥੀ ਹੋਣ ਕਰਕੇ ਉਨ੍ਹਾਂ ਨੇ ਵਿਨਚੈਸਟਰ ਸਕੂਲ ਦਾ ਵਜੀਫਾ ਪ੍ਰਾਪਤ ਕੀਤਾ। ਰਿਸ਼ੀ ਸੁਨਾਕ ਨੇ ਬੀ.ਏ.ਲੰਕਨ ਕਾਲਜ, ਆਕਸਫੋਰਡ ਯੂਨੀਵਰਸਿਟੀ ਤੋਂ ਪਾਸ ਕੀਤੀ। ਫਿਰ ਉਹ ਅਮਰੀਕਾ ਚਲੇ ਗਏ, ਜਿਥੋਂ ਸਟੈਂਫੋਰਡ ਯੂਨੀਵਰਸਿਟੀ ਤੋਂ ਉਨ੍ਹਾਂ ਫੁੱਲ ਬਰਾਈਟ ਵਜ਼ੀਫ਼ੇ ਨਾਲ ਐਮ.ਬੀ.ਏ. ਪਾਸ ਕੀਤੀ। ਉਥੇ ਉਹ ਬੈਂਕਿੰਗ ਖੇਤਰ ਵਿੱਚ ਕੰਮ ਕਰਦੇ ਰਹੇ ਅਤੇ ਚੰਗਾ ਨਾਮਣਾ ਖੱਟਿਆ। ਰਿਸ਼ੀ ਸੁਨਾਕ ਦਾ ਵਿਆਹ ਇਨਫੋਸਿਸ ਕੰਪਨੀ ਦੇ ਕੋ ਫ਼ਾਊਂਡਰ ਨਰਾਇਣ ਮੂਰਥੀ ਦੀ ਸਪੁੱਤਰੀ ਅਕਰਸ਼ਤਾ ਨਾਲ ਹੋਇਆ। ਆਕਰਸ਼ਤਾ ਬਰਤਾਨੀਆਂ ਦੇ 222 ਅਮੀਰ ਵਿਅਕਤੀਆਂ ਵਿੱਚੋਂ ਇਕ ਹੈ। ਬਰਤਾਨੀਆਂ 200 ਸਾਲ ਭਾਰਤ ਵਿੱਚ ਰਾਜ ਕਰਦਾ ਰਿਹਾ ਹੈ। ਭਾਰਤ ਛੱਡਣ ਤੋਂ 75 ਸਾਲ ਬਾਅਦ ਭਾਰਤੀ ਮੂਲ ਦੇ ਪੰਜਾਬੀ ਰਿਸ਼ੀ ਸੁਨਾਕ ਬਰਤਾਨੀਆਂ ਦੇ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਣਗੇ।



A-CHOICE DRIVING SCHOOL

Bay# 324, 4774 Westwinds Dr NE
Calgary Alberta T3J 0L9
Tel: 403-473-1682




ਕੋਰੋਨਾ ਵਾਇਰਸ ਦੇ ਚੱਲਦਿਆਂ ਹੁਣ ਤੁਸੀਂ ਰੋਮੀ ਸਿੱਧੂ ਕੋਲੋਂ ਇੰਸ਼ੋਰੈਂਸ ਫੋਨ ਉੱਪਰ ਵੀ ਕਰਵਾ ਸਕਦੇ ਹੋ

Call Romi Sidhu For Insurance & Financial Needs




StateFarm IS NOW Desjardins Insurance

Monday-Friday
9:00 am to 5:30 PM
Weekends: All Other Times Appointments only



4851 Westwinds Drive NE, Suite 217, Calgary, AB T3J 4L4
B:403-568-4330 C:403 615 7664
Email:romi.sidhu@desjardins.com

* HOME * DISABILTY * VEHICLE FINANCE
* AUTO * RRSP * CRITICAL ILLNESS
* LIFE * RESP * MUTUAL FUNDS

Romi Sidhu, Agent

ਜੇ ਕੌਸਕੋ ਸਟੋਰ ਵਿੱਚੋਂ ਦੁੱਧ ਵਾਲੀਆਂ ਕੈਨੀਆਂ, ਪੈਪਸੀ, ਕੋਕ, ਜੂਸ, ਲਿਕਰ ਲੈਣ ਚੱਲੇ ਹੋ ਤਾਂ
ਪਹਿਲਾਂ ਘਰ ਪਈਆਂ ਖਾਲੀ ਕੈਨੀਆਂ ਅਤੇ ਜੂਸ ਵਾਲੇ ਡੱਬੇ ਵੀ ਗੱਡੀ ਵਿੱਚ ਰੱਖ ਲਓ
ਕਿਉਂਕਿ ਬੋਤਲ ਡਿਪੂ ਹੁਣ ਕੈਲਗਰੀ ਵਿੱਚ ਸਟੋਨੀ ਟਰੇਲ ਤੋਂ
17 ਐਵਨਿਊ ਚੈਸਟਰਮੀਅਰ ਵੱਲ ਨਿਕਲਦਿਆਂ ਹੀ
ਕੌਸਕੋ ਸਟੋਰ ਦੇ ਬਿਲਕੁੱਲ ਸਾਹਮਣੇ ਹੀ ਖੁੱਲ ਗਿਆ।




ਇਹਨਾਂ ਨੂੰ ਸੁਪਰਵਾਈਜਰ/ਬੋਤਲ ਸੌਰਟਰ ਵਰਕਰਾਂ ਦੀ ਵੀ ਲੋੜ ਹੈ

ਪੰਜਾਬੀ ਬੋਲਣ ਵਾਲਾ ਸਟਾਫ

East Hill Bottle Depot Ltd.
Call: 403 975 0128
55 East Hill Blvd (Front of new Costco at 17 ave SE.) Calgary(AB)

NEW WAVE OPTICAL

#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com

All Type of Frames!
Unbeatable Price!
"Online" prices in store!
Complete Eyewear, Contact lenses and Sunglasses!



For more info call:
Sandeep Pandher
MANAGER
at 403-999-2500




# ਅਜੇ ਬਾਲ ਨਾ ਬਨੇਰਿਆਂ ਤੇ ਮੋਮਬੱਤੀਆਂ



1984 ਦੇ ਦਿੱਲੀ ਕਤਲੇਆਮ ਤੋਂ ਬਾਅਦ ਇੱਕ ਕਵਿਤਾ ਨੇ ਉਸ ਦਰਦ ਨੂੰ ਐਸਾ ਬਿਆਨ ਕੀਤਾ ਕਿ ਤਕਰੀਬਨ ਹਰ ਪੰਜਾਬੀ ਨੇ ਤਾਂ ਕੀ ਹਰ ਇਨਸਾਨ ਨੇ, ਜੋ ਸਮਝ ਰੱਖਦਾ ਸੀ ਉਹ ਕਵਿਤਾ ਸੁਣੀ ਵੀ ਅੱਥਰੂ ਵੀ ਵਹਾਏ, ਪਰ ਬਹੁਤ ਘੱਟ ਲੋਕਾਂ ਨੂੰ ਉਸਦੇ ਲੇਖਕ ਦਾ ਪਤਾ ਹੋਵੇਗਾ, ਪਹਿਲਾਂ ਉਹ ਕਵਿਤਾ ਦੇਖਦੇ ਹਾਂ।

**ਲੰਘ ਜਾਣ ਦੇ ਤੂੰ ਸ਼ਹਿਰ 'ਚੋਂ ਹਵਾਵਾਂ ਤੱਤੀਆਂ**
**ਬੂਹੇ ਉੱਤੇ ਸ਼ਰਮਿੰਦਗੀ ਦੇ ਦਾਗ ਰਹਿਣ ਦੇ**
**ਬਦਨਾਮ ਰਾਜਨੀਤੀ ਦੇ ਸੁਰਾਗ ਰਹਿਣ ਦੇ**
**ਆਉਣ ਵਾਲਿਆਂ ਨੇ ਅੱਜ ਦਾ ਕਸੂਰ ਲੱਭਣੈ**
**ਇਹਨਾਂ ਘਰਾਂ ਵਿੱਚ ਬੁੱਝੇ ਹੋਏ ਚਿਰਾਗ ਰਹਿਣ ਦੇ**
**ਕਿੱਥੇ ਜਾਏਂਗਾ ਦਿਸ਼ਾਵਾਂ ਸਭੇ ਲਹੂ ਰੱਤੀਆਂ**
**ਅਜੇ ਬਾਲ ਨਾ ਬਨੇਰਿਆਂ ਤੇ-------------**

**ਸੁੱਚੀ ਰੱਤ ਨਾਲ ਪੋਚੀ ਹੋਈ ਥਾਂ ਰਹਿਣ ਦੇ**
**ਇਹਨਾਂ ਕੰਧਾਂ ਉੱਤੇ ਉਕਰੇ ਹੋਏ ਨਾਂ ਰਹਿਣ ਦੇ**
**ਕੁੱਝ ਸਾਜਿਸ਼ਾਂ ਦੇ ਮਾਰੇ ਹੋਏ ਗਰਾਂ ਰਹਿਣ ਦੇ**
**ਐਵੇਂ ਭਾਲ ਨਾ ਖ਼ਿਜ਼ਾਵਾਂ ਵਿੱਚੋਂ ਫੁੱਲ ਪੱਤੀਆਂ**
**ਅਜੇ ਬਾਲ ਨਾ ਬਨੇਰਿਆਂ ਤੇ --------------**

**ਸੂਹਾ ਬੂਰ ਤਲਵਾਰਾਂ ਉਤੋਂ ਝੜ ਜਾਣ ਦੇ**
**ਗੁੱਸਾ ਥੋਥਿਆਂ ਵਿਚਾਰਾਂ ਤੋਂ ਵੀ ਝੜ ਜਾਣ ਦੇ**
**ਜਿਹੜੇ ਘਰਾਂ ਉਤੇ ਲਹੂ ਦੇ ਨਿਸ਼ਾਨ ਲੱਗੇ ਨੇ**
**ਉਹ ਨਿਸ਼ਾਨ ਵੀ ਦੀਵਾਰਾਂ ਉੱਤੋਂ ਝੜ ਜਾਣ ਦੇ**
**ਕਾਲੀ ਰੁੱਤ ਨੇ ਸੁਗੰਧਾਂ ਕੁੱਲ ਸਾੜ ਘੱਤੀਆਂ**
**ਅਜੇ ਬਾਲ ਨਾ ਬਨੇਰਿਆਂ ਤੇ ----------**

**ਜਦੋਂ ਗੱਲ ਤੇ ਦਲੀਲ ਬਲਵਾਨ ਨਾ ਰਹੇ**
**ਉਦੋਂ ਤੇਗ ਤਲਵਾਰ ਵੀ ਮਿਆਨ ਨਾ ਰਹੇ**
**ਐਸੀ ਵਗੀ ਏ ਹਵਾ, ਅਸੀਂ ਅੱਖੀਂ ਦੇਖਿਆ**
**ਜਿੰਦ ਜਾਨ ਕਹਿਣ ਵਾਲੇ ਜਿੰਦ ਜਾਨ ਨਾ ਰਹੇ**
**ਨਹੀਂ ਰੁਕੀਆਂ ਹਵਾਵਾਂ ਅਜੇ ਮਾਣ ਮੱਤੀਆਂ**
**ਅਜੇ ਬਾਲ ਨਾ ਬਨੇਰਿਆਂ ਤੇ ------------**

ਇਸ ਕਵਿਤਾ ਦੇ ਕਵੀ ਹਨ, ਤਾਰਾ ਸਿੰਘ ਉਰਫ ਤਾਰਾ ਸਿੰਘ ਕਾਮਿਲ ਜੋ 1929 ਵਿੱਚ ਹੁਸ਼ਿਆਰਪੁਰ ਜਿਲ੍ਹੇ ਦੇ ਪਿੰਡ ਹੁੱਕਰਾਂ ਚ ਜਨਮੇ, ਪੜ੍ਹਾਈ ਲਈ ਘਰੇਲੂ ਆਰਥਿਕ ਹਾਲਤ ਸਾਜਗਾਰ ਨਹੀਂ ਸਨ ਤਾਂ ਪੰਜਾਬ ਛੱਡ ਦਿੱਲੀ ਆ ਗਏ । ਦਿੱਲੀ ਆ ਕੇ ਆਪਣਾ ਖਾਨਦਾਨੀ ਕੰਮ ਪੂਸਾ ਰੋਡ ਤੇ ਫਰਨੀਚਰ ਦੀਆਂ ਦੁਕਾਨਾਂ ਤੇ ਆਰੀ ਰੰਦਾ ਤੇਸਾ ਤੇ ਹਥੌੜੀ ਚਲਾ ਕੇ ਗੁਜ਼ਾਰਾ ਸ਼ੁਰੂ ਕਰ ਦਿੱਤਾ।ਪਰ ਮਿਸਤਰੀ ਤਾਰਾ ਸਿੰਘ ਦੇ ਅੰਦਰ ਤਾਂ ਇੱਕ ਬਹੁਤ ਸੂਖਮ ਕਵੀ ਵੀ ਬੈਠਾ ਸੀ, ਹੌਲੀ ਹੌਲੀ ਉਸਦੀ ਕਵਿਤਾ ਪ੍ਰਸਿੱਧ ਹੋ ਗਈ। 1962 ਵਿੱਚ ਦਿੱਲੀ ਤੋਂ ਛਪਦੇ ਰੋਜਾਨਾ ਅਖਬਾਰ 'ਖਾਲਸਾ ਸੇਵਕ' ਦਾ ਸੰਪਾਦਕ ਬਣ ਗਿਆ ਇਸ ਦੌਰਾਨ ਉਸਦੀਆਂ 'ਸਿੰਮਦੇ ਪੱਥਰ'– 'ਮੇਘਲੇ' –'ਕਹਿਕਸ਼ਾਂ' 'ਡੋਲਦੇ ਪਾਣੀ'– 'ਸੂਰਜ ਦਾ ਲੈਟਰ ਬਾਕਸ' (ਇਹਨਾਂ ਵਿੱਚੋਂ ਤਿੰਨ ਪੁਸਤਕਾਂ ਤਾਂ ਮੇਰੀ ਲਾਇਬਰੇਰੀ ਵਿੱਚ ਮੌਜੂਦ ਹਨ) ਪੁਸਤਕਾਂ ਪ੍ਰਕਾਸ਼ਿਤ ਹੋਈਆਂ। ਉਹਨਾਂ ਦੇ ਕੁੱਝ ਗੀਤ ਵੀ ਸੁਰਿੰਦਰ ਕੌਰ ਪ੍ਰਕਾਸ਼ ਕੌਰ ਦੀਆਂ ਆਵਾਜ਼ਾਂ ਵਿੱਚ ਰਿਕਾਰਡ ਹੋਏ, ਜਿਹਨਾਂ ਬਾਰੇ ਗੱਲ ਕਿਸੇ ਵੱਖਰੇ ਕਾਲਮ ਵਿੱਚ ਕਰਾਂਗੇ।



ਤਾਰਾ ਸਿੰਘ ਨੇ ਸਾਰੀ ਉਮਰ ਗਰੀਬੀ ਚ ਈ ਕੱਢੀ। ਇੱਕ ਵਾਰੀ ਉਸ ਸਮੇਂ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੇ ਕੁੱਝ ਪੰਜਾਬੀ ਧਨਾਢਾਂ ਨੂੰ ਕਹਿ ਕੇ ਤਾਰਾ ਸਿੰਘ ਨੂੰ ਫੀਏਟ ਪਰੀਮਰ ਪਦਮਨੀ ਕਾਰ ਭੇਂਟ ਕਰਵਾ ਦਿੱਤੀ ਤਾਂ ਅੱਗੋਂ ਕਿਸੇ ਦੋਸਤ ਨੇ ਪੁੱਛਿਆ ਕਿ ਤਾਰਾ ਸਿਆਂ ਆਹ ਚਿੱਟਾ ਹਾਥੀ ਤਾਂ ਬੰਨ੍ਹ ਲਿਆ, ਕਾਰ ਤਾਂ ਆ ਗਈ, ਪੈਟਰੋਲ ਕਿੱਥੋਂ ਲਿਆਵੇਂਗਾ ?ਅੱਗੋਂ ਤਾਰਾ ਸਿੰਘ ਜੀ ਕਹਿੰਦੇ ਜਿਵੇਂ ਕਾਰ ਮੰਗ ਲਈ ਐਦਾਂ ਈ ਪੈਟਰੋਲ ਮੰਗ ਲਊਂ !

ਅੰਤ 1993 ਵਿੱਚ ਪੰਜਾਬ ਦੇ ਇਸ ਕਾਮਿਲ ਕਵੀ ਨੇ ਦਿੱਲੀ ਵਿੱਚ ਆਖਰੀ ਸਾਹ ਲਏ ,ਬੇਸ਼ਕ ਤਾਰਾ ਸਿੰਘ ਆਰਥਿਕ ਪੱਖੋਂ ਗਰੀਬ ਰਿਹਾ, ਬੇਸ਼ਕ ਉਹ ਅਕਾਦਮਿਕ ਵਿੱਦਿਆ ਪੱਖੋਂ ਊਣਾਂ ਰਿਹਾ ਪਰ ਉਸਦੀਆਂ ਲਿਖਤਾਂ ਤੇ ਮਹਾਂਵਿਦਿਆਲਿਆਂ ਵਿੱਚ ਪੀ ਐਚ ਡੀ ਕੀਤੀ ਜਾਵੇਗੀ।

ਤਾਰਾ ਸਿੰਘ ਦੇ ਇਸ ਗੀਤ ਦੀ ਗਹਿਰਾਈ ਵੇਖੋ

**ਅੱਖਾਂ ਐਂਵੇਂ ਤਾਂ ਨੀ ਝੱਲੀਆਂ**
**ਐਂਵੇਂ ਤਾਂ ਨੀ ਮੋਈਆਂ**
**ਕਦੇ ਸਾਰਾ ਦਿਨ ਰੋਈਆਂ**
**ਕਦੇ ਸਾਰੀ ਰਾਤ ਰੋਈਆਂ**
**ਲੱਗੀ ਜੰਗਲਾਂ ਨੂੰ ਅੱਗ, ਧੂੰਆਂ ਧੂੰਆਂ ਸਾਰਾ ਜੱਗ ।**
**ਸਾਡੀ ਧੂੰਏਂ ਦੀ ਵਰੇਸ, ਵੇ ਤੂੰ ਫੇਰ ਵੀ ਅਲੱਗ ।**
**ਤੈਨੂੰ ਖ਼ਬਰਾਂ ਨਾ ਹੋਈਆਂ**
**ਅੱਖਾਂ ਐਂਵੇ ਤਾਂ ਨੀ ਰੋਈਆਂ----**
**ਮਾਰ ਮਾਰ ਲਿਸ਼ਕਾਰੇ, ਪਾਣੀ ਹਿਲ ਹਿਲ ਹਾਰੇ ।**
**ਵਿੱਚ ਝੂਲਦਾ ਏ ਚੰਨ, ਵਿੱਚੇ ਝੂਲਦੇ ਨੇ ਤਾਰੇ ।**
**ਵਿੱਚੇ ਖਿੱਤੀਆਂ ਵੀ ਢੋਈਆਂ**
**ਅੱਖਾਂ ਐਂਵੇ ਤਾਂ ਨੀ ਰੋਈਆਂ----**
**ਸਾਡੀ ਵਾਸਨਾ ਦੀ ਧੁੱਪ, ਤੇਰਾ ਪਿੰਡਾ ਚੁੱਪ ਚੁੱਪ ।**
**ਨਾ ਤੂੰ ਵਾਸਨਾ ਨਾ ਪਿੰਡੇ, ਕਿੱਥੇ ਬੈਠ ਗਿਓਂ ਛੁੱਪ ।**
**ਗੱਲਾਂ ਇਹੋ ਨਿਰਮੋਹੀਆਂ**
**ਅੱਖਾਂ ਐਂਵੇ ਤਾਂ ਨੀ ਰੋਈਆਂ-----**
**ਸਾਡੀ ਦੋਸਤੀ ਦੀ ਤੰਦ, ਤੈਨੂੰ ਪਾਉਣ ਦਾ ਆਨੰਦ**
**ਸਾਡਾ ਇਹ ਵੀ ਬੂਹਾ ਬੰਦ, ਸਾਡਾ ਉਹ ਵੀ ਬੂਹਾ ਬੰਦ**
**ਤਾਂ ਵੀ ਆਉਣ ਖ਼ੁਸ਼ਬੋਈਆਂ**
**ਅੱਖਾਂ ਐਂਵੇਂ ਤਾਂ ਨੀ ਝੱਲੀਆਂ, ਅੱਖਾਂ ਐਂਵੇਂ ਤਾਂ ਨੀ ਮੋਈਆਂ**
**ਕਦੇ ਸਾਰਾ ਦਿਨ ਰੋਈਆਂ,ਕਦੇ ਸਾਰੀ ਰਾਤ ਰੋਈਆਂ**

**ਪੰਜਾਬੀ ਜ਼ੁਬਾਨ ਦੇ ਵਾਰਸਾਂ ਦਾ ਫਰਜ਼ ਬਣਦੈ ਕਿ ਅਜਿਹੇ ਲਿਖਾਰੀਆਂ ਦੀਆਂ ਬਾਤਾਂ ਪਾਉਂਦੇ ਰਹਿਣ।**

facebook — ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਆਪਣੇ ਬੱਚਿਆਂ ਨੂੰ ਆਪਣੀ ਮਲਕੀਅਤ ਨਾ ਸਮਝੋ

ਨੀਪੋਲੀਅਨ ਬਹਾਦਰ ਯੋਧਾ ਸੀ ਪਰ ਕੱਦ ਵੱਲੋਂ ਬੜਾ ਛੋਟਾ ਸੀ ਸਿਰਫ ਪੰਜ ਫੁੱਟ ਤਿੰਨ ਚਾਰ ਇੰਚ ,ਸਾਰੀ ਉਮਰ ਝੁਰੀ ਗਿਆ ਛੋਟੇ ਕੱਦ ਕਰਕੇ ,ਕਿਸੇ ਲੰਮੇ ਕੱਦ ਵਾਲੇ ਭੀਖ ਮੰਗੇ ਨੂੰ ਵੀ ਦੇਖ ਲੈਂਦਾ ਤਾਂ ਈਰਖਾ ਨਾਲ ਭਰ ਜਾਂਦਾ ,ਮਰਨ ਤੱਕ ਬੇਚੈਨ ਰਿਹਾ ,ਲੈਨਿਨ ਜੋ ਰੂਸ਼ ਦਾ ਵਿਧਾਤਾ ਬਣਿਆਂ ਪਰ ਸਰੀਰਕ ਬਣਤਰ ਤੋਂ ਬਹੁਤ ਦੁਖੀ ਸੀ ,ਧੜ ਬਹੁਤ ਲੰਬੀ ਸੀ ਤੇ ਲੱਤਾਂ ਛੋਟੀਆਂ ,ਐਨੀਆਂ ਛੋਟੀਆਂ ਕਿ ਕੁਰਸੀ ਤੇ ਵੀ ਬੈਠਦਾ ਤਾਂ ਲੱਤਾਂ ਥੱਲੇ ਨਾਂ ਲੱਗਦੀਆਂ ,ਲੋਕਾਂ ਤੋਂ ਲਕੋਦਾਂ ਰਹਿੰਦਾ ਆਪਣੀਆਂ ਲੱਤਾਂ ,ਇਸੇ ਗੱਲ ਤੋਂ ਹੀਣਭਾਵਨਾਂ ਦਾ ਸ਼ਿਕਾਰ ਰਿਹਾ ਮਰਨ ਤੱਕ ,ਲੰਬੀਆਂ ਲੱਤਾਂ ਆਲੇ ਸਧਾਰਨ ਬੰਦੇ ਨੂੰ ਵੀ ਦੇਖ ਕੇ ਲੈਨਿਨ ਦੀ ਜਾਨ ਨਿਕਲ ਜਾਂਦੀ ।


ਪਰਮਾਤਮਾਂ,ਕੁਦਰਤ,ਅਕਾਲ ਪਰਖ ਆਦਿ ਜੋ ਵੀ ਚੰਗਾ ਲੱਗਦਾ ਕਹਿ ਲਓ ਪਰ ਮੁੱਖ ਗੱਲ ਇਹ ਹੈ ਕਿ ਅਰਬਾਂ ਖਰਬਾਂ ਹੋ ਤੇ ਤੁਰ ਗਏ ਤੇ ਹੋ ਕੇ ਤੁਰ ਜਾਣ ਗੇ ,ਅੱਜ ਵੀ ਪੂਰੀ ਧਰਤੀ ਤੇ ਥੋਡੇ ਵਰਗਾ ਹੋਰ ਕੋਈ ਦੂਜਾ ਜੀਵ ਨਹੀਂ,ਥੋਡੇ ਵਰਗਾ ਤਾਂ ਬਹੁਤ ਦੂਰ ਦੀ ਗੱਲ ਥੋਡੇ ਵਰਗੇ ਫਿੰਗਰ ਪ੍ਰਿੰਟ ਕਿਸੇ ਦੂਜੇ ਦੇ ਨਹੀਂ ਤੇ ਨਾ ਹੀ ਕਦੇ ਹੋਣਗੇ,ਜੇ ਸਾਰੇ ਵਰਤਾਰੇ ਦੀ ਗੱਲ ਕਰੀਏ ਤਾਂ ਇੱਕੋ ਦਰਖ਼ਤ ਦਾ ਇੱਕ ਪੱਤਾ ਦੂਜੇ ਪੱਤੇ ਤੋਂ ਭਿੰਨ ਹੈ ।ਜੈਸੇ ਹੋ ਸਪੂੰਰਣ ਹੋ ,ਆਪਣੇ ਆਪ ਨੂੰ ਜਿਓ ਦੇ ਤਿਓ ਕਬੂਲ ਲਓ ਨਾਂ ਕਿਸੇ ਨਾ ਤੁਲਣਾ ਕਰੋ ਨਾਂ ਕਿਸੇ ਵਰਗਾ ਬਨਣ ਦਾ ਯਤਨ ਕਰੋ ।

ਇਹ ਮੈ ਤਾਂ ਸੰਖੇਪ ਚ ਦੱਸਿਆ ਕਿ ਕਿਵੇਂ ਇੱਕ ਦੌੜ ਲੱਗੀ ਪਈ ਆ ਤੇ ਅਸੀਂ ਆਪਣੇ ਆਪ ਉਪਰ ਤੇ ਆਪਣੇ ਬੱਚਿਆਂ ਤੇ ਪਰੈਸ਼ਰ ਪਾ ਰਹੇਂ ਹਾਂ ਕਿ , ਕੁੱਝ ਬਣ ਕੇ ਦਿਖਾਓ ਕਿ ਫਲਾਨੇ ਬੱਚੇ ਵੱਲ ਦੇਖੋ ,ਧਿਮਕੇ ਵੱਲ ਦੇਖੋ ,ਇਹ ਬਿਲਕੁਲ ਥੋਥੀਆਂ ਗੱਲਾਂ ।ਇਸ ਤਰਾਂ ਤਾਂ ਜੋ ਅਸਲ ਚ ਬੱਚਾ ਹੁੰਦਾ ਓਹ ਵੀ ਨਹੀਂ ਰਹਿੰਦਾ,ਜ਼ਰੂਰੀ ਨਹੀਂ ਪੜਾਈ ਦਾ ਹੀ ਗੁਣ ਹੋਵੇ ਓਸ ਚ ਅਨੇਕਾਂ ਅਨੇਕਾਂ ਚੀਜ਼ਾਂ ਕਰ ਸਕਦੀ ਆ ਊਰਜਾ ,ਮੈਂ ਅੱਜ ਤਕ ਆਪਣੇ ਬੱਚਿਆਂ ਨੂੰ ਕਦੇ ਉਂਗਲ ਨਹੀਂ ਲਾਈ ਕਦੇ ਪੜਾਈ ਲਈ ਜਾਂ ਕਿਸੇ ਤਰਾਂ ਆਹ -ਓਹ ਕਰਨ ਲਈ ਪਰੈਸ਼ਰ ਨਹੀਂ ਪਾਇਆ ,ਹਾਂ ਪਰ ਨਿੱਕੇ ਹੁੰਦਿਆਂ ਨੂੰ ਰਾਤ ਨੂੰ ਸੌਣ ਲੱਗਿਆ ਦੋਹਾਂ ਨੂੰ ਇੱਕ ਓਧਰ ਇੱਕ ਓਧਰ ਯਾਨੀ ਦੋਹੇਂ ਪਾਸੇ ਪਾ ਕੇ ਬਾਤਾਂ-ਸਾਖੀਆਂ ਤੇ ਸਿੱਖ ਇਤਿਹਾਸ ਦਾ ਬਹੁਤ ਕੁੱਝ ਸੁਣਾਇਆ ,ਤਾਂ ਕਿ ਇਹਨਾਂ ਅੰਦਰ ਵਿਵੇਕ ਪੈਦਾ ਹੋਵੇ,ਸਮਝ ਆਵੇ ,ਬਣਨਾ ਕੀ ਹੈ ਜਾਂ ਬਣਾਉਣਾ ਕੀ ਹੈ ,ਮੈ ਬਿਲਕੁਲ ਬੇਫਿਕਰ ਰਿਹਾ ਹਾਂ ,ਮੈ ਕੌਣ ਹੁੰਨਾ ਬਣਨ-ਬਣਾਉਣ ਵਾਲਾ ,ਜਿਸ ਪਰਮਾਤਮਾਂ ਨੇ ਸਾਜਿਆ ,ਸੋ ਜੋ ਕੁੱਝ ਉਸ ਨੇ ਕਰਵਾਉਣਾ ਆਪੇ ਕਰਵਾ ਲਉ ਬੱਸ ਮੈ ਵਿੱਚ ਵਿਘਨ ਨਾ ਪਾਵਾਂ ਏਨੀ ਹੀ ਕਿਰਪਾ ਕਰਾਂ ਬੱਚਿਆਂ ਤੇ ਤਾਂ ਸਮਝੋ ਬਹੁਤ ਕੁੱਝ ਕਰ ਲਿਆ ਬੱਚਿਆਂ ਲਈ ।

ਅੱਜ ਕੱਲ ਮਾਪੇ ਬੱਚਿਆਂ ਦੇ ਕਲਾਸ ਚੋ ਲਏ ਨੰਬਰਾਂ ਦੀਆਂ ਫੋਟੋਆਂ ਪਾ ਰਹੇ ਹਨ ,ਕੀ ਪਾਗਲਪਣ ਹੈ ਇਹ ,ਇੱਕ ਸਾਥੋਂ ਜੋ ਅਧਿੱਕ ਪੈਸੇ ਵਾਲਾ ਅਮੀਰ ਰਹੇਗਾ ਤੇ ਇੱਕ ਜਿਸ ਕੋਲ ਘੱਟ ਪੈਸਾ ਗਰੀਬ ,ਕੱਲ੍ਹ ਨੂੰ ਤੁਸੀ ਹੋਰ ਪੈਸਾ ਕਮਾ ਕੇ ਉਸ ਅਮੀਰ ਦੀ ਥਾਂ ਲੈ ਲਓ ਤਾਂ ਓਸ ਤੋਂ ਅੱਗੇ ਵੱਧ ਪੈਸੇ ਆ ਫਿਰ ਵੀ ਇੱਕ ਹੋਰ ਖੜਾ ਮਿਲੇਗਾ ਤੇ ਇਹ ਇਹ ਅਟੁੱਟ ਕਤਾਰ ਹੈ ,ਚੰਗਾ ਹੋਵੇ ਅਗਲੇ -ਪਿਛਲੇ ਨਾਲ ਤੁਲਣਾ ਨਾ ਹੋਵੇ ,ਸੇਮ ਹੀ ਤਾਂ ਪੜਾਈ ਚ ਆ,ਇੱਕ ਸਦਾ ਅੱਗੇ ਤੇ ਇੱਕ ਸਦਾ ਪਿੱਛੇ ਰਹੂਗਾ ਹੀ ਰਹੂਗਾ ਕਿਉਂਕਿ ਇਹ ਗਣਿਤ ਹੀ ਕੁੱਝ ਐਸਾ ਹੈ ,ਕੱਦ ਚ ਆ ਚ ਜਾਂ ਆਦਿ ਆਦਿ ਚ ,ਨੰਬਰ ਵੱਧ ਦਿਖਾਉਣ ਨਾਲ ਕੇਵਲ ਤੁਲਣਾ,ਪਰੈਸ਼ਰ ਹੀ ਪੈਦਾ ਹੁੰਦਾ ਅਹਿੰਕਾਰ ਵੀ ਪੈਦਾ ਕਰ ਰਹੇ ਹੁਣੇ ਆ ਅਸੀਂ ਬੱਚੇ ਚ ਕਿ ਦੇਖੋ ਲੋਕੋ ਮੇਰਾ ਬੱਚਾ ,

ਕੋਸ਼ਿਸ਼ ਕਰੋ ਆਪਣੇ ਆਪ ਨੂੰ ਜਿਓ ਦੇ ਤਿਓ ਕਬੂਲੋ ,ਆਪਣੇ ਬੱਚਿਆਂ ਨੂੰ ਆਪਣੀ ਮਲਕੀਅਤ ਨਾ ਸਮਝੋ ,ਤੁਸੀ ਓਹਨਾਂ ਨੂੰ ਪੈਦਾ ਨਹੀਂ ਕੀਤਾ ,ਓਹ ਸਿਰਫ ਥੋਡੇ ਰਾਹੀਂ ਪੈਦਾ ਹੋਏ ਨੇ ,ਸਮਝੋ ਸੂਖਮ ਗੱਲ ਨੂੰ ਕਿ ਤੁਸੀ ਤਾਂ ਸਿਰਫ ਰਾਹ ਸੀ ਓਹਨਾਂ ਦੇ ਪੈਦਾ ਹੋਣ ਦਾ ਜਿਸ ਦਿਨ ਇਹ ਅਹਿਸਾਸ ਅੰਦਰੋਂ ਹੋਇਆ ਨਾ ਕਿ ਮੇਰੇ ਕਹੇ ਤੇ ਕਿਉਂਕਿ ਉਧਾਰਾ ਅਨੁਭਵ ਕੰਮ ਨਹੀ ਆਉਂਦਾ ,ਆਪਣਾ ਅਨੁਭਵ ਹੀ ਅੰਦਰ ਦੀਵਾ ਬਾਲਦਾ ਓਦਣ ਜ਼ਿੰਦਗੀ ਖ਼ੂਬਸੂਰਤ ਹੋ ਜਾਵੇਗੀ ??


ਕਮਲਪ੍ਰੀਤ ਸਿੰਘ ਬਰਾੜ


ਬਲਵਿੰਦਰ ਕੌਰ ਬਰਾੜ
403 590 9629

# ਉਹ ਵੇਲਾ ਯਾਦ ਕਰ



**ਲੈਂਦਾ ਸੀ ਤਿੰਨ ਪੀੜ੍ਹੀਆਂ ਇੱਕੋ ਵੇਲ਼ੇ ਪਾਲ਼,**
**ਹੁਣ ਤਾਂ ਕੱਲਾ ਪੁੱਤ ਵੀ ਰਹੇ ਨਾ ਬਾਪੂ ਨਾਲ਼।**
**ਤਿੜਕੀ ਇੱਟ ਵਿਸ਼ਵਾਸ ਦੀ ਹਿੱਲ ਗਿਆ ਪਰਿਵਾਰ,**
**ਖੱਖੜੀ-ਖੱਖੜੀ ਹੋ ਗਿਆ ਜੋ ਸੀ ਵਾਂਗ ਅਨਾਰ।**
**(ਪ੍ਰੋ. ਮੋਹਨ ਸਿੰਘ)**




ਸਾਡੇ ਪੰਜਾਬੀ ਪਰਿਵਾਰ ਵਿੱਚ ਰਿਸ਼ਤੇ ਖੱਬਲ਼ ਦੀਆਂ ਤਿੜਾਂ ਵਾਂਗ ਸਿਉਂਤੇ ਰਹੇ ਹਨ। ਇਸ ਲਈ ਜਿੰਨਾ ਸੰਯੁਕਤ ਪਰਿਵਾਰ ਸਾਨੂੰ ਰਾਸ ਆਇਆ ਸੀ ਓਨਾ ਹੀ ਹਰ ਟੁੱਟਦੀ ਇਕਾਈ ਨੇ ਸਾਨੂੰ ਤੋੜਿਆ ਹੈ। ਇਨ੍ਹਾਂ ਪਰਿਵਾਰਾਂ ਦਾ ਵਾਹ ਕਣਕ ਦੇ ਬੋਹਲ਼ਾਂ, ਰੁੱਖਾਂ ਜਾਂ ਪਸ਼ੂਆਂ ਨਾਲ ਹੀ ਪੈਂਦਾ ਕੁਦਰਤ ਦੀ ਗੋਦ ਵਿੱਚ ਨਿਭਦਾ ਰਿਹਾ। ਪਰਿਵਾਰ ਅਜਿਹਾ ਪੰਘੂੜਾ ਹੈ ਜਿੱਥੇ ਰਿਸ਼ਤੇ ਦੀ ਪਾਕੀਜ਼ਗੀ ਪਲਦੀ ਹੈ, ਸੋਚਾਂ ਮੌਲਦੀਆਂ ਹਨ, ਸੁਪਨੇ ਪਲ੍ਹਰਦੇ ਹਨ, ਹੱਕ ਅਤੇ ਫ਼ਰਜ਼ ਨਾਲੋ-ਨਾਲ ਤੁਰਦੇ ਹਨ। ਜਿੱਥੇ ਮਾਂ ਦੀਆਂ ਲੋਰੀਆਂ ਦਾ ਸੰਗੀਤ ਅਤੇ ਬਜ਼ੁਰਗਾਂ ਦੇ ਸੀਨੇ ਧੁਖਦੀ ਧੂਣੀ ਦਾ ਮੱਠਾ-ਮੱਠਾ ਸੇਕ ਉਠਦੀ ਪਨੀਰੀ ਨੂੰ ਤਰਾਸ਼ਦਾ, ਸੰਵਾਰਦਾ ਅਤੇ ਪਰਸਾਰਦਾ ਰਿਹਾ ਹੈ। ਪਰ ਹੁਣ ਹੋ ਰਹੀ ਰਿਸ਼ਤੇ ਦੀ ਥਾਂ ਵਸਤ-ਪ੍ਰਾਪਤੀ ਦੀ ਲਾਲਸਾ ਨੇ ਘਰਾਂ ਨੂੰ ਮਕਾਨ ਬਣਾ ਧਰਿਆ ਹੈ, ਲਹੂ-ਮਾਸ ਵਿੱਚ ਰਚੀਆਂ ਭਾਵਨਾਵਾਂ ਨੂੰ ਫਿੱਕਾ ਪਾਇਆ ਹੈ। ਪਰਿਵਾਰਕ ਦੁੱਖ-ਸੁੱਖ, ਉਤਾਰ-ਚੜ੍ਹਾਅ ਜਾਂ ਤਲਖੀਆਂ ਸੰਗ ਜਰਨਾ ਭੁਲਾ ਬੈਠੇ ਹਾਂ। ਮੰਡੀ ਨੇ ਸਾਡੀ ਤਸੱਲੀ ਵੇਖਣਯੋਗ ਚੀਜ਼ਾਂ ਤੱਕ ਸੀਮਤ ਕਰ ਕੇ ਅਹਿਸਾਸ ਨੂੰ ਮਨਫ਼ੀ ਕੀਤਾ ਹੈ।

ਬਿਨਾ ਸ਼ੱਕ ਭੂਗੋਲਿਕ ਦੂਰੀਆਂ ਘਟੀਆਂ ਪਰ ਉਹ ਸਾਰੀਆਂ ਵਿੱਥਾਂ ਇੱਕੋ ਛੱਤ ਹੇਠ ਵਸਦੇ ਦੋ ਜੀਆਂ ਵਿਚਕਾਰ ਆ ਵਿਛੀਆਂ ਹਨ।


ਸਭ ਸਾਂਝਾਂ ਤੋਂ ਮੁਨਕਰ ਹੋਏ ਲੋਕ ਬਾਗੀ ਹੋ ਕੇ ਸੋਚਾਂ ਦਾ ਜੰਗਲ ਹਰ ਸੀਨੇ ਵਿੱਚ ਖਰੂਦ ਬੀਜ ਰਹੇ ਹਨ। ਉਦਾਸੀ ਦੀ ਬੀਮਾਰੀ ਜ਼ੋਰ ਫੜ ਰਹੀ ਹੈ। ਅਸਲ ਵਿੱਚ ਪਦਾਰਥਕ ਪਕੜ ਮਜ਼ਬੂਤ ਹੁੰਦੀ ਗਈ, ਅੰਦਰਲੀ ਦੁਨੀਆਂ ਦੀ ਥਾਹ ਪਾਉਣ ਦੀ ਵਿਹਲ ਹੀ ਨਹੀਂ ਰਹੀ। ਸੌਦੇਬਾਜ਼ੀ ਦੇ ਇਸ ਯੁਗ ਵਿੱਚ ਭਾਵੁਕ ਸਾਂਝ ਦੀ ਥਾਂ ਪਰੈਕਟੀਕਲ ਜਾਂ ਪ੍ਰੋਫੈਸ਼ਨਲ ਕੋਨੇ ਤੋਂ ਹੀ ਨਿਭਦਿਆਂ ਸਭ ਮਨਾਂ ਅੰਦਰ ਸਕੂਨ ਤੇ ਤ੍ਰਿਪਤੀ ਮੇਟ ਦਿੱਤੀ ਹੈ। ਪਰਿਵਾਰ ਵਿਚਲਾ ਨਿੱਘ ਕਰ ਕੇ ਤੱਤਾ-ਠੰਢਾ ਸਮੋਂਦੀ ਰੁਚੀ, ਥੱਪੜ ਅਤੇ ਥਾਪੀ ਜਰਦਿਆਂ ਜਾਂ ਹੋਣੀਆਂ ਸੰਗ ਨਫ਼ੇ-ਨੁਕਸਾਨ ਦੀ ਬੀਹੀ ਵਿੱਚੋਂ ਲੰਘਦਿਆਂ ਨਿਭਦੀ ਜੂਨ ਪੁਰ- ਸਕੂਨ ਰਹੀ ਹੈ। ਜਿਵੇਂ ਪਾਣੀ ਦੇ ਕਤਰੇ ਵਿੱਚੋਂ ਸੂਰਜ ਦੀਆਂ ਕਿਰਨਾਂ ਸੰਗ ਸਭ ਰੰਗ ਦਿਸਦੇ ਹਨ, ਉਵੇਂ ਕਿਸੇ ਉਸਰਦੇ ਕਿਰਦਾਰ ਵਿੱਚੋਂ ਟੱਬਰ ਦੇ ਮਾਹੌਲ ਦੀ ਝਲਕ ਦਿਸਦੀ ਹੈ।

ਸਾਡੇ ਘਰ ਮੂਹਰੇ ਇੱਕ ਉਲੱਥ ਜਿਹਾ ਗੋਰਾ ਬੱਚਾ ਰੋਜ਼ ਸੜਕ ਤੇ ਪਿਸ਼ਾਬ ਕਰ ਜਾਂਦਾ ਸੀ। ਇੱਕ ਦਿਨ ਮੈਂ ਘੂਰਿਆ ਤਾਂ ਉਹ ਆਖੇ ਸੜਕ ਸਭ ਦੀ ਹੈ, ਮੈਂ ਜੋ ਮਰਜ਼ੀ ਕਰਾਂ। ਮੈਨੂੰ ਉਸ ਤੇ ਹਰਖ ਆਇਆ ਤਾਂ ਕੋਲ਼ ਖੜ੍ਹਾ ਪੰਜਾਬੀ ਬੱਚਾ ਦੱਸ ਰਿਹਾ ਸੀ ਕਿ ਇਸ ਦੀ ਮੰਮੀ ਗਵਾਂਢੀ ਨਾਲ ਭੱਜਗੀ ਤਾਂ ਇਹ ਇਉਂ ਕਰਦੈ। ਮੈਨੂੰ ਉਸ ਬੱਚੇ ਤੇ ਤਰਸ ਆਇਆ ਕਿ ਇਸ ਤਰ੍ਹਾਂ ਬਿਖਰੇ ਰਿਸ਼ਤੇ ਹੀ ਇਹੋ ਜਿਹਾ ਭੁੱਲ੍ਹਣ ਵਾਲਾ ਵਰਤਾਵ ਕਰਦੇ ਹੋਣਗੇ। ਪਰਿਵਾਰ ਨੂੰ ਤਹਿਸ-ਨਹਿਸ ਕਰਨ ਵਿੱਚ ਮਰਦ ਔਰਤ ਦੋਵੇਂ ਹੀ ਹਿੱਸੇਦਾਰ ਰਹੇ ਹਨ। ਇਹੋ ਜਿਹੇ ਪਰਿਵਾਰਾਂ ਵਿੱਚ ਪਲ਼ਦੇ ਬੱਚੇ ਹੀ ਆਤਮਹੱਤਿਆ ਦਾ ਰਾਹ ਚੁਣਦੇ ਹੋਣਗੇ, ਤਲਾਕ, ਬਲਾਤਕਾਰ ਜਾਂ ਮਾਰਧਾੜ ਹੋਣੀ ਤੱਕ ਜਾ ਅੱਪੜਦੇ ਹੋਣਗੇ। ਪਰਿਵਾਰ ਦਾ ਨਿੱਘ ਸਾਨੂੰ ਹਾਕਾਂ ਮਾਰਦਾ ਹੈ ਤੇ ਪਰਿਵਾਰ ਦਾ ਕਲੇਸ਼ ਸਾਨੂੰ ਘਰੋਂ ਬਾਹਰ ਧੱਕਦਾ ਹੈ। ਬਹੁਤੇ ਲੋਕ ਬਹੁਤ ਭਾਰੇ ਕਦਮਾਂ ਨਾਲ ਘਰ ਵੱਲ ਪਰਤਦੇ ਦੇਖੇ ਹਨ। ਕਈ ਘਰਾਂ ਵਿੱਚ ਘੜੀ ਦਾ ਪੁਰਜ਼ਾ ਕਿਸੇ ਟਰੈਕਟਰ ਵਿੱਚ ਫਿਟ ਕੀਤਾ ਹੀ ਛਟਪਟਾ ਰਿਹਾ ਹੁੰਦਾ ਹੈ। ਸੌਦੇ ਨਾਲ ਨਿਭਦੇ ਪਰਿਵਾਰਕ ਰਿਸ਼ਤੇ ਖਿਲਰੇ ਪੱਤਿਆਂ ਵਰਗੀ ਜੂਨ ਹੰਢਾ ਕੇ ਤੁਰ ਜਾਂਦੇ ਹਨ। ਪਰਿਵਾਰ ਅੰਦਰ ਜਿਨ੍ਹਾਂ ਦੀ ਉਮਰ ਦਾ ਦੁਪਹਿਰਾ ਬਜ਼ੁਰਗ ਨਸੀਹਤਾਂ ਦੀ ਛਾਂ ਹੇਠ ਮੌਲਦਾ ਹੈ ਉਹ ਕਿਨਾਰਿਆਂ ਤੋਂ ਬਾਹਰ ਨਹੀਂ ਡੁਲ੍ਹਦਾ। ਉਮਰ ਦਾ ਸਤਿਕਾਰ ਅਤੇ ਬਚਪਨ ਦਾ ਪਿਆਰ ਤੇ ਲਿਹਾਜ਼ ਹੀ ਸਾਵਾਂ ਜੀਵਨ ਜਿਉਣ ਦੀ ਗੱਲ ਤੋਰਦਾ ਹੈ। ਮੇਰੀ ਮਾਤਾ ਜੀ ਅਕਸਰ ਕਿਹਾ ਕਰਦੇ ਸਨ - ਪਤੈ ਕਿਹੜੇ ਪਿਓ ਦੀ ਧੀ ਆਂ, ਇਹ ਸੁਣ ਕੇ ਸਾਨੂੰ ਆਪਣੇ ਨਾਨਾ ਜੀ ਤੇ ਫ਼ਓਮਪ;ਖ਼ਰ ਹੋਣ ਲਗਦਾ ਸੀ। ਇਉਂ ਹੀ ਕਿਸੇ ਪਰਿਵਾਰ ਦੇ ਜੀਨਸ ਸਮਾਜਕ ਰੁਤਬਾ ਹਾਸਲ ਕਰਦੇ ਆ ਰਹੀਆਂ ਨਸਲਾਂ ਨੂੰ ਸੰਦੇਸ਼ ਦੇ ਜਾਂਦੇ ਹਨ। ਪਰ ਹੁਣ ਦੀ ਤਰੱਕੀ ਨੇ ਸਭ ਖੇਰੂੰ-ਖੇਰੂੰ ਕਰ ਧਰਿਆ ਹੈ। ਪਿੰਡ ਬੀਬੀਆਂ ਆਖਦੀਆਂ ਸਨ -ਖੂਹ ਟੋਭਿਆਂ ਤੇ ਮਿਲਣੋ ਰਹਿਗੇ, ਚੰਦਰੇ ਲਵਾ ਲੇ ਨਲ਼ਕੇ।

ਇਸ ਦੀ ਪੁਸ਼ਟੀ ਕਿਸੇ ਹੋਰ ਕਵੀ ਨੇ ਇਉਂ ਕੀਤੀ ਹੈ —

**ਖੇਤੋਂ ਨੇ ਕਬੀਲੇ ਤੋੜੇ, ਦੌਲਤ ਨੇ ਘਰ ਬਾਰ।**
**ਟੀ. ਵੀ. ਨੇ ਸਮਾਜ ਕੋ ਤੋੜਾ, ਮੋਬਾਈਲ ਨੇ ਪਰਿਵਾਰ।**


ਕੈਲਗਰੀ ਵਿੱਚ ਸਰ੍ਹੋਂ ਦੇ ਖੇਤਾਂ ਵਿੱਚ ਕੰਮ ਕਰਨ ਵਾਲੇ ਵਰਕਰਾਂ ਦੀ ਲੋੜ ਹੈ



ਸੱਤੇ ਦਿਨ 13 ਘੰਟੇ ਕੰਮ ਹੋਵੇਗਾ।
ਤਨਖਾਹ ਘੰਟਿਆਂ ਦੇ ਹਿਸਾਬ ਨਾਲ ਕੰਮ ਦਾ ਸੀਜ਼ਨ ਖਤਮ ਹੋਣ ਉਪਰੰਤ ਸਟੈਂਪਾਂ ਵੀ ਮਿਲਣਗੀਆਂ।
ਰਹਿਣ ਅਤੇ ਖਾਣ ਦਾ ਪੂਰਾ ਪ੍ਰਬੰਧ ਹੈ।
ਕੈਮਲੂਪਸ ਏਰੀਆ ਵਿੱਚ ਜਿਨਸਿੰਗ ਦਾ ਕੰਮ ਦਸੰਬਰ ਮਹੀਨੇ ਤੱਕ ਚੱਲੇਗਾ।
ਕਾਲ ਕਰੋ:
1 250 319 7263



# ਕਾਗਜ਼ੀ ਵਿਚੋਲਪੁਣਾ

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ, ਜੱਟ ਸਿੱਖ ਗਿੱਲ ਲੜਕਾ, ਉਮਰ 32 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਪੰਜਾਬ ਤੋਂ Masters of Computer Appilcaitons ਅਤੇ SAIT ਤੋਂ IT ਡਿਪਲੋਮਾ ਕੀਤਾ ਹੈ, ਲਈ ਚੰਗੇ ਰਿਸ਼ਤੇ ਦੀ ਲੋੜ ਹੈ, ਵਰਕ ਪਰਮਿਟ ਤੇ ਸਟੂਡੈਂਟ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ/whatsapp +1 825-561-2720 Email: gxgill5609@gmail.com ***208***

### ਲੜਕੀ ਦੀ ਲੋੜ
ਮਲੇਸੀਅਨ ਸਿਟੀਜਨ, ਕਨੇਡਾ ਵਿਜਟਿਰ ਵੀਜੇ ਉੱਪਰ ਆਏ, ਜੱਟ ਸਿੱਖ ਪਰਿਵਾਰ ਦੇ ਤਲਾਕਸੁਦਾ ਲੜਕੇ (ਬਿਨਾ ਬੱਚੇ ਤੋਂ), ਉਮਰ 36 ਸਾਲ, ਕੱਦ 5 ਫੁੱਟ 11 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ।ਲੜਕੇ ਦਾ ਬਾਕੀ ਸਾਰਾ ਪਰਿਵਾਰ ਕਨੇਡਾ ਵਿੱਚ ਹੀ ਪੱਕੇ ਤੌਰ ਤੇ ਸੈਟਲ ਹੈ। ਬਿਨਾ ਬੱਚੇ ਤੋਂ ਤਲਾਕਸੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ।ਕੈਲਗਰੀ ਰਹਿਣ ਵਾਲੀ ਲੜਕੀ ਬਾਰੇ ਪਹਿਲ ਦੇ ਅਧਾਰ ਉੱਪਰ ਵਿਚਾਰ ਕੀਤਾ ਜਾਵੇਗਾ ਸੰਪਰਕ: 403 926 6073 ***212***

### ਲੜਕੀ ਦੀ ਲੋੜ
ਕਨੇਡਾ ਵਰਕ ਪਰਮਿਟ ਉੱਪਰ ਰਹਿੰਦੇ ਜੱਟ ਸਿੱਖ ਗਿੱਲ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ,ਉਮਰ 31 ਸਾਲ,ਕੱਦ 5 ਫੁੱਟ 10 ਇੰਚ ਲਈ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਭਰਾ ਅਤੇ ਭੈਣ ਕਨੇਡੀਅਨ ਪੀ ਆਰ ਹਨ। ਸਾਰਾ ਪਰਿਵਾਰ ਐਡਮੰਟਨ ਵੈੱਲ ਸੈਟਲਡ ਹੈ। ਸੰਪਰਕ: 403 923 8025 ਜਾਂ 1 825 522 1954 ***211**

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ ਜੱਟ ਸਿੱਖ ਮਾਨ ਪਰਿਵਾਰ ਦੇ ਲੜਕੇ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, BSc, Health care diploma, ਕਨੇਡਾ ਵਿੱਚ ਹੀ ਚੰਗੀ ਜੌਬ ਕਰ ਰਹੇ, ਲਈ ਹਾਣ ਪ੍ਰਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਪਰਿਵਾਰ ਕਨੇਡਾ ਦੇ ਸੈਸਕੈਚਵਾਨ ਸੂਬੇ ਵਿੱਚ ਵੈੱਲ ਸੈਟਲਡ ਹੈ। ਸੰਪਰਕ: 306 580 4935 ***211***

### ਲੜਕੀ ਦੀ ਲੋੜ
ਪੰਜਾਬ ਰਹਿੰਦੇ ਜੱਟ ਸਿੱਖ ਸਿੱਧੂ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 25 ਸਾਲ, ਕੱਦ 6 ਫੁੱਟ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਵੈਸ਼ਨੂੰ ਹੈ ਅਤੇ ਉਸ ਨੇ ਸਿਵਲ ਇੰਜੀਨੀਅਰ ਦਾ ਡਿਪਲੋਮਾ ਕੀਤਾ ਹੋਇਆ ਹੈ। ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ: 403 680 6801 ***212***

### ਲੜਕੇ ਦੀ ਲੋੜ
ਕਨੇਡੀਅਨ ਪੀ ਆਰ, ਉਮਰ 28 ਸਾਲ,ਕੱਦ 5 ਫੁੱਟ 4 ਇੰਚ, ਧਾਲੀਵਾਲ (ਨਾਈ ਸਿੱਖ) ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ ਲਈ ਹਾਣ ਪ੍ਰਵਾਨ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕੋਲ ਕਨੇਡਾ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਅਤੇ ਇੰਡੀਆ ਤੋਂ ਬੈਚੂਲਰ ਡਿਗਰੀ ਹੈ। ਸੰਪਰਕ: 587 839 1530 ਜਾਂ ਈ ਮੇਲ : jagdevssingh12@gmail.com ***211***

### ਲੜਕੇ ਦੀ ਲੋੜ
ਕਨੇਡੀਅਨ ਬੌਰਨ, 1990,ਕੱਦ 5 ਫੁੱਟ 7 ਇੰਚ,ਕਨੇਡਾ ਦੀ ਲੈਥਬਰਿੱਜ ਯੂਨੀਵਰਿਸਟੀ ਤੋਂ ਬੈਚੂਲਰ ਆਫ ਮੈਨੇਜਮੈਂਟ (ਅਕਾਊਂਟਿੰਗ ਮੇਜਰ) ਦੀ ਡਿਗਰੀ ਹੋਲਡਰ,ਜੱਟ ਸਿੱਖ ਬਰਾੜ ਪਰਿਵਾਰ ਦੀ ਸੋਹਣੀ ਸੁਨੱਖੀ ਚੰਗੀ ਨਾਮਵਰ ਕੰਪਨੀ ਵਿੱਚ ਜੌਬ ਕਰਦੀ ਲੜਕੀ ਲਈ ਕਨੇਡਾ ਦੇ ਹੀ ਜਨਮੇ, ਅਤੇ ਕਨੇਡਾ ਵਿੱਚ ਹੀ ਪੜੇ ਲਿਖੇ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 891 7072 ***211***

### ਜੀਵਨ ਸਾਥਣ ਦੀ ਲੋੜ
ਕਨੇਡੀਅਨ ਸਿਟੀਜਨ, ਜੱਟ ਸਿੱਖ ਬਾਠ ,ਤਲਾਕਸੁਦਾ ਉਮਰ 42 ਸਾਲ ,ਕੱਦ 5 ਫੁੱਟ 7 ਇੰਚ,ਲਈ ਹਾਣ ਪ੍ਰਵਾਣ ਦੀ ਜੀਵਨ ਸਾਥਣ ਦੇ ਰਿਸ਼ਤੇ ਦੀ ਲੋੜ ਹੈ। 2 ਬੱਚੇ ਜੋ ਕਿ 18 ਸਾਲ ਤੋਂ ਵੱਧ ਉਮਰ ਦੇ ਹਨ ਉਹ ਮਾਂ ਨਾਲ ਰਹਿੰਦੇ ਹਨ। ਬਿਨਾ ਬੱਚਿਆਂ ਤੋਂ ਤਲਾਕਸੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 825 438 9687 ਜਾਂ 403 560 7894 ***211***

### ਲੜਕੇ ਦੀ ਲੋੜ
ਕਨੇਡੀਅਨ ਸਿਟੀਜਨ, ਜੱਟ ਸਿੱਖ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਜਨਮ 1988,ਕੱਦ 5 ਫੁੱਟ 3 ਇੰਚ,ਵਿਦਿਅਕ ਯੋਗਤਾ: ਬੈਚੂਲਰ ਆਫ ਫੀਜੀਓਥਰੈਪੀ,ਜੋ ਕਿ ਫੀਜੀਓਥਰੈਪੀ ਦੇ ਕਲਿਨੀਕਲ ਇਮਤਿਹਾਨ ਦੀ ਉਡੀਕ ਵਿੱਚ ਹੈ ਲਈ ਕਨੇਡਾ ਤੋਂ ਹੀ ਬਰਾਬਰ ਦੀ ਯੋਗਤਾ ਵਾਲੇ ਵੈੱਲ ਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 403 400 6017 ,825 365 6017 ਜਾਂ ਵਟਸ ਐਪ 91 9646618381 ***210***

### ਲੜਕੇ/ਲੜਕੀ ਦੀ ਲੋੜ
ਸਿੱਧੂ ਪਰਿਵਾਰ ਦੀ ਕਨੇਡੀਅਨ ਪੀ ਆਰ ਲੜਕੀ ,ਜਨਮ 1990 ਅਤੇ ਇੰਡੀਆ ਰਹਿੰਦੇ ਲੜਕੇ ਜਨਮ 1992 ਲਈ ਰਿਸ਼ਤਿਆਂ ਦੀ ਲੋੜ ਹੈ ।
ਪਰਿਵਾਰ ਰਾਧਾ ਸਵਾਮੀ ਹੈ ਸੋ ਰਾਧਾਸਵਾਮੀ ਪਰਿਵਾਰ ਹੀ ਸੰਪਰਕ ਕਰਨ। ਕਾਲ: 1 204 698 8659***206***

### ਲੜਕੀ ਦੀ ਲੋੜ
ਕਨੇਡੀਅਨ ਸਿਟੀਜਨ ,ਜੱਟ ਸਿੱਖ ਬਦੇਸਾ ਪਰਿਵਾਰ ਦੇ ਉੱਚੇ ਲੰਮੇ ਸੋਹਣੇ ਸੁਨੱਖੇ ਗੱਭਰੂ,ਉਮਰ 28 ਸਾਲ,ਕੱਦ 6 ਫੁੱਟ 3 ਇੰਚ ,ਨਾਨ ਸਮੋਕਰ, ਨਾਨ ਡਰਿੰਕਰ,ਚੰਗੀ ਜੌਬ ਕਰਦੇ ਬੈਚੂਲਰ ਡਿਗਰੀ ਹੋਲਡਰ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 351 1849 ***206***

### ਲੜਕੀ ਦੀ ਲੋੜ
ਕਨੇਡੀਅਨ ਸਿਟੀਜਨ,ਜੱਟ ਸਿੱਖ ਤੂਰ ਪਰਿਵਾਰ ਦੇ ਚੰਗੇ ਪੜ੍ਹੇਲਿਖੇ ਸੋਹਣੇ ਸੁਨੱਖੇ,(Never Married) ਉਮਰ 37 ਸਾਲ,ਕੱਦ 5 ਫੁੱਟ 10 ਇੰਚ, ਸਾਫਟਵੇਅਰ ਇੰਜੀਨੀਅਰ ਦੀ ਨੌਕਰੀ ਕਰਦੇ, ਨਾਨ ਡਰਿੰਕਰ ਲੜਕੇ ਲਈ ਪ੍ਰੋਫੈਸਨਲ ਕੁਆਲੀਫਾਈਡ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕਾਲ ਜਾਂ ਵਟਸਐਪ 403 470 9599 ***210***

### ਲੜਕੀ ਦੀ ਲੋੜ
ਵਿਜਟਿਰ ਵੀਜ਼ੇ ਤੇ ਕੈਨੇਡਾ ਆਏ ਜੱਟ ਸਿੱਖ ਮਾਨ ਪਰਿਵਾਰ ਦੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਵਿੱਦਿਅਕ ਯੋਗਤਾ ਐਮ ਏ ਲਈ ਕੈਨੇਡੀਅਨ ਪੀ ਆਰ ਲੜਕੀ ਦੀ ਲੋੜ ਹੈ ਹੋਰ ਜਾਣਕਾਰੀ ਲਈ ਸੰਪਰਕ ਨੰਬਰ : 403 923 7020***220***

### ਲੜਕੇ ਦੀ ਲੋੜ
ਜੱਟ ਸਿੱਖ ਔਲਖ ਪਰਿਵਾਰ ਦੀ,ਬੀਤੇ 4 ਸਾਲ ਵਰਕ ਪਰਮਿਟ ਉੱਪਰ ਤੋਂ ਸਾਈਪ੍ਰਸ ਰਹਿ ਰਹੀ ਲੜਕੀ, ਉਮਰ 30 ਸਾਲ, ਕੱਦ 5 ਫੁੱਟ 4 ਇੰਚ, ਵਿਦਿਅਕ ਯੋਗਤਾ : ਜੀ ਐਨ ਐਮ ਨਰਸਿੰਗ, 2 ਸਾਲ ਦਾ ਹਸਪਤਾਲ ਵਿੱਚ ਜੌਬ ਕਰਨ ਦਾ ਤਜ਼ਰਬਾ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਉੱਪਰ ਆਇਆ ਲੜਕਾ ਵੀ ਸੰਪਰਕ ਕਰ ਸਕਦਾ ਹੈ। ਕਾਲ: 403 681 7586 ***210***

### ਲੜਕੇ ਦੀ ਲੋੜ
ਕਨੇਡੀਅਨ ਸਿਟੀਜਨ ਜੱਟ ਸਿੱਖ ਪਰਿਵਾਰ ਦੀ ਆਰ ਐਨ ਦੀ ਚੰਗੀ ਜੌਬ ਕਰਦੀ ਲੜਕੀ ,ਜਨਮ 1991, ਕੱਦ 5 ਫੁੱਟ 2 ਇੰਚ, ਲਈ ਕਨੇਡਾ ਤੋਂ ਹੀ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸਤੇ ਦੀ ਲੋੜ ਹੈ । ਲੜਕਾ ਵੈਜੀਟੇਰੀਅਨ ਅਤੇ ਨਾਨ ਡਰਿੰਕਰ ਹੋਣਾ ਚਾਹੀਦਾ ਹੈ। ਸੰਪਰਕ: 403 618 5457 ***205**

### ਲੜਕੀ ਦੀ ਲੋੜ
ਕਨੇਡਾ ਦੇ ਵਿਜਟਰ ਵੀਜੇ ਉੱਪਰ ਆਏ ਪੜੇ ਲਿਖੇ ਸਿੱਖ ਪਰਿਵਾਰ ਦੇ ਲੜਕੇ ,ਜਨਮ 1985,ਕੱਦ 5 ਫੁੱਟ 9 ਇੰਚ,ਲਈ ਹਾਣ ਪਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾ ਸਟੂਡੈਂਟ ਵੀਜੇ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ।ਲੜਕਾ ਇੰਡੀਆ ਵਿੱਚ ਅਮਰੀਕਨ ਕੰਪਨੀ ਵਿੱਚ ਅਕਾਊਂਟੈਂਟ ਵੱਜੋਂ ਜੌਬ ਕਰ ਰਿਹਾ ਹੈ।ਲੜਕੇ ਦੀ ਭੈਣ ਕਨੇਡਾ ਵੈਲ ਸੈਟਲਡ ਹੈ । ਸੰਪਰਕ; 403 991 1717 , 403 671 1159 ***209***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ ,ਜਨਮ 1990,ਕੱਦ 5 ਫੁੱਟ 11 ਇੰਚ, ਇੰਮੀਗ੍ਰੇਸਨ ਦਾ ਆਪਣਾ ਕਾਰੋਬਾਰ ਕਰਦੇ ਜੱਟ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਲਈ ਹਾਣ ਪ੍ਰਵਾਣ ਦੀ ਚੰਗੀ ਪੜ੍ਹੀ ਲਿਖੀ ਖਾਨਦਾਨੀ ਪਰਿਵਾਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 561 2195 ਜਾਂ ਵਟਸਐਪ 9888622317 ***205***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ ਜੱਟ ਸਿੱਖ ਸੰਧੂ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 28 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਬੈਚੂਲਰ ਆਫ ਬਿਜਨਿਸ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 778 246 4261 ***209***

### ਲੜਕੀ ਦੀ ਲੋੜ
ਪੰਜਾਬ ਰਹਿੰਦੇ ਜੱਟ ਸਿੱਖ ਸੰਧੂ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 23 ਸਾਲ, ਕੱਦ 6 ਫੁੱਟ , ਵਿਦਿਅਕ ਯੋਗਤਾ ਪਲੱਸ ਟੂ ਪਰ ਹਾਲੇ ਅਗਲੇਰੀ ਪੜ੍ਹਾਈ ਜਾਰੀ ਹੈ,ਲਈ ਹਾਣ ਪਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੇ ਦਾ ਵੱਡਾ ਭਰਾ ਕਨੇਡਾ ਪੱਕੇ ਤੌਰ ਤੇ ਸੈਟਲ ਹੈ ਜੋ ਜਲਦੀ ਹੀ ਪੰਜਾਬ ਵਿਆਹ ਕਰਵਾਉਣ ਆ ਰਿਹਾ ਹੈ। ਪਰਿਵਾਰ ਇੱਕੋ ਸਮੇਂ ਦੋਵੇਂ ਵਿਆਹ ਕਰਨਾ ਚਾਹੁੰਦਾ ਹੈ। ਸੰਪਰਕ: 1 778 246 4261 ***209***

### ਲੜਕੇ ਦੀ ਲੋੜ
ਕਨੇਡੀਅਨ ਪੀ ਆਰ ,ਜੱਟ ਸਿੱਖ ਬਦੇਸਾ ਪਰਿਵਾਰ ਦੀ ਲੜਕੀ, ਉਮਰ 29 ਸਾਲ,ਕੱਦ 5 ਫੁੱਟ 4 ਇੰਚ,ਵਿਦਿਅਕ ਯੋਗਤਾ: ਬੈਚੂਲਰ ਆਫ ਸਾਇੰਸ ਇਨ ਨਰਸਿੰਗ (ਇੰਡੀਆ) ਲਈ ਹਾਣ ਪਰਵਾਣ ਦੇ ਕਨੇਡੀਅਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਕਾਲ: 1 (780) 236-0082 ***209***

### ਲੜਕੇ ਦੀ ਲੋੜ
ਕੈਨੇਡੀਅਨ ਸਿਟੀਜ਼ਨ ਜੱਟ ਸਿੱਖ ਧਾਲੀਵਾਲ ਪਰਿਵਾਰ ਦੀ ਲੜਕੀ ਉਮਰ 25 ਸਾਲ, ਕੱਦ 5 ਫੁੱਟ, ਵਿਦਿਅਕ ਯੋਗਤਾ BSc, B ed, ਲਈ ਕੈਨੇਡਾ ਤੋਂ ਹੀ ਵੈਸ਼ਨੋ ਪਰਿਵਾਰ ਦੇ ਚੰਗੀ ਜੌਬ ਕਰਦੇ। ਚੰਗੇ ਪੜ੍ਹੇ ਲਿਖੇ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਲੜਕੀ ਟੀਚਰ ਦੀ ਜੌਬ ਕਰ ਰਹੀ ਹੈ। ਵਿਨੀਪੈਗ ਵਾਸੀ ਲੜਕੇ ਨੂੰ ਪਹਿਲ। ਸੰਪਰਕ:1 431 999 1448 ***209***

### ਲੜਕੇ ਦੀ ਲੋੜ
ਕਨੇਡੀਅਨ ਸਿਟੀਜਨ,ਜੱਟ ਸਿੱਖ ਸੂਸ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ ਲੜਕੀ,ਉਮਰ 26 ਸਾਲ,ਕੱਦ 5 ਫੁੱਟ 9 ਇੰਚ,ਵਿਦਿਅਕ ਯੋਗਤਾ: 12 ਗਰੇਡ ਲਈ ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਿਟ ਉੱਪਰ ਆਇਆ ਲੜਕਾ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 1 780 242 3430***209***

### ਲੜਕੇ ਦੀ ਲੋੜ
ਕਨੇਡੀਅਨ ਪੀ ਆਰ ,ਜੱਟ ਸਿੱਖ ਧਾਲੀਵਾਲ ਪਰਿਵਾਰ ਦੀ ਲੜਕੀ ਉਮਰ 34 ਸਾਲ,ਕੱਦ 5 ਫੁੱਟ 6 ਇੰਚ, ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਪੱਗ ਬੰਨਣ ਵਾਲੇ ਲੜਕੇ ਨੂੰ ਪਹਿਲ, ਵਿਆਹ ਜਲਦੀ, ਲੜਕੇ ਦਾ ਕੱਦ 6 ਫੁੱਟ ਦੇ ਨਜਦੀਕ ਹੋਵੇ। ਸਿਰਫ ਕਨੇਡਾ ਵਿੱਚੋਂ ਹੀ ਵਰਕ ਪਰਮਿਟ ਜਾਂ ਵਿਜਟਿਰ ਆਏ ਲੜਕੇ ਹੀ ਸੰਪਰਕ ਕਰਨ। ਲੜਕੀ ਕੋਲ ਆਪਣਾ ਘਰ ਹੈ। ਕਾਲ: 1 604 507 3137 ਜਾਂ 91 98 778 13000 ***208***

### ਲੜਕੇ ਦੀ ਲੋੜ
ਕਨੇਡੀਅਨ ਪੀ ਆਰ, ਮੋਰੀਆ ਹਿੰਦੂ ਪਰਿਵਾਰ ਦੀ ਸੋਹਣੀ ਸੁਨੱਖੀ ,ਉਮਰ 26 ਸਾਲ, ਕੱਦ 5 ਫੁੱਟ 2 ਇੰਚ, ਹੈਲਥ ਕੇਅਰ ਏਡ ਦੀ ਯੋਗਤਾ ਵਾਲੀ ਲੜਕੀ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ ਹੈ। ਸੰਪਰਕ:1-431 541 4449 ***208***

### ਲੜਕੀ ਦੀ ਲੋੜ
ਕਨੇਡੀਅਨ ਸਿਟੀਜਨ ,ਜੱਟ ਸਿੱਖ ਪਰਿਵਾਰ ਦੇ ਤਲਾਕਸੁਦਾ,ਵੈੱਲ ਸੈਟਲਡ,ਵੈਸ਼ਨੂੰ ਲੜਕੇ ਉਮਰ 38 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ ਬੀ ਏ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾ ਬੱਚੇ ਤੋਂ ਤਲਾਕਸੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 825 735 8700 ***208***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ, ਕੰਬੋਜ਼ ਸਿੱਖ ਪਰਿਵਾਰ ਦੇ ਲੜਕੇ, ਉਮਰ 29 ਸਾਲ, ਕੱਦ 5 ਫੁੱਟ 9 ਇੰਚ,ਵਿਦਿਅਕ ਯੋਗਤਾ ਬੀ ਟੈਕ ਲਈ ਹਾਣ ਪ੍ਰਵਾਣ ਦੀ ਪੜੀ ਲਿਖੀ ਸੋਹਣੀ ਸੁਨੱਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਵੀਜ਼ਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਵਿਨੀਪੈਗ ਵਿੱਚ ਆਪਣਾ ਘਰ, ਆਪਣਾ ਬਿਜਨਿਸ ਅਤੇ ਇੰਡੀਆ ਵਿੱਚ ਅਰਬਨ ਅਤੇ ਰੂਰਲ ਪ੍ਰਾਪਰਟੀ ਦਾ ਮਾਲਕ ਹੈ। ਕਾਲ: 1 431 337 7171 ***208***

### ਲੜਕੀ ਦੀ ਲੋੜ
ਵਿਜਟਿਰ ਵੀਜੇ ਉੱਪਰ ਕਨੇਡਾ ਆਏ ਰਾਮਗੜੀਆ ਉੱਭੀ ਪਰਵਾਰ ਦੇ ਸੋਹਣੇ ਸੁਨੱਖੇ,ਕਲੀਨਸ਼ੇਵ ਲੜਕੇ ਉਮਰ 28 ਸਾਲ,ਕੱਦ 5 ਫੁੱਟ 9 ਇੰਚ,ਵਿਦਿਅਕ ਯੋਗਤਾ ਗਰੈਜੂਏਟ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਸਟੂਡੈਂਟ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ: 1 780 907 5965 ਜਾਂ ਇੰਡੀਆ ਮਾਪਿਆਂ ਦਾ ਫੋਨ: 98 881 42945 ***208***

### ਲੜਕੀ ਦੀ ਲੋੜ
ਕਨੇਡੀਅਨ ਜੱਟ ਸਿੱਖ,ਉਮਰ 38 ਸਾਲ, ਕੱਦ 5 ਫੁੱਟ 9 ਇੰਚ, ਪੜੇ ਲਿਖੇ,ਪੱਕੀ ਜੌਬ ਕਰਦੇ ਅਤੇ ਬਿਜਨਿਸ ਹੋਲਡਰ ਵੈਲ ਸੈਟਲਡ,ਤਲਾਕਸੁਦਾ ਲੜਕੇ ਵਾਸਤੇ ਕਨੇਡਾ ਵਿੱਚ ਹੀ ਰਹਿੰਦੀ ਪੜੀ ਲਿਖੀ, ਵੈਲ ਸੈਟਲਡ,ਪਰਿਵਾਰਕ ਕਦਰਾਂ ਕੀਮਤਾਂ ਵਾਲੀ ਲੜਕੀ ਦੀ ਲੋੜ ਹੈ।ਬਿਨਾ ਬੱਚੇ ਤੋਂ ਤਲਾਕਸੁਦਾ ਵੀ ਸੰਪਰਕ ਕਰ ਸਕਦੇ ਹਨ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਕਾਲ ਜਾਂ ਵਟਸ ਐਪ : 403 862 0002,403 926 0080 ***208***

### ਲੜਕੇ ਦੀ ਲੋੜ
ਕਨੇਡੀਅਨ ਪੀ ਆਰ, ਜੱਟ ਸਿੱਖ ਬਰਾੜ ਪਰਿਵਾਰ ਦੀ ਬੈਂਕ ਵਿੱਚ ਜੌਬ ਕਰਦੀ ਲੜਕੀ, ਜਨਮ 1992,ਕੱਦ 5 ਫੁੱਟ 5 ਇੰਚ, ਮਾਸਟਰ ਡਿਗਰੀ ਹੋਲਡਰ ਲਈ ਬਰਾਬਰ ਦੀ ਯੋਗਤਾ ਵਾਲੇ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: ਸਿਰਫ ਵਟਸਐਪ ਕਾਲ 917814432511 ***207***

### ਲੜਕੇ ਦੀ ਲੋੜ
ਕੈਲਗਰੀ ਵਾਸੀ ਸਵਰਨਕਾਰ ਸਦਿਓੜਾ ਸਿੱਖ ਲੜਕੀ ,ਉਮਰ 23 ਸਾਲ,ਕੱਦ 5 ਫੁੱਟ 5 ਇੰਚ, ਕਨੇਡੀਅਨ ਪੀ ਆਰ,ਬੈਂਕ ਨਾਲ ਐਸੋਸੀਏਟ ਫਾਈਨੈਂਸਲ ਐਡਵਾਈਜ਼ਰ ਤੌਰ ਤੇ ਕੰਮ ਕਰ ਰਹੀ ਲੜਕੀ ਲਈ ਯੋਗ ਵਰ ਦੀ ਲੋੜ ਹੈ। ਉੱਚ ਜਾਂ ਬਰਾਬਰ ਯੋਗਤਾ ਵਾਲੇ ਹੀ ਸੰਪਰਕ ਕਰਨ । ਕਾਲ: 587 583 7939 ***206***

### ਲੜਕੀ ਦੀ ਲੋੜ
ਸਰਾਂ ਪਰਿਵਾਰ ਦੇ ਪੰਜਾਬ ਰਹਿੰਦੇ ਲੜਕੇ ਉਮਰ 29 ਸਾਲ ,ਕੱਦ 6 ਫੁੱਟ, ਵਿਦਿਅਕ ਯੋਗਤਾ ਕੰਪਿਊਟਿਰ ਸਾਇੰਸ(ਬੀ ਟੈੱਕ ) ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ। ਸੰਪਰਕ: 403 909 5003***206***


“ਪੰਜਾਬੀ ਅਖ਼ਬਾਰ” ਵਿੱਚ ਖ਼ਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸ਼ਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।
ਕੈਲਗਰੀ-403 640 2000
ਐਡਮਿੰਟਨ-780 599 2000 ਸੈਸਕਾਟੂਨ 639 999 1000
ਰੀਜਾਇਨਾ- 639 999 1000, ਵਿਨੀਪੈੱਗ- 431 733 3000



ਕੈਲਗਰੀ ਦੀ ਨਾਮਵਰ ਕੰਪਨੀ ਨੂੰ ਘਰਾਂ ਦੇ ਕੰਮ ਲਈ ਵਰਕਰਾਂ ਦੀ ਸਖ਼ਤ ਲੋੜ ਹੈ।
ਰੂਫ਼ਰ ਅਤੇ ਸਾਈਡਿੰਗ ਇੰਨਸਟਾਲਰ ਚਾਹੀਦੇ ਹਨ। ਜੇਕਰ ਤਜਰਬਾ ਹੋਵੇ ਤਾਂ ਵਧੀਆ ਹੈ ਨਹੀਂ ਤਾਂ ਉਹ ਖ਼ੁਦ ਕੰਮ ਸਿਖਾ ਵੀ ਦੇਣਗੇ।ਅੰਗਰੇਜ਼ੀ ਦੀ ਕੋਈ ਸਮੱਸਿਆ ਨਹੀਂ ਜ਼ਿਆਦਾ ਵਰਕਰ ਪੰਜਾਬੀ ਹੀ ਬੋਲਦੇ ਹਨ ਐਲ ਐਮ ਆਈ ਏ ਦਿਵਾਉਣ ਵਿੱਚ ਵੀ ਮੱਦਦ ਕਰ ਸਕਦੇ ਹਨ।
ਅੱਜ ਹੀ ਕਾਲ ਕਰੋ: 403 680 0436



A1 Roofing & Siding Ltd.
•ROOFING •SIDING •SOFFIT •STUCCO •HARDIE •FASCIA •EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094 Harwinder 403-402-5615


### ਲੜਕੇ ਦੀ ਲੋੜ
ਪੰਜਾਬ ਰਹਿ ਰਹੀ ਚੰਗੀ ਪੜੀ ਲਿਖੀ, ਯੁਨੀਵਰਸਿਟੀ ਵਿੱਚ ਜੌਬ ਕਰਦੀ ਲੜਕੀ ਉਮਰ 28 ਸਾਲ, ਵਿਦਿਅਕ ਯੋਗਤਾ ਐਮ ਏ ,ਬੀ ਐਡ, ਲਈ ਹਾਣ ਪਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੇ ਦੋਵੇਂ ਭਰਾ ਕਨੇਡਾ ਵੈਲ ਸੈਟਲਡ ਹਨ। ਵਰਕ ਪਰਮਿਟ ਵਾਲਾ ਲੜਕਾ ਵੀ ਸੰਪਰਕ ਕਰ ਸਕਦਾ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ: 403 702 0424 ***210***


**Hiring !**
Daffodils Cargologistics Inc. islooking for Class 1 Drivers forlong - HaulBest pay packages upto 58 cents per mile Applicants should have minimum of 7 - 12 months driving experience Please contact with your drivinglicense and commercialdriving abstract
Email: dclogistics4@gmail.com
Phone : 204-396-1696 , 204-891-0031



**Hiring**
Hair and face art salon islooking for hair-dresser (NOC CODE 6341) Applicants should have minimum of 1-2 years of experience.
Number of Vacancies :2
Wage rate: 20/hour fulltime job
Interested candidates please send your resume at email: hairandfaceart994@gmail.com



ਗ੍ਰਾਫਿਕ ਡਿਜ਼ਾਇਨਰ (ਸਾਈਨ) ਦੀ ਲੋੜ ਹੈ
ਪ੍ਰਿੰਟ ਐਂਡ ਡਿਜ਼ਾਇਨ ਦੇ ਖੇਤਰ ਵਿੱਚ ਕੈਲਗਰੀ ਦੀ ਵੱਡੀ ਕੰਪਨੀ ਐਰੋ ਸਾਈਨ ਵਾਲਿਆਂ ਨੂੰ ਗ੍ਰਾਫਿਕ ਡਿਜ਼ਾਇਨਰ (ਸਾਈਨ) ਦੀ ਲੋੜ ਹੈ। 3-5 ਸਾਲ ਕੰਮ ਕਰਨ ਦਾ ਤਜ਼ਰਬਾ ਹੋਵੇ । ਚੈਨਲ ਲੈਟਰ ਬਣਾਉਣ ਦਾ ਕੰਮ ਜਾਣਦਾ ਹੋਵੇ। ਤੁਸੀਂ ਇੰਡੀਆ ਤੋਂ ਵੀ ਅਪਲਾਈ ਕਰ ਸਕਦੇ ਹੋ।
aerosignandprintinc@gmail.com


## New Community of Vermilion Hill, SW Calgary's Best Kept Secret

**Calgary (PAB)** Qualico Communities Calgary is excited to announce the launch of the new community of Vermilion Hill located in SW Calgary.

Located just west of Stoney/ Tsuut'ina Trail and moments away from Fish Creek Park, it is the ideal location for buyers looking to build a new home in an amazing location. Vermilion Hill offers peaceful living with spectacular views of the mountains and the City of Calgary.

"Our team at Qualico Communities has been working hard behind the scenes to bring this amazing new community to life," says Nina Wulder, marketing and communications coordinator with Qualico Communities Calgary. "It is great to be able to share this new community with everyone."

**The builder group in the community includes six award-winning builders: Genesis Builders, Homes by Avi, Sterling Homes, Broadview Homes, NuVista Homes and Shane Homes.** **The first phase offers Front Garage Homes from the mid $600, Laned homes from the mid $500s, and Duplex Homes from the low $500.**

"We are delighted to be working with such distinguished builder partners in Vermilion Hill," says Emily Smith, manager of marketing and customer care at Qualico Communities Calgary. "We know each builder showhome brings a unique style to the community and is designed for the customer. Their focus on quality and customer experience is at the forefront of all that they do."

The grand opening of the community will take place **Saturday, November 19, 2022 from 1:00 pm – 5:00 pm.** For those that come out to the event, there will be horse drawn carriage rides between the showhome parades, and the **first 50 groups will receive a cozy blanket.** There are also fuzzy mittens for those that attend after the blankets are gone.

here will be warm beverages at both parade areas to help keep visitors warm. The builder showhomes will also have snacks, prizes and activities for the kids.

**Vermilion Hill spans over 160 acres with 6 phases and once complete will have over 3 km of pathways, 6 parks, 3 playgrounds, outdoor seating, viewing areas, and a future middle school site.** With a short drive to Bragg Creek or an easy escape to the Rocky Mountains, this location is perfect for families who love outdoor adventures.

The community of Vermilion Hill is also a dark sky community, focused on reducing light pollution. The advantages of reducing light pollution include an increased number of stars visible at night, reducing the effects of electric lighting on the environment, improving the well-being, health and safety of both people and wildlife, and cutting down on energy usage.

"The location offers the ability for buyers to take advantage of what this SW area of the city has to offer for outdoor activities but is also on the doorstep of other exploring opportunities like walking, hiking, skiing, camping and so much more in Kananaskis," says Wulder.

## ਕਾਮਯਾਬੀ 'ਜਾਤ' ਦੀ ਨਹੀਂ, 'ਹੁਨਰ' ਦੀ 'ਮੁਥਾਜ' ਹੈ !

'ਜਲਾਲਾਬਾਦ' ਤੋਂ ਇਕ ਅੰਦਰੂਨੀ ਸੜਕ ਤੇ ਵਸੇ ਪਿੰਡ 'ਚੱਕ ਬੁੱਧੋ ਕੇ' 'ਚ, 'ਵਾਲ' ਕੱਟਣ ਆਲੀ ਦੁਕਾਨ, ਮਾਫ ਕਰਨਾ, 'ਸੈਲੂਨ' ਦਾ ਮੁਹਰਤ ਸੀ, ਜਿੱਥੇ ਅਖਾੜੇ ਦਾ ਖੁੱਲ੍ਹਾ ਪ੍ਰਬੰਧ ਸੀ, ਕਈ ਕਲਾਕਾਰ ਆਏ, ਸਾਰਾ ਦਿਨ ਚੱਲੇ ਅਖਾੜੇ 'ਚ, ਖਾਣ-ਪੀਣ ਦਾ ਪ੍ਰਬੰਧ ਵੀ ਸਿਰਾ ਸੀ, ਸੈਲੂਨ ਦਾ ਮਾਲਕ, ਮਿਹਨਤੀ ਤੇ 'ਚਿੜ੍ਹੀ' ਮੰਨੀ ਜਾਂਦੀ 'ਕੰਬੋਜ ਚੌਧਰੀ' ਬਿਰਾਦਰੀ ਤੋਂ ਹੈ, ਜੋ ਆਪਣੇ ਕਿੱਤੇ 'ਚ ਇੰਨਾਂ ਕੁ ਹੁਨਰਮੰਦ ਏ ਕਿ ਇਸੇ ਪਿੰਡ 'ਚ, ਕਿਰਾਏ ਦੀ ਦੁਕਾਨ 'ਚ, ਇਸੇ ਕੰਮ ਤੋਂ, ਲੱਖਾਂ ਰੁਪਏ ਕਮਾਕੇ, ਲਗਭਗ 14 ਲੱਖ ਤੋਂ ਉੱਪਰ ਰੁਪਈਆ ਲਾਕੇ ਆਪਣਾ ਸੈਲੂਨ ਬਣਾਇਆ ਹੈ।

ਮੇਰੇ ਪਿੰਡ ਖੂਈ ਖੇੜਾ 'ਚ ਫਾਜ਼ਿਲਕਾ-ਅਬੋਹਰ ਮੇਨ ਰੋਡ ਤੇ, ਕਈ ਸਾਲ ਪਹਿਲਾਂ ਫਾਜ਼ਿਲਕਾ ਦੇ, 'ਮਹਾਜਨ' ਪਿਓ-ਪੁੱਤ ਨੇ ਛੋਟਾ ਜਿਹਾ ਢਾਬਾ ਕੀਤਾ, ਸ਼ੁਰੂ-ਸ਼ੁਰੂ 'ਚ ਲੋਕਾਂ ਨੇ ਸਮਝਿਆ ਕਿ ਇੱਥੇ ਰਾਤਾਂ ਨੂੰ ਕਿੰਨੇ ਰੁਕਣਾ, ਮਾਲਕ ਵੀ ਸ਼ਹਿਰੀ 'ਲਾਲੇ', ਇਹਨਾਂ ਨੂੰ ਗਰਮੀ-ਸਰਦੀ, ਉਪਰੋਂ ਸੁੰਨਸਾਨ ਤੇ ਉਜਾੜ ਨੇ ਈ ਢਾਹ ਲੈਣਾ ਏ, ਕਿੰਨੇ ਇੱਥੇ ਢਾਬਾ ਚਲਾਉਣਾ ਪਰ ਇੰਨਾਂ ਪਿਓ-ਪੁੱਤਾਂ ਨੇ ਲਗਾਤਾਰ ਸਾਲਾਂਬੱਧੀ ਸਖਤ ਮਿਹਨਤ ਨਾਲ ਲੋਕਾਂ ਦਾ ਮੂੰਹ ਬੰਦ ਕਰ ਦਿੱਤਾ, ਅੱਜ ਇਸ 'ਸੁਪਰਹਿੱਟ' ਮਸ਼ਹੂਰ ਢਾਬੇ ਨੂੰ 'ਜੱਗੀ ਦੇ ਢਾਬੇ' ਦੇ ਨਾਂ ਤੋਂ ਜਾਣਿਆ ਜਾਂਦਾ ਏ, ਜਿੱਥੇ 24 ਘੰਟੇ ਗਾਹਕਾਂ ਦੀ ਭੀੜ ਨ੍ਹੀਂ ਟੁੱਟਦੀ।

ਸਾਡੇ ਪਿੰਡ ਠੇਕੇ ਤੇ ਪੈਲੀ ਲੈਣ ਦੀ ਸ਼ੁਰੂਆਤ, ਇਕ ਸਾਂਝੇ ਮਿਹਨਤੀ ਮਹਾਜਨ (ਮੇਹਤਾ) ਪਰਿਵਾਰ ਨੇ ਕੀਤੀ, ਉਨਾਂ ਦੇ ਬੰਦੇ ਮੁੱਛਾਂ ਨੂੰ ਵੱਟ ਦੇ ਕੇ, ਫੋਰਡ ਟਰੈਕਟਰ ਦੀਆਂ ਪੂਰੀਆਂ ਧੂੜਾਂ ਪੱਟਦੇ ਤੇ ਸਖਤ



ਮਿਹਨਤੀ ਔਰਤਾਂ ਤਾਂ ਡੰਗਰ-ਪਸ਼ੂਆਂ ਦਾ ਕੰਮ ਹਿੰਮਤ ਨਾਲ ਨਿਬੇੜਣ ਵਜੋਂ, ਅੱਜ ਵੀ ਮਸ਼ਹੂਰ ਨੇਂ। ਅੱਜ ਕਿੰਨੇ ਹੀ ਜੱਟ, ਕਰਿਆਨੇ ਦੀਆਂ, ਆੜ੍ਹਤ ਦੀਆਂ, ਦੁਕਾਨਾਂ ਚਲਾਈ 'ਲਾਲੇ' ਬਣੇ ਬੈਠੇ ਨੇਂ, ਪਿੰਡਾਂ ਦੇ ਜੱਟਾਂ ਜਿਮੀਂਦਾਰਾਂ ਦੇ ਮੁੰਡੇ-ਕੁੜੀਆਂ, ਸ਼ਹਿਰਾਂ 'ਚ ਕੈਫੇ ਚਲਾਈ ਜਾਂਦੇ ਨੇਂ, ਬਾਕੀ ਹੁਣ 'ਜੱਟਪੁਣੇ' ਤੇ ਵੀ ਕਿਹੜਾ ਜੱਟਾਂ ਦਾ ਹੀ ਕਬਜ਼ਾ ਰਹਿ ਗਿਆ ਏ, ਮੇਰਾ ਇਕ ਬੈਲੀ ਏ 'ਲਾਲਾ', ਪਿੰਡ ਉਹਦਾ ਫਾਜ਼ਿਲਕਾ-ਮੁਕਤਸਰ ਦੀ ਹੱਦ ਤੇ ਅੰਦਰੂਨੀ ਏ, ਪੂਰਾ ਪਰਿਵਾਰ ਸਰਕਾਰੀ ਮੁਲਾਜ਼ਮ, ਜਮੀਨ ਵੀ ਬੜੀ ਬਣਾਈ ਏ, ਖੇਤੀ ਆਲੇ ਹਰੇਕ ਕੰਮ ਦਾ ਮਾਹਿਰ ਏ ਪਰ 'ਜੱਟਾਂ' ਤੇ ਬਣੇ ਗਾਣਿਆਂ 'ਚ ਜੱਟਾਂ ਦੀ 'ਐਸ਼ਪ੍ਰਸਤੀ', 'ਵੈਲਪੁਣੇ' ਤੇ 'ਮਸਤਪੁਣੇ' ਆਲੇ ਸਾਰੇ 'ਕੁੱਤੇ ਕੰਮਾਂ' ਦੇ ਵੀ ਚਿੱਭ ਕੱਢ ਦਿੰਦਾ ਹੈ।

ਆਪਣੇ ਆਸੇ ਪਾਸੇ ਝਾਤੀ ਤਾਂ ਮਾਰੋ, ਤੁਸੀਂ ਹੈਰਾਨ ਹੋ ਜਾਵੋਂਗੇ, 'ਬਾਣੀਏਂ' ਸੋਨੇ ਦੀਆਂ ਟੂਮਾਂ ਵੇਚ ਰਹੇ ਨੇ, ਘੁਮਿਆਰਾਂ ਦੇ, ਜੱਟਾਂ ਦੇ, ਐਸ ਸੀ ਭਾਈਚਾਰੇ ਦੇ ਮੁੰਡੇ, ਸੁਨਿਆਰਿਆਂ ਦੇ, ਛਿੰਬਿਆਂ ਦੇ ਮੁੰਡੇ, 'ਏ ਵਨ' ਮਿਸਤਰੀ ਨੇਂ, ਇਲੈਕਟ੍ਰੀਸ਼ੀਅਨ ਨੇ, ਜਮੀਨਾਂ ਦੇ ਪਲਾਟਾਂ ਦੇ ਕਾਮਯਾਬ ਡੀਲਰ ਨੇਂ। ਦਰਅਸਲ ਅੱਜ ਦੇ ਦੌਰ 'ਚ ਹੁਨਰ ਦੀ ਕਦਰ ਏ, ਵਾਕਈ ਸਮਾਂ ਬਦਲ ਚੁੱਕਾ ਏ, ਅੱਜ ਕਿਸੇ ਵੀ ਕੰਮ ਤੇ ਜਾਤ ਦਾ ਜਾਂ ਲਿੰਗ ਦਾ ਪੱਕਾ ਠੱਪਾ ਨ੍ਹੀਂ ਲੱਗਾ। ਅੱਜ ਕਈ ਸ਼ੋ ਰੂਮ ਆਲੇ ਕਰਜਈ ਨੇਂ ਪਰ ਹੁਨਰਮੰਦ ਰੇਹੜੀ ਵਾਲੇ, 'ਪੀਜਾ-ਬਰਗਰ' ਦੀਆਂ 'ਝੌਂਪੜੀਆਂ' ਜਿਹੀ 'ਚ ਮਿਹਨਤ ਕਰਦੇ ਤੇ 'ਕਰਦੀਆਂ', ਜਾਇਦਾਦਾਂ ਬਣਾ ਰਹੇ ਨੇਂ, ਬਾਕੀ ਕੰਮ ਨੂੰ ਛੋਟਾ ਮੰਨ੍ਹ ਸ਼ਰਮ ਕਰਨ ਆਲੇ, ਫੇਲ ਸੀ, ਫੇਲ ਨੇ ਤੇ ਹਮੇਸ਼ਾਂ ਫੇਲ ਰਹਿਣਗੇ। ਵਿਦੇਸ਼ ਜਾਕੇ ਵੀ ਕੰਮ ਕਰਨੇ ਪੈਣਾ ਏ, ਬਾਕੀ ਪੱਕੀ ਸਰਕਾਰੀ ਨੌਕਰੀ ਹਰੇਕ ਦਾ ਸੁਪਨਾ ਹੈ ਪਰ ਇਹ ਤੁਹਾਡੇ ਸੁਪਨਿਆਂ ਨੂੰ ਸੀਮਤ ਕਰਕੇ, ਉਡਾਰੀ ਦੀ ਨਿਸ਼ਚਿਤ ਉੱਚਾਈ ਤੈਅ ਕਰ ਦਿੰਦੀ ਏ, ਜਦਕਿ ਤੁਹਾਡਾ ਹੁਨਰ, ਤੁਹਾਨੂੰ ਬਹੁਤ ਜਲਦ, ਫਰਸ਼ਾਂ ਤੋਂ ਅਰਸ਼ਾਂ ਤੀਕ ਲਿਜਾਉਣ ਦੀ ਸਮਰੱਥਾ ਰੱਖਦਾ ਹੈ।

**ਅਸ਼ੋਕ ਸੋਨੀ ਪਿੰਡ ਖੂਈ ਖੇੜਾ**
**ਫਾਜ਼ਿਲਕਾ, ਪੰਜਾਬ**
**9872705078**

ਪੁਸਤਕ ਸਮੀਖਿਆ

# ਰੰਗ ਆਪੋ ਆਪਣੇ

**ਇਸ ਔਖੇ ਵਿਸ਼ੇ ਨੂੰ ਪੰਜਾਬੀ ਵਿੱਚ ਲਿਖਕੇ ਪੂਰਾ ਇਨਸਾਫ ਕਰਨਾ ਅਤੇ ਏਨਾ ਸਰਲ ਅਤੇ ਦਿਲਚਸਪ ਬਣਾ ਦੇਣਾ ਕਿ ਹਰੇਕ ਦੀ ਸਮਝ ਵਿੱਚ ਆ ਜਾਵੇ, ਡਾ. ਪੁਸ਼ਪਿੰਦਰ ਜੈਰੂਪ ਨੂੰ ਸਮਰੱਥ ਪੰਜਾਬੀ ਲੇਖਿਕਾ ਦਾ ਦਰਜਾ ਦਿੰਦਾ ਹੈ। ਵਿਗਿਆਨ ਦੀ ਇਸ ਸ਼ਾਖ਼ਾ ਦੇ ਪੰਜਾਬੀ ਵਿੱਚ ਸੌਖੇ ਸ਼ਬਦ ਲੱਭਣੇ ਜਾਂ ਘੜਨੇ ਕੋਈ ਹਾਰੀ ਸਾਰੀ ਦਾ ਕੰਮ ਨਹੀਂ। ਇੱਥੇ ਇਹ ਸੁਝਾਅ ਵੀ ਕਿੰਨਾ ਸਲਾਹੁਣ ਯੋਗ ਹੈ ਕਿ ਬੱਚਿਆ ਦੇ ਜਨਮ ਦਿਨ ਤੇ ਇਹੋ ਜਿਹੀਆਂ ਵਿਗਿਆਨਕ ਜਾਣਕਾਰੀਆਂ ਵਾਲ਼ੀਆਂ ਪੁਸਤਕਾਂ ਤੋਹਫ਼ੇ ਵਜੋਂ ਦੇਣੀਆਂ ਚਾਹੀਦੀਆਂ ਹਨ। ਜਤਿੰਦਰ ਪਨੂੰ ਦੀ ਮੁਲਾਕਾਤ ਦੌਰਾਨ ਪੱਤਰਕਾਰੀ ਦੇ ਕਈ ਪਹਿਲੂਆਂ ਤੇ ਰੌਸ਼ਨੀ ਪੁਆਈ ਗਈ ਹੈ। ਪਨੂੰ ਨੇ ਪੱਤਰਕਾਰੀ ਵਿੱਚ ਆਈ ਸਿਆਸੀ ਦਖ਼ਲ ਅੰਦਾਜ਼ੀ, ਕਾਰਪੋਰੇਟ ਦਾ ਗਲਬਾ ਇਸ਼ਤਿਹਾਰਬਾਜ਼ੀ ਦੀ ਦੌੜ, ਪੱਤਰਕਾਰਾਂ ਦੀਆਂ ਮੁਸ਼ਕਲਾਂ, ਚਣੌਤੀਆਂ ਅਤੇ ਨਿੱਤ ਬਦਲਦੇ ਰੁਝਾਨਾਂ, ਅਤੇ ਰੂਪਾਂ ਬਾਰੇ ਬੇਬਾਕੀ ਨਾਲ ਵਿਚਾਰ ਪੇਸ਼ ਕੀਤੇ ਹਨ।**




ਜਗਦੇਵ ਸਿੱਧੂ
403 351 1136

ਸਾਹਿਤ ਦੇ ਮੁੱਖ ਰੂਪ ਕਵਿਤਾ, ਕਹਾਣੀ, ਨਾਵਲ, ਨਿਬੰਧ, ਵਾਰਤਕ ਹਨ। ਇਸ ਤੋਂ ਬਿਨਾ ਕੁਛ ਹੋਰ ਵੰਨਗੀਆਂ ਜੋ ਭਾਵੇਂ ਸਾਹਿਤ ਦੀ ਮੁਖਧਾਰਾ ਵਿੱਚ ਨਾ ਆਉਣ, ਪਰ ਪਾਠਕਾਂ ਦੀ ਦਿਲਚਸਪੀ ਅਤੇ ਜਗਿਆਸਾ ਦੀ ਪੂਰਤੀ ਕਰਦੀਆਂ ਹਨ ਜਿਵੇਂ ਸਫ਼ਰਨਾਮੇ, ਜੰਗਨਾਮੇ, ਸੜਕਨਾਮੇ ਸਿਮ੍ਰਤੀਆਂ ਰੇਖਾ ਚਿੱਤਰ, ਹਾਸ-ਵਿਅੰਗ, ਮੁਲਾਕਾਤਾਂ ਵਗੈਰਾ। ਇੱਕ ਹੋਰ ਵੰਨਗੀ ਹੈ- ਜੰਗ ਬਹਾਦਰ ਗੋਇਲ ਦੁਆਰਾ ਲਿਖੇ ਹੋਏ ਵਿਸ਼ਵ ਦੇ ਸ਼ਾਹਕਾਰ ਨਾਵਲ। ਇਨ੍ਹਾਂ ਸਾਰੀਆਂ ਲਿਖਤਾਂ ਦਾ ਆਪਣਾ ਮਹੱਤਵ ਤੇ ਪ੍ਰਯੋਜਨ ਹੈ। ਅਜਿਹੀਆਂ ਲਿਖਤਾਂ ਸਾਹਿਤਕਾਰਾਂ ਅਤੇ ਸਾਹਿਤ ਬਾਰੇ ਮਹੱਤਵਪੂਰਨ ਜਾਣਕਾਰੀ ਦਾ ਸਰੋਤ ਹੁੰਦੀਆਂ ਹਨ। ਮੁਲਾਕਾਤਾਂ ਕਰਨਾ ਵੀ ਇੱਕ ਹੁਨਰ ਹੈ। ਜਿਸ ਵਿੱਚ ਸਤਨਾਮ ਸਿੰਘ ਢਾਅ ਨਿਪੁੰਨ ਹੋ ਚੁੱਕਿਆ ਹੈ। ਮੁਲਾਕਾਤੀ ਵਿਅਕਤੀ ਦੀ ਚੋਣ ਕਰਨੀ, ਉਨ੍ਹਾਂ ਦੇ ਜੀਵਨ, ਰਚਨਾਵਾਂ ਅਤੇ ਪ੍ਰਾਪਤੀਆਂ ਬਾਰੇ ਪੂਰਾ ਗਿਆਨ ਹਾਸਲ ਕਰਨਾ, ਉਸ ਨਾਲ ਸੰਬੰਧਿਤ ਸਾਹਿਤਕ ਜਾਂ ਸਮਾਜਿਕ ਹਲਕਿਆਂ ਅੰਦਰ ਹੋਈਆਂ ਚਰਚਾਵਾਂ ਜਾਂ ਆਲੋਚਨਾਵਾਂ ਤੋਂ ਜਾਣੂ ਹੋਣਾ, ਪੁੱਛਣ ਲਈ ਸਵਾਲ ਤਿਆਰ ਕਰਨੇ, ਮੁਲਾਕਾਤੀਆਂ ਨਾਲ ਰਾਬਤਾ ਬਣਾਉਣਾ, ਮੁਲਾਕਾਤ ਕਰਨੀ, ਮੁਲਾਕਾਤ ਕਰਨ ਸਮੇਂ ਗੱਲਬਾਤ ਨੂੰ ਲੀਹੋਂ ਨਾ ਲਹਿਣ ਦੇਣਾ, ਪ੍ਰਾਪਤ ਸਮਗਰੀ ਨੂੰ ਸਮੇਟਣਾ ਅਤੇ ਕਿਤਾਬ ਛਪਾਉਣ ਦਾ ਉਪਰਾਲਾ ਕਰਨਾ ਬੜੀ ਲਗਨ, ਦਿਆਨਤਦਾਰੀ, ਮਿਹਨਤ ਅਤੇ ਸਿਰੜ ਦੀ ਮੰਗ ਕਰਦਾ ਹੈ। ਸਤਨਾਮ ਢਾਅ ਦੀਆਂ ਪਹਿਲੀਆਂ ਦੋ ਕਿਤਾਬਾਂ ਅਤੇ ਇਹ ਤੀਜੀ ਪੁਸਤਕ ਪੜ੍ਹਨ ਤੋਂ ਤਾਂ ਇਹ ਸਾਫ਼ ਹੋ ਜਾਂਦਾ ਹੈ ਕਿ ਉਹ ਇਨ੍ਹਾਂ ਸਾਰੇ ਕਾਰਜਾਂ ਪ੍ਰਤੀ ਸੁਚੇਤ ਸੂਝਵਾਨ ਅਤੇ ਸਿਰੇ ਦੀ ਮੁਹਾਰਤ ਰੱਖਣ ਵਾਲਾ ਮੁਲਾਕਾਤਕਾਰ ਹੈ। ਉਹ ਮੁਲਾਕਾਤੀ ਦੇ ਜੀਵਨ ਦੇ ਕਈ ਗੁੱਝੇ ਰਾਜ਼ ਸਹਿਜ ਨਾਲ ਹੀ ਬੇਪਰਦ ਕਰਵਾ ਲੈਂਦਾ ਹੈ।ਉਨ੍ਹਾਂ ਦੀਆਂ ਲਿਖਤਾਂ ਅੰਦਰਲੀਆਂ ਘੁੰਡੀਆਂ ਅਤੇ ਘੁਣਤਰਾਂ ਨੂੰ ਗੱਲਾਂ ਗੱਲਾਂ ਨਾਲ਼ ਪਰਤ ਦਰ ਪਰਤ ਖੁੱਲ੍ਹਵਾ ਲੈਂਦਾ ਹੈ। ਉਸ ਦੇ ਮਨ ਅੰਦਰਲੀਆਂ ਤਹਿਆਂ ਨੂੰ ਲੀਰਾਂ ਦੀ ਖੁੱਦੋ ਵਾਂਗ ਉਧੇੜ ਕੇ ਰੱਖ ਦਿੰਦਾ ਹੈ। ਹਰੇਕ ਪਾਠਕ ਲੇਖਕ ਅਤੇ ਰਚਨਾਵਾਂ ਦੇ ਅਜਿਹੇ ਪਹਿਲੂ ਜਾਣਨ ਦੀ ਇੱਛਾ ਪਾਲਦਾ ਹੈ ਤੇ ਇਸ ਇੱਛਾ ਦੀ ਪੂਰਤੀ ਲਈ ਅਜਿਹੀਆਂ ਮੁਲਾਕਾਤਾਂ ਅਹਿਮ ਸਥਾਨ ਰੱਖਦੀਆਂ ਹਨ।

ਮਨੋਵਿਗਿਆਨੀ ਮਾਹਿਰ ਡਾ. ਮਹਿੰਦਰ ਸਿੰਘ ਹੱਲ੍ਹਣ ਦੀ ਰਾਇ ਮੁਤਾਬਕ ਸਤਨਾਮ ਢਾਅ ਦੀਆਂ ਲਿਖਤਾਂ ਵਿਚ ਰਵਾਨੀ, ਸਰਲਤਾ ਤੇ ਰੌਚਿਕਤਾ ਬਰਕਰਾਰ ਰਹਿੰਦੀ ਹੈ। ਹਥਲੀ ਕਿਤਾਬ ਦੇ ਸ਼ੁਰੂ ਵਿੱਚ ਵਿਦਵਾਨ ਆਲੋਚਕ ਸੁਖਦੇਵ ਸਿੰਘ ਸਿਰਸਾ ਦੇ ਵਿਚਾਰਾਂ ਵਿੱਚੋਂ ਕੁਝ ਸਤਰਾਂ ਦਾ ਹਵਾਲਾ ਦੇਣਾ ਬਣਦਾ ਹੈ। ਉਹ ਲਿਖਦਾ ਹੈ ਕਿ ਢਾਅ ਦੀਆਂ ਮੁਲਾਕਾਤਾਂ ਵਿੱਚ ਮੌਲਿਕ ਸਿਰਜਣਾ ਵਾਲਾ ਰਸ ਹੁੰਦਾ ਹੈ। ਉਸ ਨੇ ਮੁਲਾਕਾਤ ਨੂੰ ਪੰਜਾਬੀ ਵਾਰਤਕ ਦੀ ਇੱਕ ਨਿਵੇਕਲੀ ਵਿਧਾ ਵਜੋ ਸਥਾਪਿਤ ਕੀਤਾ ਹੈ। ਉਹ ਸਾਨੂੰ ਲੇਖਕਾਂ ਅੰਦਰਲੇ ਅਸਲੀ ਬੰਦੇ ਦੇ ਸਾਹਮਣੇ ਖਿਲਾਰ ਕੇ ਆਪ ਪਾਸੇ ਹੋ ਜਾਂਦਾ ਹੈ। ਕਿਸੇ ਵੀ ਲੇਖਕ ਨਾਲ ਸੰਵਾਦ ਰਚਾਉਣ ਤੋਂ ਪਹਿਲਾਂ ਉਸ ਦੇ ਪਰਿਵਾਰਕ ਪਿਛੋਕੜ, ਉਸ ਦੀ ਸਮਾਜਕ ਸਿਥਿਤੀ ਉਸ ਦੀ ਚੇਤ ਅਚੇਤ ਵਿਚਾਰਧਾਰਾ, ਉਸ ਉੱਤੇ ਪਏ ਵੱਖ ਵੱਖ ਤਰ੍ਹਾਂ ਦੇ ਪ੍ਰਭਾਵਾਂ, ਉਸ ਦੇ ਕਰਮ ਖੇਤਰ ਅਤੇ ਉਸ ਦੀਆਂ ਲਿਖਤਾਂ ਦਾ ਬਾਰੀਕੀ ਨਾਲ ਮੁਤਾਲ਼ਿਆ ਕਰਦਾ ਹੈ। ਉਸ ਦੀ ਖ਼ੂਬੀ ਇਹ ਹੈ ਕਿ ਉਹ ਕਿਸੇ ਲੇਖਕ, ਚਿੰਤਕ ਜਾਂ ਸਭਿਆਚਾਰ ਕਾਮੇਂ ਨੂੰ ਉਸ ਦੇ ਵਿਸ਼ੇਸ਼ ਇਤਿਹਾਸਕ, ਸਮਾਜਿਕ ਪਰਿਵੇਸ਼ ਵਿੱਚ ਰੱਖ ਕੇ ਸਮਝਣ ਸਮੇਂ ਉਸ ਦੇ ਸੁਚੇਤ ਵਿਚਾਰਾਂ, ਉਸ ਦੀਆਂ ਅਵਚੇਤਨੀ ਮਾਨਸਿਕ ਗੰਢਾਂ ਅਤੇ ਉਸ ਦੇ ਸਮਾਜਿਕ ਅਮਲਾਂ ਨੂੰ ਇੱਕੋ ਸਮੇਂ ਧਿਆਨ ਵਿੱਚ ਰੱਖਦਾ ਹੈ। ਉਹ ਹਰ ਤਰ੍ਹਾਂ ਦੇ ਭਾਵੁਕ ਉਲਾਰਾਂ, ਨਿੱਜੀ ਪਸੰਦ ਨਾ-ਪੰਸਦ, ਜਾਤੀ ਰੰਜਸ਼ਾਂ ਜਾਂ ਤਰਫ਼ਦਾਰੀਆਂ ਤੋ ਨਿਰਲੇਪ ਰਹਿੰਦਾ ਹੈ ਉਨ੍ਹਾਂ ਦੇ ਸਾਹਮਣੇ ਬੁਹ-ਕੋਨਿਆਂ ਵਾਲਾ ਦਰਪਨ ਸਹਿਜੇ ਹੀ ਟਿਕਾ ਦਿੰਦਾ ਹੈ।

ਸਤਨਾਮ ਸਿੰਘ ਢਾਅ ਦੀਆਂ ਪਹਿਲੀਆਂ ਦੋ ਕਿਤਾਬਾਂ ਤੋਂ ਬਾਦ ਮੁਲਾਕਾਤਾਂ ਦੀ ਤੀਜੀ ਕਿਤਾਬ 'ਰੰਗ ਆਪੋ ਆਪਣੇ▾ ਵਿਚਾਰ ਅਧੀਨ ਹੈ, ਜੋ ਹੁਣੇ ਛਪ ਕੇ ਆਈ ਹੈ। ਇਸ ਦੇ 394 ਸਫ਼ੇ ਹਨ। ਇਸ ਵਿੱਚ ਦਸ ਮੁਲਾਕਾਤਾਂ ਹਨ, ਜਿਨ੍ਹਾਂ ਵਿਚੋਂ ਛੇ ਮੁਲਾਕਾਤੀ ਸਾਹਿਤਕਾਰ, ਇੱਕ ਉੱਘੇ ਖਿਡਾਰੀ, ਇੱਕ ਸਮਾਜ ਸੇਵੀ, ਇੱਕ ਜੀਵ ਵਿਗਿਆਨੀ ਲੇਖਕਾ, ਅਤੇ ਇੱਕ ਪੱਤਰਕਾਰ ਹਨ। ਇਨ੍ਹਾਂ ਵਿੱਚੋਂ ਚਾਰ ਅਹਿਮ ਸ਼ਖ਼ਸੀਅਤਾਂ ਕਿਤਾਬ ਛਪਣ ਤੋਂ ਪਹਿਲਾਂ ਸਦੀਵੀ ਵਿਛੋੜਾ ਦੇ ਚੁੱਕੀਆਂ ਹਨ- ਓਲੰਪੀਅਨ ਬਲਬੀਰ ਸਿੰਘ, ਸੰਤੋਖ ਸਿੰਘ ਸੰਤੋਖ, ਡਾ. ਇਕਬਾਲ ਸਿੰਘ ਪੰਨੂੰ ਅਤੇ ਡਾ. ਪੁਸ਼ਪਿੰਦਰ ਜੈਰੂਪ। ਸਤਨਾਮ ਸਿੰਘ ਢਾਅ ਦਾ ਮੁਲਾਕਾਤ ਕਰਨ ਦਾ ਤਰੀਕਾ ਆਪਣਾ ਹੀ ਹੈ। ਉਹ ਸੰਵਾਦ ਨੂੰ ਜਿਉਂ ਦਾ ਤਿਉਂ ਰੱਖਣ ਤੋਂ ਪਹਿਲਾਂ ਮੁਲਾਕਾਤੀ ਦੇ ਜੀਵਨ, ਲਿਖਤਾਂ ਪ੍ਰਾਪਤੀਆਂ ਅਤੇ ਯੋਗਦਾਨ ਬਾਰੇ ਸੰਖੇਪ ਵੇਰਵਾ ਦਿੰਦਾ ਹੈ ਜੋ ਪਾਠਕ ਨੂੰ ਪੂਰੀ ਜਾਣਕਾਰੀ ਲੈਣ ਲਈ ਉਤਸੁਕ ਤੇ ਉਤੇਜਿਤ ਕਰਦਾ ਹੈ। ਹਾਕੀ ਓਲੰਪੀਅਨ ਬਲਬੀਰ ਸਿੰਘ ਨਾਲ ਮੁਲਾਕਾਤ ਕੀ ਕੀਤੀ ਹਾਕੀ ਦਾ ਸਾਰਾ ਇਤਿਹਾਸ ਕਲਮਬੰਦ ਕਰਵਾ ਲਿਆ। ਬਲਬੀਰ ਸਿੰਘ ਦਾ ਇਹ ਕਹਿਣਾ ਕਿ ਉਸ ਦੀ ਪੰਜਾਬ ਵਿੱਚ ਹਾਕੀ ਸਟੇਡੀਅਮ ਬਣਾਉਣ ਦੀ ਤਮੰਨਾ ਅਧੂਰੀ ਰਹਿ ਗਈ, ਪਾਠਕ ਨੂੰ ਝੰਜੋੜ ਕੇ ਰੱਖ ਦਿੰਦਾ ਹੈ। ਸਤਨਾਮ ਢਾਅ ਦੀ ਸਾਹਿਤ ਦੇ ਰੂਪਾਂ ਦੀਆਂ ਪੇਚੀਦਗੀਆਂ ਬਾਰੇ ਬਾਰੀਕੀਆਂ ਬਾਰੇ ਜਾਣਕਾਰੀ ਦਾ ਇੱਕ ਨਮੂਨਾ ਜੋਗਿਦਰ ਅਮਰ ਨਾਲ ਕੀਤੀ ਮੁਲਾਕਾਤ ਵਿਚਲੇ ਇੱਕ ਸਵਾਲ ਤੋਂ ਮਿਲਦਾ ਹੈ: 'ਕਈ ਵਾਰ ਗ਼ਜ਼ਲ ਲਿਖਣ ਵਾਲਿਆ ਦਾ ਕਹਿਣਾ ਹੈ ਕਿ ਕਾਫ਼ੀਏ ਦੇ ਸ਼ਬਦ ਲੱਭਦਿਆ, ਛੰਦ ਅਤੇ ਅਰੂਜ਼ ਦੀਆਂ ਮਾਤਰਾਂ ਗਿਣਦਿਆ ਖ਼ਿਆਲ ਭੁੱਲ ਜਾਂਦਾ ਹੈ। ਕਈ ਵਾਰੀ ਕਾਫ਼ੀਏ ਦੀ ਤੰਗੀ ਕਰਕੇ ਖਿਆਲ ਦੀ ਪੇਸ਼ਕਾਰੀ ਵਿੱਚ ਮੁਸ਼ਕਲ ਆਉਦੀ ਹੈ। ਕੀ ਤੁਸੀਂ ਸਹਿਮਤ ਹੋ'? ਇੱਥੇ ਜੁਗਿੰਦਰ ਅਮਰ ਦਾ ਵਿਚਾਰ ਗੌਲਣਯੋਗ ਹੈ ਕਿ ਕਵਿਤਾ ਕਾਵਿ-ਸ਼ਾਸਤਰ ਰਾਹੀਂ ਮਾਪੀ ਜਾ ਸਕਦੀ ਹੈ, ਜੋ ਇੱਕ ਕਸਵੱਟੀ ਹੈ ਤੇ ਦੱਸ ਸਕਦੀ ਹੈ ਕਿ ਕੋਈ ਕਵਿਤਾ ਹੈ ਜਾਂ ਨਹੀਂ। ਉਸ ਦੇ ਇਸ ਵਿਚਾਰ ਨਾਲ ਸਾਰਿਆਂ ਦਾ ਸਹਿਮਤ ਹੋਣਾ ਸੰਦੇਹਪੂਰਨ ਹੈ। ਇਸੇ ਤਰ੍ਹਾਂ ਇਸ ਕਵੀ ਦੇ ਛੋਟੀ ਜਾਂ ਲੰਬੀ ਕਵਿਤਾ ਬਾਰੇ ਕਵੀ ਦੇ ਵਿਚਾਰਾਂ ਨੂੰ ਮੰਨਣਾ ਔਖ ਲਗਦਾ ਹੈ। ਜਿਵੇਂ ਜਸਵੰਤ ਵਿਰਦੀ ਦੀ ਕਹਾਣੀ: ਤਾਰੇ ਤੋੜਨਾ ਬਾਰੇ ਕਵੀ ਦਾ ਨਿਰਣਾ ਅਤਿ-ਕਥਨੀ ਲਗਦੈ। ਸੰਤੋਖ ਸਿੰਘ ਸੰਤੋਖ ਦੀ ਧਾਰਨਾ ਸਹੀ ਜਾਪਦੀ ਹੈ ਕਿ ਕਵਿਤਾ ਆਪਣਾ ਵਰਤਾਰਾ ਆਪ ਲੈ ਕੇ ਆਉਂਦੀ ਹੈ ਅਤੇ ਲਿਖੀ ਜਾਂਦੀ ਹੈ। ਇਸ ਮੁਲਾਕਾਤ ਵਿਚ ਕੀਤੇ ਕਈ ਸਵਾਲ ਜਵਾਬਾਂ ਨਾਲੋਂ ਵੱਡ ਅਕਾਰੀ ਹਨ ਜੋ ਇਸ ਗੱਲ ਦਾ ਲਖਾਇਕ ਹਨ ਕਿ ਸਤਨਾਮ ਸਿੰਘ ਢਾਅ ਕਿੰਨੀ ਜਾਣਕਾਰੀ ਅਤੇ ਦਿਲਚਸਪੀ ਦੇ ਅਧਾਰ ਤੇ ਕਵੀ ਨੂੰ ਉਧੇੜ ਤੇ ਫਰੋਲ਼ ਰਿਹਾ ਹੈ। ਪ੍ਰੀਤਮ ਸਿੰਘ ਕੈਂਬੋਂ ਨਾਲ ਕੀਤੀ ਮੁਲਾਕਾਤ ਦੀ ਮੁਹਾਰਨੀ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਢਾਅ ਵਿੱਚ ਚੰਗੇ ਆਲੋਚਕ ਦੀਆਂ ਕਣੀਆਂ ਵੀ ਹਨ। ਉਸ ਨੇ ਲਿਖਿਆ ਹੈ ਕਿ ਕੈਂਬੋ ਦੀ ਪਾਤਰ ਉਸਾਰੀ ਵਿੱਚ ਇੱਕ ਮਾਨਵੀ ਸੰਵੇਦਨਾਂ ਦੀ ਪਕੜ ਹੈ ਅਤੇ ਉਸ ਨੂੰ ਮਨੁੱਖੀ ਮਨ ਨੂੰ ਪੜ੍ਹਨ ਦੀ ਚੰਗੀ ਜਾਚ ਹੈ। ਅਜਿਹੇ ਆਲੋਚਨਾਤਮਕ ਸ਼ਬਦ ਸਤਨਾਮ ਸਿੰਘ ਢਾਅ ਨੂੰ ਸਾਧਾਰਨ ਮੁਲਾਕਾਤਕਾਰ ਤੋਂ ਉਪਰ ਲੈ ਜਾਂਦੇ ਹਨ। ਮੁਲਾਕਾਤਾਂ ਵਿੱਚ ਕੀਤੇ ਸਵਾਲ ਇਉਂ ਹਨ ਜਿਵੇਂ ਕਹਾਣੀ ਨੂੰ ਅਗੇ ਤੋਰਿਆ ਜਾ ਰਿਹਾ ਹੋਵੇ। ਇਹ ਗੁਣ ਇਸ ਖੁਸ਼ਕ ਵਿਸ਼ੇ ਨੂੰ ਰੌਚਿਕ ਬਣਾਉਣ ਵਿੱਚ ਸਹਾਈ ਹੁੰਦਾ ਹੈ ਤੇ ਪਾਠਕ ਅਕਦਾ ਨਹੀਂ। ਇਹ ਸਵਾਲ ਇੱਕ ਕੜੀ ਦਾ ਕੰਮ ਵੀ ਕਰਦੇ ਹਨ ਅਤੇ ਲਿਖਤ ਨੂੰ ਗਤੀ ਤੇ ਰਵਾਨਗੀ ਵੀ ਪ੍ਰਦਾਨਗੀ ਕਰਦੇ ਹਨ। ਅਸਲ ਵਿੱਚ ਇਸ ਮੁਲਾਕਾਤ ਦੇ ਜ਼ਰੀਏ ਇੰਗਲੈਂਡ ਵਿੱਚ ਪੰਜਾਬੀ ਸਾਹਿਤ ਅਤੇ ਉੱਥੋਂ ਦੇ ਪੰਜਾਬੀ ਲੇਖਕਾਂ ਦਾ ਲੇਖਾ ਜੋਖਾ ਮਿਲਦਾ ਹੈ। ਇਹ ਵੀ ਪਤਾ ਲਗਦਾ ਹੈ ਕਿ ਡਾ. ਕੈਂਬੋ ਇੱਕ ਵਧੀਆ ਕਹਾਣੀਕਾਰ, ਨਿਰਪੱਖ ਆਲੋਚਕ, ਸੰਪਾਦਕ, ਖੋਜੀ ਵਿਦਵਾਨ ਅਤੇ ਸਫਲ ਅਨੁਵਾਦਕ ਵੀ ਹੈ। ਕੁਝ ਸਵਾਲਾਂ ਵਿੱਚ ਦੁਹਰਾਉ ਦਾ ਦੋਸ਼ ਵੀ ਨਜ਼ਰ ਆਉਂਦਾ ਹੈ। ਕੁਝ ਸਵਾਲ ਅਜਿਹੇ ਵੀ ਪੁੱਛੇ ਜੋ ਵਿਸ਼ੇ ਨੂੰ ਬਹੁਤ ਪਰੇ ਲੈ ਜਾਂਦੇ ਹਨ ਪਰ ਸ਼ਾਇਦ ਇੱਕ ਖੋਜੀ ਵਿਦਾਵਾਨ ਤੋ ਦੁਨੀਆ ਭਰ ਦੇ ਕਿਸੇ ਵੀ ਵਿਸ਼ੇ ਬਾਰੇ ਪੁਛਣੇ ਪਾਠਕਾਂ ਲਈ ਲਾਹੇਵੰਦ ਹੋਣ ਦੀ ਮਨਸ਼ਾ ਨਾਲ ਪੁੱਛੇ ਗਏ ਹਨ। ਮਿਸਾਲ ਵਜੋਂ ਭਾਰਤੀ ਅਤੇ ਬਰਤਾਨਵੀ ਵਿਦਿਅਕ ਸਿਸਟਮ ਵਿੱਚ ਕੀ ਅੰਤਰ ਹੈ ?

ਕਿਤੇ ਕਿਤੇ ਅੰਗਰੇਜ਼ੀ ਸ਼ਬਦਾਂ ਦੀ ਬੇਲੋੜੀ ਵਰਤੋ ਵੀ ਰੜਕਦੀ ਹੈ ਜਿਵੇਂ ਗੁਰਨਾਮ ਢਿੱਲੋਂ ਨੂੰ ਪੁੱਛਣਾ ਕਿ ਬਰਤਾਨਵੀ ਐਜੂਕੇਸ਼ਨ ਸਿਸਟਮ ਵਿੱਚ ਅਪਣਾ ਐਜੁਕੇਸ਼ਨ ਲੈਵਲ ਅਪਗ੍ਰੇਡ ਕੀਤਾ। ਇਹਦੇ ਵਿੱਚ ਛੇ ਅੰਗਰੇਜ਼ੀ ਤੇ ਤਿੰਨ ਪੰਜਾਬੀ ਦੇ ਸ਼ਬਦ ਹਨ। ਗ਼ਜ਼ਲ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਢਿੱਲੋਂ ਕਹਿੰਦਾ ਹੈ ਕਿ ਜਦੋਂ ਗ਼ਜ਼ਲ ਦੀ ਆਮਦ ਹੋਵੇ, ਮਨ ਇਕਾਗਰ ਹੋਵੇ, ਦਿਲ ਤੇ ਦਿਮਾਗ ਵਿੱਚ ਜਜ਼ਬਾਤ ਦਾ ਵੇਗ ਗ਼ਜ਼ਲ ਦੇ ਰੂਪ ਵਿੱਚ ਪ੍ਰਗਟ ਹੋਣ ਲਈ ਉੱਛਲ ਰਿਹਾ ਹੋਵੇ ਤਾਂ ਸ਼ਬਦ ਵੀ ਆਪਣੇ ਆਪ ਛਾਲਾਂ ਮਾਰਦੇ ਆਉਦੇ ਹਨ ਅਤੇ ਗ਼ਜ਼ਲ ਦੀ ਲਹਿਰ ਵਿੱਚ ਰੂਪਾਂਤ੍ਰਿਤ ਹੋ ਜਾਂਦੇ ਹਨ। ਇਸ ਮੁਲਾਕਾਤ ਵਿੱਚ ਇੰਗਲੈਂਡ ਅੰਦਰ ਚਲਦੀਆਂ ਸਾਹਿਤਕ ਸਰਗਰਮੀਆਂ ਬਾਰੇ ਵੀ ਭਰਪੂਰ ਚਰਚਾ ਹੈ। ਕੁਝ ਬਾਕੀ ਸਾਹਿਤਕਾਰਾਂ ਦੇ ਨਾਲ ਮਿਲਦੇ ਜੁਲਦੇ ਸਵਾਲ ਸੂਫ਼ੀ ਅਮਰਜੀਤ ਨੂੰ ਵੀ ਕੀਤੇ ਗਏ ਹਨ ਪਰ ਇਸ ਵਿੱਚ ਪਰਵਾਸ ਅਤੇ ਲਹਿੰਦੇ ਪੰਜਾਬ ਵਿੱਚ ਪੰਜਾਬੀ ਜ਼ੁਬਾਨ ਅਤੇ ਸਾਹਿਤਕ ਸਰਗਰਮੀਆਂ ਦਾ ਲੇਖਾ ਜੋਖਾ ਵੀ ਹੈ। ਇੱਕ ਸਵਾਲ ਦੇ ਜਵਾਬ ਵਿੱਚ ਸੂਫ਼ੀ ਬੜੀ ਸਾਰਥਕ ਸਲਾਹ ਦਿੰਦਾ ਹੈ ਕਿ ਲਿਖਣ ਵਾਲੇ ਨੂੰ ਵੱਧ ਤੋਂ ਵੱਧ ਪੜ੍ਹਨਾ ਚਾਹੀਦਾ ਹੈ। ਡਾ.ਇਕਬਾਲ ਪੰਨੂੰ ਨਾਲ ਮੁਲਾਕਾਤ ਕਰਕੇ ਉਸ ਦੇ ਸਮਾਜਿਕ ਤੇ ਵਿਦਿਅਕ ਖੇਤਰ ਵਿੱਚ ਪਾਏ ਯੋਗਦਾਨ ਨੂੰ ਕਲਮਬੰਦ ਕੀਤਾ ਹੈ ਜੋ ਪ੍ਰੇਰਣਾਦਾਇਕ ਵੀ ਹੈ। ਜਰਨੈਲ ਸਿੰਘ ਕਹਾਣੀਕਾਰ ਦੀਆਂ ਕਹਾਣੀਆਂ ਬਾਰੇ,ਉਸ ਦੀ ਸਿਰਜਣ ਪ੍ਰਕਿਆ ਬਾਰੇ, ਕਹਾਣੀ ਦੀ ਉਸਾਰੀ, ਵਿਸ਼ਾ- ਵਸਤੂ ਅਤੇ ਆਲੋਚਨਾ ਬਾਰੇ ਬਹੁਤ ਵਧੀਆ ਸਮੱਗਰੀ ਬਟੋਰ ਲਈ ਗਈ ਹੈ। ਨੇਟਿਵ ਲੋਕਾਂ ਬਾਰੇ ਕਹਾਣੀ ਪ੍ਰਤੀ ਲੋੜੀਂਦਾ ਸਵਾਲ ਤੇ ਜਵਾਬ ਦੋਵੇ ਅਧੂਰੇ ਲਗਦੇ ਹਨ। ਇੱਕ ਹੋਰ ਸਵਾਲ ਦਾ ਜਵਾਬ ਨਵੇਂ ਕਹਾਣੀਕਾਰਾਂ ਲਈ ਰਾਹ-ਦਿਸੇਰਾ ਹੋ ਨਿਬੜਿਆ ਹੈ। ਜਿਸ ਵਿੱਚ ਉਨ੍ਹਾਂ ਨੂੰ ਵੱਧ ਤੋਂ ਵੱਧ ਕਹਾਣੀਆਂ ਪੜ੍ਹਨੀਆਂ, ਦੂਜੀਆਂ ਭਾਸ਼ਾਵਾਂ ਦੀਆਂ ਕਹਾਣੀਆਂ ਨਾਲ ਸਾਂਝ ਪਾਉਣੀ, ਮਿਹਨਤ ਨਾਲ ਕਹਾਣੀ ਦਾ ਰੰਗ-ਰੂਪ ਨਿਖਾਰਨ ਅਤੇ ਸਿਰਜਕ ਨੂੰ ਪਾਸੇ ਰੱਖ ਕੇ ਆਲੋਚਕ ਬਣ ਕੇ ਕਹਾਣੀ ਨੂੰ ਸੰਪਾਦਤ ਕਰਨ ਦੀ ਸੁਲਾਹ ਦਿੱਤੀ ਗਈ ਹੈ। ਸਤਨਾਮ ਢਾਅ ਨੇ ਪੁਸ਼ਪਿੰਦਰ ਜੈਰੂਪ ਨਾਲ ਮੁਲਾਕਾਤ ਕਰਕੇ ਵੱਡੀ ਮੱਲ ਮਾਰੀ ਹੈ। ਇੱਕ ਵਿਗਿਆਨੀ ਨਾਲ ਮੁਲਾਕਾਤ ਕਰਨੀ ਆਮ ਵਰਗੀ ਸੌਖੀ ਨਹੀਂ ਹੁੰਦੀ, ਇਸ ਵਾਸਤੇ ਵਿਗਿਆਨਕ ਸਮਝ ਅਤੇ ਵੱਖਰੀ ਪਹੁੰਚ ਦੀ ਜ਼ਰੂਰਤ ਪੈਂਦੀ ਹੈ।ਇਸ ਮੁਲਾਕਾਤ ਦੇ ਵੇਰਵਿਆਂ ਤੋਂ ਜਿੱਥੇ ਡਾ.ਪੁਸ਼ਪਿੰਦਰ ਜੈਰੂਪ ਦੀ ਸ਼ਖ਼ਸੀਅਤ ਉਜਾਗਰ ਹੁੰਦੀ ਹੈ, ਉੱਥੇ ਕੀਟ-ਵਿਗਿਆਨ ਅਤੇ ਵਿਗਿਆਨ ਨਿਬੰਧਾਂ ਦੀ ਸਿਰਜਣ ਪ੍ਰਕ੍ਰਿਆ ਬਾਰੇ ਵੀ ਪਤਾ ਲਗਦਾ ਹੈ। ਇਸ ਔਖੇ ਵਿਸ਼ੇ ਨੂੰ ਪੰਜਾਬੀ ਵਿੱਚ ਲਿਖਕੇ ਪੂਰਾ ਇਨਸਾਫ ਕਰਨਾ ਅਤੇ ਏਨਾ ਸਰਲ ਅਤੇ ਦਿਲਚਸਪ ਬਣਾ ਦੇਣਾ ਕਿ ਹਰੇਕ ਦੀ ਸਮਝ ਵਿੱਚ ਆ ਜਾਵੇ, ਡਾ. ਪੁਸ਼ਪਿੰਦਰ ਜੈਰੂਪ ਨੂੰ ਸਮਰੱਥ ਪੰਜਾਬੀ ਲੇਖਿਕਾ ਦਾ ਦਰਜਾ ਦਿੰਦਾ ਹੈ। ਵਿਗਿਆਨ ਦੀ ਇਸ ਸ਼ਾਖ਼ਾ ਦੇ ਪੰਜਾਬੀ ਵਿੱਚ ਸੌਖੇ ਸ਼ਬਦ ਲੱਭਣੇ ਜਾਂ ਘੜਨੇ ਕੋਈ ਹਾਰੀ ਸਾਰੀ ਦਾ ਕੰਮ ਨਹੀਂ। ਇੱਥੇ ਇਹ ਸੁਝਾਅ ਵੀ ਕਿੰਨਾ ਸਲਾਹੁਣ ਯੋਗ ਹੈ ਕਿ ਬੱਚਿਆ ਦੇ ਜਨਮ ਦਿਨ ਤੇ ਇਹੋ ਜਿਹੀਆਂ ਵਿਗਿਆਨਕ ਜਾਣਕਾਰੀਆਂ ਵਾਲ਼ੀਆਂ ਪੁਸਤਕਾਂ ਤੋਹਫ਼ੇ ਵਜੋਂ ਦੇਣੀਆਂ ਚਾਹੀਦੀਆਂ ਹਨ। ਜਤਿੰਦਰ ਪਨੂੰ ਦੀ ਮੁਲਾਕਾਤ ਦੌਰਾਨ ਪੱਤਰਕਾਰੀ ਦੇ ਕਈ ਪਹਿਲੂਆਂ ਤੇ ਰੌਸ਼ਨੀ ਪੁਆਈ ਗਈ ਹੈ। ਪਨੂੰ ਨੇ ਪੱਤਰਕਾਰੀ ਵਿੱਚ ਆਈ ਸਿਆਸੀ ਦਖ਼ਲ ਅੰਦਾਜ਼ੀ, ਕਾਰਪੋਰੇਟ ਦਾ ਗਲਬਾ ਇਸ਼ਤਿਹਾਰਬਾਜ਼ੀ ਦੀ ਦੌੜ, ਪੱਤਰਕਾਰਾਂ ਦੀਆਂ ਮੁਸ਼ਕਲਾਂ, ਚਣੌਤੀਆਂ ਅਤੇ ਨਿੱਤ ਬਦਲਦੇ ਰੁਝਾਨਾਂ, ਅਤੇ ਰੂਪਾਂ ਬਾਰੇ ਬੇਬਾਕੀ ਨਾਲ ਵਿਚਾਰ ਪੇਸ਼ ਕੀਤੇ ਹਨ।





ਇਨ੍ਹਾਂ ਮੁਲਾਕਾਤਾਂ ਦੇ ਅਖ਼ੀਰ ਵਿੱਚ ਜੋ ਸਵਾਲ ਪੁੱਛਿਆ ਜਾਂਦਾ ਰਿਹਾ ਹੈ ਕਿ ਕੋਈ ਗੱਲ ਜੋ ਪੁੱਛਣ ਤੋਂ ਰਹਿ ਗਈ ਹੋਵੇ ਜਾਂ ਮੁਲਾਕਾਤੀ ਕੁਝ ਕਹਿਣਾ ਜਾਂ ਕੋਈ ਸੁਨੇਹਾ ਦੇਣਾ ਚਾਹੰਦਾ ਹੋਵੇ ਤਾਂ ਜ਼ਰੂਰ ਪ੍ਰਗਟ ਕਰੇ। ਪਰ ਜਤਿੰਦਰ ਪਨੂੰ ਤੋਂ ਇਲਾਵਾ ਹੋਰ ਕਿਸੇ ਨੇ ਵੀ ਕੁਝ ਨਹੀਂ ਕਿਹਾ। ਪਨੂੰ ਨੇ ਇਸ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਨਵੀਂ ਪੀੜ੍ਹੀ ਨੂੰ ਉਂਗਲ ਫੜ ਕੇ ਤੋਰਨ ਦਾ ਯਤਨ ਨਾ ਕਰੋ ਜਦੋਂ ਉਨ੍ਹਾਂ ਦੇ ਸਿਰ ਖੁਦ ਸੋਚਣ ਜੋਗੇ ਹੋਣ। ਪਰ ਬਾਕੀਆਂ ਨੇ ਇਹੋ ਕਿਹਾ ਕਿ ਸਤਨਾਮ ਜੀ ਤੁਸੀਂ ਸਾਡੇ ਕੋਲ਼ੋ ਪੁੱਛ ਹੀ ਏਨਾ ਕੁਝ ਲਿਆ ਕਿ ਸਾਡੇ ਕੋਲ ਦੱਸਣ ਲਈ ਬਾਕੀ ਕੁਝ ਨਹੀਂ ਬਚਿਆ। ਇੱਕ ਲੇਖਕ ਨੇ ਤਾਂ ਇੱਥੇ ਤਕ ਵੀ ਕਹਿ ਦਿੱਤਾ ਕਿ ਤੁਸੀਂ ਤਾਂ ਸਵਾਲ ਪੁੱਛ ਕੇ ਮੇਰੀ ਸਵੈ-ਜੀਵਨੀ ਦਾ ਖਰੜਾ ਹੀ ਤਿਆਰ ਕਰ ਦਿੱਤਾ ਹੈ। ਇੱਕ ਮੁਲਾਕਾਤ ਕਰਨ ਵਾਲੇ ਦੀ ਸਫ਼ਲਤਾ, ਸਮਰੱਥਾ ਅਤੇ ਕਾਬਲੀਅਤ ਬਾਰੇ ਇਸ ਤੋਂ ਵੱਡੀ ਜਾਂ ਵਧੀਆ ਟਿਪਣੀ ਨਹੀਂ ਹੋ ਸਕਦੀ। ਸੋ, ਸਤਨਾਮ ਢਾਅ ਨੂੰ ਇੱਕ ਅਜਿਹੇ ਹੰਢੇ ਹੋਏ ਪ੍ਰੌਢ ਮੁਲਾਕਾਤਕਾਰ ਦਾ ਦਰਜਾ ਮਿਲਣ ਤੇ ਉਹ ਵਧਾਈ ਦਾ ਹੱਕਦਾਰ ਹੈ।

ਇਸ ਕਿਤਾਬ ਦੀ ਛਪਾਈ ਸੁੰਦਰ ਹੈ। ਸ਼ਬਦ-ਜੋੜਾਂ ਅਤੇ ਵਾਕ ਅੰਸ਼ਾਂ ਦੀਆਂ ਗ਼ਲਤੀਆਂ ਨਹੀਂ ਹਨ। ਰੰਗਦਾਰ ਟਾਈਟਲ, ਕਵਰ, ਮੁਲਾਕਾਤੀਆਂ ਦੀਆਂ ਫੋਟੋਆਂ ਅਤੇ ਉਨ੍ਹਾਂ ਦੀਆਂ ਹੱਥ ਲਿਖਤਾਂ ਦੇ ਨਮੂਨਿਆਂ ਦਾ ਉਤਾਰਾ ਇਸ ਪੁਸਤਕ ਦੀ ਦਿੱਖ ਨੂੰ ਚਾਰ ਚੰਨ ਲਾਉਦੇ ਹਨ। ਤਿੰਨ ਉੱਘੇ ਵਿਦਵਾਨਾਂ ਦੁਆਰਾ ਪੁਸਤਕ ਦੇ ਸ਼ੁਰੂ ਵਿੱਚ ਦਿੱਤੇ ਗਏ ਵਿਚਾਰ ਪੁਸਤਕ ਵਿਚਲੀ ਸਮੱਗਰੀ ਨੂੰ ਮਿਆਰ ਬਖ਼ਸ਼ਦੇ ਹਨ। ਇਸ ਵਿੱਚ ਕੋਈ ਸੰਦੇਹ ਨਹੀਂ ਕਿ ਸਤਨਾਮ ਢਾਅ ਦੀਆਂ ਪਹਿਲੀਆਂ ਪੁਸਤਕਾਂ ਵਾਂਗ ਇਹ ਪੁਸਤਕ ਵੀ ਪਾਠਕਾਂ, ਸਿੱਖਿਆਰਥੀਆਂ, ਖੋਜੀਆਂ ਤੇ ਸਾਹਿਤ ਪ੍ਰੇਮੀਆਂ ਦੀ ਜਗਿਆਸਾ ਦੀ ਤ੍ਰਿਪਤੀ ਅਤੇ ਲੋੜੀਂਦੀ ਪੂਰਤੀ ਕਰਨ ਵਿੱਚ ਸਹਾਈ ਹੋਵੇਗੀ। ਅਜਿਹੀਆਂ ਲਿਖਤਾਂ ਮੰਨੇ ਪ੍ਰਮੰਨੇ, ਲੇਖਕਾਂ ਅਤੇ ਗੌਲਣਯੋਗ ਸ਼ਖ਼ਸ਼ੀਅਤਾਂ ਨੂੰ ਪਾਠਕਾਂ ਦੇ ਐਨ ਰੂ-ਬ-ਰੂ ਕਰਦੀਆਂ ਹਨ। ਸਤਨਾਮ ਢਾਅ ਤੋਂ ਅਜਿਹੀਆਂ ਹੋਰ ਪੁਸਤਕਾਂ ਦੀ ਉਮੀਦ ਕਰਨੀ ਬਣਦੀ ਹੈ।

# ਪੰਜਾਬ ਤਾਂ ਕੈਨੇਡਾ ਵਰਗਾ ਬਣਨਾ ਨਹੀਂ, ਪਰ ਅਸੀਂ ਕੈਨੇਡਾ ਨੂੰ ਜ਼ਰੂਰ ਪੰਜਾਬ ਵਰਗਾ ਬਣਾ ਦਿਆਂਗੇ

**ਪੰਜਾਬੀ ਨੌਜਵਾਨਾਂ ਵੱਲੋਂ ਕੈਨੇਡਾ ਵਿੱਚ ਕੀਤੀਆਂ ਜਾ ਰਹੀਆਂ ਮਾੜੀਆਂ ਹਰਕਤਾਂ ਦੀ ਕੋਈ ਨਾ ਕੋਈ ਵੀਡੀਉ ਮਹੀਨੇ ਦਸਾਂ ਦਿਨਾਂ ਬਾਅਦ ਵਾਇਰਲ ਹੋ ਹੀ ਜਾਂਦੀ ਹੈ। ਕੁਝ ਦਿਨ ਪਹਿਲਾਂ ਇੱਕ ਮਾਰਕੀਟ ਵਿੱਚ ਵਿਦਿਆਡਰਥੀਆਂ ਦੇ ਦੋ ਧੜਿਆਂ ਵਿੱਚਕਾਰ ਜੰਮ ਕੇ ਹੋਈ ਲੜਾਈ ਦੌਰਾਨ ਖੁਲ੍ਹ ਕੇ ਕਿਰਪਾਨਾਂ ਦੀ ਵਰਤੋਂ ਕੀਤੀ ਗਈ ਸੀ। ਸਰੀ ਵਿਖੇ ਹੋਈ ਇੱਕ ਹੋਰ ਘਟਨਾ ਵਿੱਚ ਪੰਜਾਬੀ ਨੌਜਵਾਨਾਂ ਦੇ ਇੱਕ ਇਕੱਠ ਵੱਲੋਂ ਪੁਲਿਸ ਦੀ ਗੱਡੀ ਘੇਰ ਕੇ ਅਫਸਰ ਨਾਲ ਮਾੜਾ ਵਿਵਹਾਰ ਕੀਤਾ ਜਾ ਰਿਹਾ ਸੀ। ਕੈਨੇਡੀਅਨ ਪੁਲਿਸ ਅਮਰੀਕੀ ਪੁਲਿਸ ਨਾਲੋਂ ਬਹੁਤ ਜਿਆਦਾ ਨਰਮ ਹੈ। ਉਥੇ ਤਾਂ ਪੁਲਿਸ ਵਾਲੇ ਅਜਿਹੀ ਹਰਕਤ ਕਰਨ 'ਤੇ ਗੋਲੀ ਚਲਾਉਣ ਲੱਗਿਆਂ ਮਿੰਟ ਲਗਾਉਂਦੇ ਹਨ।**



ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਮੋ. 9501100062

ਇਸ ਦੀਵਾਲੀ 'ਤੇਕੈਨੇਡਾ ਦੇ ਸ਼ਹਿਰ ਬਰੈਂਪਟਨ, ਮਾਲਟਨ ਅਤੇ ਮਿਸੀਸਾਗਾ ਵਿਖੇਪੰਜਾਬੀਆਂ ਵੱਲੋਂ ਕੀਤੀਆਂ ਗਈਆਂ ਸ਼ਰਮਨਾਕ ਹਰਕਤਾਂ ਦੀਆਂ ਕਈ ਵੀਡੀਉ ਸੋਸ਼ਲ ਮੀਡੀਆ 'ਤੇ ਖ਼ੂਬ ਵਾਇਰਲ ਹੋ ਰਹੀਆਂ ਹਨ। ਇਸ ਮੌਕੇ ਭਾਰਤੀਆਂ ਅਤੇ ਖਾਸ ਤੌਰ 'ਤੇ ਪੰਜਾਬੀਆਂ ਨੇ ਰੱਜ ਕੇ ਕੈਨੇਡਾ ਦੇ ਨਰਮ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਹਨ। ਜਿਸ ਅਫਸਰ ਨੇ ਇਹਨਾਂ ਨੂੰ ਆਤਸ਼ਬਾਜ਼ੀ ਚਲਾਉਣ ਦੀ ਅਗਿਆ ਦਿੱਤੀ ਹੋਵੇਗੀ, ਉਹ ਜਰੂਰ ਕਿਤੇ ਬੈਠਾ ਆਪਣੇ ਸਿਰ ਦੇ ਵਾਲ ਪੁੱਟ ਰਿਹਾ ਹੋਵੇਗਾ। ਕਈ ਪਾਰਕਿੰਗਾਂਅਗਲੇ ਦਿਨ ਤੱਕਪਟਾਕਿਆਂ ਦੀ ਰਹਿੰਦ ਖੂੰਹਦ ਨਾਲ ਭਰੀਆਂ ਪਈਆਂ ਸਨ। ਕੈਨੇਡਾ ਵਿੱਚ ਜਦੋਂ ਵੀ ਕਿਸੇ ਨੂੰ ਪਾਰਕ ਆਦਿ ਵਿੱਚ ਕੋਈ ਫੰਕਸ਼ਨ ਕਰਨ ਦੀ ਆਗਿਆ ਮਿਲਦੀ ਹੈ ਤਾਂ ਉਸ ਦੀ ਪਹਿਲੀ ਸ਼ਰਤ ਇਹ ਹੁੰਦੀ ਹੈ ਕਿ ਪ੍ਰਬੰਧਕ ਸਮਾਗਮ ਖਤਮ ਹੋਣ ਤੋਂ ਬਾਅਦ ਸਫਾਈ ਕਰ ਕੇ ਜਾਣਗੇ। ਪਰ ਭਾਰਤੀਆਂ ਨੂੰ ਸਫਾਈਕਿੱਥੇ ਚੰਗੀ ਲੱਗਦੀ ਹੈ ? ਇੱਕ ਵੀਡੀਉ ਵਿੱਚ ਤਾਂ ਇੱਕ ਗੋਰਾ ਪਾਰਕਿੰਗ ਵਿੱਚ ਖਲੋ ਕੇ ਗੰਦ ਪਾਉਣ ਵਾਲੇ ਸਾਡੇ ਲੋਕਾਂ ਨੂੰ ਉੱਚੀ ਉੱਚੀ ਗਾਲ੍ਹਾਂ ਕੱਢ ਰਿਹਾ ਹੈ। ਦੀਵਾਲੀ ਵਾਲੇ ਦਿਨ ਹੀ ਟੋਰਾਂਟੋ ਦੇ ਇੱਕ ਹੋਰ ਉੱਪ ਨਗਰ ਮਿਸੀਸਾਗਾ ਵਿੱਚ ਕਥਿੱਤ ਖਾਲਿਸਤਾਨ ਦੇ ਵਿਰੋਧੀ ਤੇ ਹਮਾਇਤੀ ਰੱਜ ਕੇ ਛਿੱਤਰੋ ਛਿੱਤਰੀ ਹੋਏ ਹਨ।

ਕੈਨੇਡਾ ਦੇ ਜਿਸ ਸ਼ਹਿਰ (ਬਰੈਂਪਟਨ, ਸਰੀ ਆਦਿ) ਵਿੱਚ ਭਾਰਤੀਆਂ ਤੇ ਖਾਸ ਤੌਰ 'ਤੇ ਪੰਜਾਬੀਆਂ ਦੀ ਗਿਣਤੀ ਵਧ ਜਾਂਦੀ ਹੈ ਤਾਂ ਗੋਰੇ ਉਹ ਸ਼ਹਿਰ ਹੀ ਛੱਡ ਜਾਂਦੇ ਹਨ। ਆਪਣੇ ਆਪ ਨੂੰ ਦੇਸੀ ਸਾਬਤ ਕਰਨ ਲਈ ਸਿਰ 'ਤੇ ਡੱਬੀਆਂ ਵਾਲਾ ਸਾਫਾ, ਪੈਰੀਂ ਕੈਂਚੀ ਚੱਪਲਾਂ ਅਤੇ ਸ਼ਰਟ ਨਾਲ ਸੜਿਆ ਹੋਇਆ ਪਜਾਮਾ ਪਾ ਕੇ ਪੰਜਾਬੀ ਆਮ ਹੀ ਘੁੰਮਦੇ ਹੋਏ ਵੇਖੇ ਜਾ ਸਕਦੇ ਹਨ। ਬਰੈਂਪਟਨ ਵਿੱਚ ਤਾਂ ਦੁਨੀਆਂ ਹੀ ਅਲੱਗ ਵੱਸਦੀ ਹੈ। ਨੌਜਵਾਨ ਕਾਰਾਂ ਵਿੱਚ ਉੱਚੀ ਉੱਚੀ ਡੈੱਕ ਲਗਾ ਕੇ ਹਾਰਨ ਮਾਰਦੇ ਫਿਰਦੇ ਹਨ। ਕੋਈ ਵੀ ਆਪਣੇ ਪਾਲਤੂ ਕੁੱਤਿਆਂ ਦਾ ਗੰਦ ਸੜਕ ਉੱਪਰੋਂ ਸਾਫ ਨਹੀਂ ਕਰਦਾ। ਸੰਸਾਰ ਦੀਆਂ ਸੈਂਕੜੇ ਕੌਮਾਂ ਦੇ ਕਰੋੜਾਂ ਲੋਕ ਪੱਛਮੀ ਦੇਸ਼ਾਂ ਵਿੱਚ ਵੱਸਦੇ ਹਨ। ਪਰ ਕੁਝ ਪੰਜਾਬੀਆਂ ਵੱਲੋਂ ਜੋ ਜਲੂਸ ਆਪਣੀ ਕੌਮ ਦਾ ਕੱਢਿਆ ਜਾ ਰਿਹਾ ਹੈ, ਉਹ ਕੰਮ ਕਿਸੇ ਹੋਰ ਕੌਮ ਵੱਲੋਂ ਨਹੀਂ ਕੀਤਾ ਜਾ ਰਿਹਾ। ਰੋਜ਼ਾਨਾ ਰੈਫਰੈਂਡਮ ਵਰਗੇ ਕਿਸੇ ਫਜ਼ੂਲ ਦੇ ਮੁੱਦੇ 'ਤੇ ਕੈਨੇਡਾ ਵਰਗੇ ਸ਼ਾਂਤੀ ਪਸੰਦ ਦੇਸ਼ ਦੇ ਵਸਨੀਕਾਂ ਨੂੰ ਤੰਗ ਕੀਤਾ ਜਾ ਰਿਹਾ ਹੈ। ਲੱਖਾਂ ਵਿਦੇਸ਼ੀ ਵਿਦਿਆਰਥੀਆਂ ਨੂੰ ਸਟੱਡੀ ਵੀਜ਼ਾ ਦੇ ਕੇ ਉਥੇ ਵੱਸਣ ਦਾ ਜੋ ਮੌਕਾ ਦਿੱਤਾ ਜਾ ਰਿਹਾ ਹੈ, ਉਹ ਕੈਨੇਡਾ ਸਰਕਾਰ ਦੀ ਕੋਈ ਮਜ਼ਬੂਰੀ ਨਹੀਂਬਲਕਿ ਦਰਿਆ ਦਿਲੀ ਹੈ। ਪਰ ਪੰਜਾਬ ਤੋਂ ਗਏ ਕੁਝ ਵਿਦਿਆਰਥੀਆਂ ਅਤੇ ਸਿਟੀਜ਼ਨ ਪੰਜਾਬੀਆਂ ਦੀਆਂ ਅਜਿਹੀਆਂ ਸ਼ਰਮਨਾਕ ਹਰਕਤਾਂ ਤੋਂ ਲੱਗਦਾ ਹੈ ਕਿ ਕਿਸੇ ਦਿਨ ਕੈਨੇਡਾ ਨੇ ਸਾਡੇ ਵੀਜ਼ੇ ਲਗਾਉਣੇ ਹੀ ਬੰਦ ਕਰ ਦੇਣੇ ਹਨ।



ਸਾਡੇ ਲੋਕ ਕਿਤੇ ਵੀ ਜਾਣ, ਆਪਣੀਆਂ ਘਟੀਆ ਕਰਤੂਤਾਂ ਤੋਂ ਬਾਜ਼ ਨਹੀਂ ਆਉਂਦੇ। ਪਿੱਛੇ ਜਿਹੇ ਵਾਇਰਲ ਹੋਈ ਇੱਕ ਵੀਡੀਉ ਵਿੱਚ ਇੱਕ ਵਿਅਕਤੀ ਕੈਨੇਡਾ ਦੀ ਫਲਾਈਟ ਵਿੱਚ ਬੈਠਾ ਤੰਬਾਕੂ ਮਲ ਰਿਹਾ ਸੀ। ਉਥੇ ਹੁਣ ਪੰਜਾਬੀਇਲਾਕਿਆ ਦੇ ਪਬਲਿਕ ਟਾਇਲਟਾਂ ਵਿੱਚ ਤੰਬਾਕੂ ਥੁੱਕਿਆ ਆਮ ਹੀ ਦਿਖਾਈ ਦੇ ਜਾਂਦਾ ਹੈ ਤੇ ਦੇਸੀ ਦੁਕਾਨਾਂ ਵਿੱਚ ਤੰਬਾਕੂ ਦੀਆਂ ਪੁੜੀਆਂ ਅਸਾਨੀ ਨਾਲ ਮੁਹੱਈਆ ਹਨ।ਬਹੁਤੇ ਪੰਜਾਬੀ ਸ਼ਰਾਬ ਬਿਨਾਂ ਨਹੀਂ ਰਹਿ ਸਕਦੇ ਪਰ ਕੈਨੇਡਾ ਵਿੱਚ ਸ਼ਰਾਬ ਬਹੁਤ ਮਹਿੰਗੀ ਹੈ। ਇਸ ਲਈ ਕਈ ਸੂਰਮੇ ਜੁਗਾੜ ਲਗਾ ਕੇ ਘਰ ਹੀ ਸ਼ਰਾਬ ਕੱਢ ਲੈਂਦੇ ਹਨ। ਸਾਲ ਕੁ ਪਹਿਲਾਂ ਟੂਰਿਸਟ ਵੀਜ਼ੇ 'ਤੇ ਗਿਆ ਇੱਕ ਮੂਰਖ ਕਿਰਾਏ ਦੀ ਬੇਸਮੈਂਟ ਵਿੱਚ ਦੇਸੀ ਸ਼ਰਾਬ ਕੱਢ ਰਿਹਾ ਸੀ ਤਾਂ ਗੈਸ ਫਟ ਗਈ। ਉਹ ਆਪ ਤਾਂ ਕਿਸੇ ਤਰਾਂ ਮਰਨੋਂ ਬਚ ਗਿਆ ਪਰ ਬੇਸਮੈਂਟ ਅਤੇ ਘਰ ਦਾ ਕਾਫੀ ਹਿੱਸਾ ਬਰਬਾਦ ਹੋ ਗਿਆ। ਗੈਰ ਕਾਨੂੰਨੀ ਦੁਰਘਟਨਾਦੇ ਸਿੱਟੇ ਵਜੋਂ ਘਰ ਸੜ ਜਾਣ ਕਾਰਨ ਘਰ ਦੇ ਮਾਲਕ ਨੂੰ ਕੋਈ ਬੀਮਾ ਵੀ ਨਾ ਮਿਲਿਆ। ਖੁਦ ਤਾਂ ਅਗਲੀ ਫਲਾਈਟ ਰਾਹੀਂ ਡੀਪੋਰਟ ਹੋ ਗਿਆ, ਪਰ ਵਿਚਾਰੇ ਘਰ ਦੇ ਮਾਲਕ ਦਾ ਹਜ਼ਾਰਾਂ ਡਾਲਰਾਂ ਦਾ ਨੁਕਸਾਨ ਕਰ ਆਇਆ।

ਪੰਜਾਬੀ ਨੌਜਵਾਨਾਂ ਵੱਲੋਂ ਕੈਨੇਡਾ ਵਿੱਚ ਕੀਤੀਆਂ ਜਾ ਰਹੀਆਂ ਮਾੜੀਆਂ ਹਰਕਤਾਂ ਦੀ ਕੋਈ ਨਾ ਕੋਈ ਵੀਡੀਉ ਮਹੀਨੇ ਦਸਾਂ ਦਿਨਾਂ ਬਾਅਦ ਵਾਇਰਲ ਹੋ ਹੀ ਜਾਂਦੀ ਹੈ। ਕੁਝ ਦਿਨ ਪਹਿਲਾਂ ਇੱਕ ਮਾਰਕੀਟ ਵਿੱਚ ਵਿਦਿਆਡਰਥੀਆਂ ਦੇ ਦੋ ਧੜਿਆਂ ਵਿੱਚਕਾਰ ਜੰਮ ਕੇ ਹੋਈ ਲੜਾਈ ਦੌਰਾਨ ਖੁਲ੍ਹ ਕੇ ਕਿਰਪਾਨਾਂ ਦੀ ਵਰਤੋਂ ਕੀਤੀ ਗਈ ਸੀ। ਸਰੀ ਵਿਖੇ ਹੋਈ ਇੱਕ ਹੋਰ ਘਟਨਾ ਵਿੱਚ ਪੰਜਾਬੀ ਨੌਜਵਾਨਾਂ ਦੇ ਇੱਕ ਇਕੱਠ ਵੱਲੋਂ ਪੁਲਿਸ ਦੀ ਗੱਡੀ ਘੇਰ ਕੇ ਅਫਸਰ ਨਾਲ ਮਾੜਾ ਵਿਵਹਾਰ ਕੀਤਾ ਜਾ ਰਿਹਾ ਸੀ। ਕੈਨੇਡੀਅਨ ਪੁਲਿਸ ਅਮਰੀਕੀ ਪੁਲਿਸ ਨਾਲੋਂ ਬਹੁਤ ਜਿਆਦਾ ਨਰਮ ਹੈ। ਉਥੇ ਤਾਂ ਪੁਲਿਸ ਵਾਲੇ ਅਜਿਹੀ ਹਰਕਤ ਕਰਨ 'ਤੇ ਗੋਲੀ ਚਲਾਉਣ ਲੱਗਿਆਂ ਮਿੰਟ ਲਗਾਉਂਦੇ ਹਨ। ਪਿਉ ਤੋਂ ਜ਼ਮੀਨਾ ਗਹਿਣੇ ਰਖਵਾ ਕੇ ਲੱਖਾਂ ਰੁਪਏ ਖਰਚਾ ਕੇ ਕੈਨੇਡਾ ਪਹੁੰਚੇ ਵਿਦਿਆਰਥੀ ਬਹੁਤ ਸ਼ਾਨ ਨਾਲ ਆਪਣੇ ਨਾਮ ਨਾਲ ਸਰਪੰਚ ਅਤੇ ਨੰਬਰਦਾਰ ਵਰਗੇ ਤਖੱਲਸ ਲਗਾਈ ਫਿਰਦੇ ਹਨ। ਪਰ ਗਲਤ ਹਰਕਤਾਂ ਕਰਨ ਕਾਰਨ ਅਜਿਹੇ ਕਈ ਪੰਚ, ਸਰਪੰਚ ਅਤੇ ਨੰਬਰਦਾਰ ਇੰਡੀਆ ਡੀਪੋਰਟ ਕੀਤੇ ਜਾ ਚੁੱਕੇ ਹਨ।

ਵਿਦੇਸ਼ਾਂ ਵਿੱਚ ਸੈਂਕੜੇ ਕੌਮੀਅਤਾਂ ਦੇ ਲੋਕ ਵੱਸਦੇ ਹਨ ਜੋ ਆਪਣੇ ਕੰਮ ਨਾਲ ਕੰਮ ਰੱਖਦੇ ਹਨ। ਪਰ ਪੰਜਾਬੀਆਂ ਨੂੰ ਕੁਝ ਜਿਆਦਾ ਹੀ ਮਰਨ ਮਿੱਟੀ ਚੜ੍ਹੀ ਹੋਈ ਹੈ। ਕੈਨੇਡਾ ਵਿੱਚ ਪੰਜਾਬੀਆਂ ਤੋਂ ਇਲਾਵਾ ਕਿਸੇ ਹੋਰ ਕੌਮ ਵੱਲੋਂ ਧਾਰਮਿਕ ਸਥਾਨ ਦੇ ਕਬਜ਼ੇ ਖਾਤਰ ਛਿੱਤਰੋ ਛਿੱਤਰੋ ਹੁੰਦੇ ਅਤੇ ਇੱਕ ਦੂਸਰੇ ਦੇ ਧਾਰਮਿਕ ਚਿੰਨ੍ਹਾਂ ਦੀ ਸ਼ਰੇਆਮ ਬੇਇੱਜ਼ਤੀ ਕਰਨ ਦੀ ਕਦੇ ਕੋਈ ਖਬਰ ਨਹੀਂ ਆਈ।

ਇਸ ਤੋਂ ਇਲਾਵਾ ਇੱਹ ਵੀ ਅਟੱਲ ਸੱਚਾਈ ਹੈ ਕਿ ਪੰਜਾਬੀ ਜਦੋਂ ਵੀ ਕੋਈ ਗਲਤੀ ਕਰਦੇ ਹਨ ਤਾਂ ਆਪਣੀ ਵੇਸ਼ ਭੂਸ਼ਾ ਕਾਰਨ ਦੂਰੋਂ ਹੀ ਪਹਿਚਾਣੇ ਜਾਂਦੇ ਹਨ। ਸਭ ਤੋਂ ਜਿਆਦਾ ਪੰਜਾਬੀ ਹੀ ਸੜਕਾਂ ਕਿਨਾਰੇ ਪਿਸ਼ਾਬ ਕਰਦੇ ਹੋਏ ਪਕੜੇ ਗਏ ਹਨ। ਚੰਦ ਬੰਦਿਆਂ ਦੀਆਂ ਅਜਿਹੀਆਂ ਕਰਤੂਤਾਂ ਕਾਰਨ ਸਾਰੇ ਭਾਈਚਾਰੇ ਦਾ ਨਾਮ ਬਦਨਾਮ ਹੋ ਰਿਹਾ ਹੈ। ਇਸ ਕਾਰਨ ਹੀ ਕੈਨੇਡਾ ਸਰਕਾਰ ਸਖਤ ਹੁੰਦੀ ਜਾਂ ਰਹੀ ਹੈ। ਕੁਝ ਮਹੀਨਿਆਂ ਤੋਂ 8 ਬੈਂਡ ਲੈਣ ਵਾਲੇਵਿਦਿਆਰਥੀਆ ਦੇ ਵੀ ਸਟੂਡੈਂਟ ਵੀਜ਼ੇ ਰਿਜੈਕਟ ਹੋ ਰਹੇ ਹਨ। ਜੋ ਘਟੀਆ ਕਰਤੂਤ ਬਰੈਂਪਟਨ ਆਦਿ ਦੇ ਕੁਝ ਸਿਰ ਫਿਰਿਆਂ ਨੇ ਕੀਤੀ ਹੈ, ਉਸ ਤੋਂ ਲੱਗਦਾ ਨਹੀਂ ਕਿ ਭਵਿੱਖ ਵਿੱਚਕਦੇ ਕੈਨੇਡਾ ਵਿੱਚ ਕਿਸੇ ਨੂੰ ਦੀਵਾਲੀ ਸਮੇਂ ਪਟਾਖੇ ਚਲਾਉਣ ਦੀ ਅਗਿਆ ਦੁਬਾਰਾ ਮਿਲੇ।

# ਆਮ ਫਿਲਮਾਂ ਤੋਂ ਵੱਖਰੀ 'ਤੇ ਬੇਹੱਦ ਹੀ ਦਿਲਚਸਪ ਹੋਵੇਗੀ ਐਮੀ ਵਿਰਕ ਤੇ ਤਾਨੀਆ ਦੀ ਫ਼ਿਲਮ 'ਓਏ ਮੱਖਣਾ'



ਹਰਜਿੰਦਰ ਸਿੰਘ ਜਵੰਦਾ
9463828000


ਪੰਜਾਬੀ ਸਿਨੇਮਾਂ ਹੁਣ ਤੇਜ਼ੀ ਨਾਲ ਅੱਗੇ ਵੱਧ ਰਿਹਾ ਹੈ ਤੇ ਨਵੇਂ-ਨਵੇਂ ਵਿਸ਼ਿਆਂ ਦੀ ਫਿਲਮਾਂ ਦਰਸ਼ਕਾਂ ਦੀ ਝੋਲੀ ਪਾ ਰਿਹਾ ਹੈ।ਦਰਸ਼ਕ ਵੀ ਹੁਣ ਰਲਦੇ-ਮਿਲਦੇ ਵਿਸ਼ਿਆਂ ਵਾਲੀਆਂ ਫਿਲਮਾਂ ਨੂੰ ਨਕਾਰ ਕੇ ਕੁਝ ਵੱਖਰਾ ਵੇਖਣ ਦੀ ਚਾਹਤ ਰੱਖਦੇ ਹਨ।ਇਸੇ ਰੁਝਾਨ ਤਹਿਤ 'ਯੋਡਲੀ ਫ਼ਿਲਮਜ਼' ਬੈਨਰ ਇੱਕ ਵੱਖਰੇ ਵਿਸ਼ੇ ਦੀ ਆਪਣੀ ਨਵੀਂ ਫਿਲਮ 'ਓਏ ਮੱਖਣਾ' 4 ਨਵੰਬਰ ਨੂੰ ਦਰਸ਼ਕਾਂ ਦੇ ਰੂਬਰੂ ਕਰਨ ਜਾ ਰਿਹਾ ਹੈ।ਇਸ ਫ਼ਿਲਮ ਦੀ ਨਾਇਕ ਜੋੜੀ ਪੰਜਾਬੀ ਸਿਨਮੇ ਦੀ ਸੁਪਰ ਸਟਾਰ ਐਮੀ ਵਿਰਕ ਤੇ ਤਾਨੀਆ ਹੈ।ਇਸ ਫ਼ਿਲਮ ਦੀ ਕਹਾਣੀ ਰਾਕੇਸ਼ ਧਵਨ ਨੇ ਲਿਖੀ ਹੈ, ਜੋ ਲਗਾਤਾਰ ਆਪਣੀ ਲੇਖਣੀ ਨਾਲ ਦਰਸ਼ਕਾਂ ਦਾ ਦਿਲ ਜਿੱਤ ਰਹੇ ਹਨ ਅਤੇ ਉਨਾਂ ਦੀ ਇਸ ਫਿਲਮ ਵਿੱਚ ਦਰਸ਼ਕਾਂ ਨੂੰ ਇੱਕ ਵਿਲੱਖਣ ਅਤੇ ਮਨੋਰੰਜਕ ਪ੍ਰੇਮ ਕਹਾਣੀ ਦੇਖਣ ਨੂੰ ਮਿਲੇਗੀ। ਆਪਣੇ ਸੱਚੇ ਪਿਆਰ ਨੂੰ ਪਾਉਣ ਲਈ ਹਰ ਕੋਈ ਜੀਅ ਜਾਨ ਜਗਾ ਦਿੰਦਾ ਹੈ, ਫਿਰ ਚਾਹੇ ਉਸਦੇ ਲਈ ਗ਼ਲਤ, ਬੇਤੁਕਾ, ਅਜੀਬ ਕੋਈ ਵੀ ਤਰੀਕਾ ਕਿਉਂ ਨਾ ਅਪਣਾਉਣਾ ਪਵੇ, ਉਹ ਪਿੱਛੇ ਨਹੀਂ ਹਟਦੇ। ਇਸੇ ਤਰ੍ਹਾਂ ਫਿਲਮ 'ਓਏ ਮੱਖਣਾ' ਦੇ ਵਿੱਚ ਐਮੀ ਵਿਰਕ ਨੂੰ ਤਾਨਿਆ ਦੀ ਸਿਰਫ਼ ਅੱਖਾਂ ਦੇਖ ਦੇ ਹੀ ਉਸਦੇ ਨਾਲ ਪਿਆਰ ਹੋ ਜਾਂਦਾ ਹੈ।ਐਮੀ, ਤਾਨਿਆ ਨਾਲ ਆਪਣੀ ਜੋੜੀ ਫਿੱਟ ਕਰਨ ਲਈ ਵਾਰ ਵਾਰ ਅਜੀਬੋ ਗਰੀਬ ਤਰੀਕੇ ਅਪਣਾਉਂਦਾ ਹੈ। ਇਹ ਅਜੀਬ



ਤਰੀਕਿਆਂ ਨਾਲ ਹੀ ਫਿਲਮ ਦੇ ਵਿੱਚ ਮਜ਼ੇਦਾਰ ਕਮੇਡੀ ਪੈਦਾ ਹੁੰਦੀ ਹੈ, ਜੋ ਦਰਸ਼ਕਾਂ ਦੇ ਢਿੱਡੀਂ ਪੀੜ੍ਹਾਂ ਪਾਉਣ ਲਈ ਮਜਬੂਰ ਕਰੇਗੀ। ਹੁਣ ਦੇਖਣਾ ਹੋਵੇਗਾ, ਐਮੀ ਤੇ ਤਾਨਿਆ ਦੀ ਪ੍ਰੇਮ ਕਹਾਣੀ ਕਿਵੇਂ ਪੂਰੀ ਹੋਵੇਗੀ? ਕਿਵੇਂ ਆਪਣੇ ਸੁਪਨਿਆ ਦੀ ਰਾਣੀ ਨੂੰ ਐਮੀ ਪਾ ਸਕੇਗਾ? ਹੁਣ ਦਰਸ਼ਕ ਫਿਲਮ ਦੀ ਕਹਾਣੀ ਨੂੰ ਲੈ ਕੇ ਅੰਦਾਜ਼ੇ ਲਗਾ ਰਹੇ ਨੇ ਤੇ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਨ।ਫ਼ਿਲਮ ਵਿੱਚ ਐਮੀ ਵਿਰਕ ਤੇ ਤਾਨੀਆ ਦੇ ਨਾਲ ਗੁੱਗੂ ਗਿੱਲ, ਸਿੱਧੀਕਾ ਸ਼ਰਮਾ, ਸੁਖਵਿੰਦਰ ਚਾਹਲ, ਹਰਦੀਪ ਗਿੱਲ, ਤਰਸੇਮ ਪੌਲ, ਦੀਦਾਰ ਗਿੱਲ, ਸਤਵੰਤ ਕੌਰ, ਰੋਜ਼ ਜੇ. ਕੌਰ, ਮੰਜੂ ਮਾਹਲ ਤੇ ਪਰਮਿੰਦਰ ਗਿੱਲ ਵੀ ਅਹਿਮ ਭੂਮਿਕਾ ਨਿਭਾਅ ਰਹੇ ਹਨ। ਫਿਲਮ ਦਾ ਨਿਰਦੇਸ਼ਨ ਨਿਰਦੇਸ਼ਕ ਸਿਮਰਜੀਤ ਸਿੰਘ ਵਲੋਂ ਕੀਤਾ ਗਿਆ ਹੈ, ਜਿਨ੍ਹਾਂ ਨੇ 'ਅੰਗਰੇਜ਼' ਤੇ 'ਵਰਗੀਆਂ ਬਲਾਕਬਸਟਰ ਫ਼ਿਲਮਾਂ ਦਿੱਤੀਆਂ ਹਨ।




# ਭਾਰਤ ਉਤੇ ਹਿੰਦੀ ਦਾ ਗਲਬਾ ਕਿਉਂ?



ਗੁਰਮੀਤ ਸਿੰਘ ਪਲਾਹੀ
-9815802070

ਭਾਰਤ ਦੇ ਗ੍ਰਿਹ ਮੰਤਰੀ ਅਮਿਤ ਸ਼ਾਹ, ਜੋ ਰਾਜ ਭਾਸ਼ਾ ਕਮੇਟੀ ਦੇ ਮੁਖੀ ਹਨ, ਉਹਨਾ ਨੇ 9 ਸਤੰਬਰ 2022 ਨੂੰ ਰਾਜ ਭਾਸ਼ਾ ਕਮੇਟੀ ਦੀ ਬਾਹਰਵੀਂ ਰਿਪੋਰਟ ਦੇਸ਼ ਦੇ ਰਾਸ਼ਟਰਪਤੀ ਨੂੰ ਸੌਂਪੀ।ਇਸ ਰਿਪੋਰਟ ਨੂੰ ਪੂਰੀ ਤਰ੍ਹਾਂ ਗੁਪਤ ਰੱਖਿਆ ਗਿਆ। ਇਸ ਸਬੰਧ ਵਿੱਚ ਕੋਈ ਵੀ ਖ਼ਬਰ ਮੀਡੀਆ 'ਚ ਛਾਇਆ ਨਹੀਂ ਕੀਤੀ ਗਈ ਹਾਲਾਂਕਿ ਕੇਂਦਰ ਸਰਕਾਰ ਵਲੋਂ ਜੇਕਰ ਕੋਈ ਸਧਾਰਨ ਕੰਮ ਵੀ ਕੀਤਾ ਜਾਂਦਾ ਹੈ, ਉਸਦੀ ਡੌਂਡੀ ਪਿੱਟੀ ਜਾਂਦੀ ਹੈ ਅਤੇ ਸਰਕਾਰ ਦੇ ਗੁਣਗਾਣ ਕਰਨ ਲਈ "ਗੋਦੀ ਮੀਡੀਆ" ਨੂੰ ਉਤਸ਼ਾਹਤ ਕੀਤਾ ਜਾਂਦਾ ਹੈ।

ਮੈਗਜ਼ੀਨ "ਦੀ ਪਰਿੰਟ" ਨੇ ਇਹ ਰਿਪੋਰਟ ਛਾਇਆ ਕੀਤੀ ਹੈ। ਇਸ ਰਿਪੋਰਟ ਦੀਆਂ ਮੁੱਖ ਗੱਲਾਂ ਪੜ੍ਹਨ ਯੋਗ ਹਨ:-

1. ਕੇਂਦਰੀ ਯੂਨੀਵਰਸਿਟੀਆਂ, ਆਈ ਆਈ ਟੀ (ਇੰਡੀਅਨ ਇਨਸਟੀਚੀਊਟ ਆਫ ਟੈਕਨੋਲੌਜੀ, ਆਈ.ਆਈ. ਐਮ.(ਇੰਡੀਅਨ ਇੰਸਟੀਚੀਊਟ ਆਫ਼ ਮੈਨੇਜਮੈਂਟ) ਅਤੇ ਕੇਂਦਰੀ ਸਕੂਲਾਂ ਵਿੱਚ ਸਿੱਖਿਆ ਦਾ ਜ਼ਰੂਰੀ ਮਾਧਿਅਮ ਹਿੰਦੀ ਹੋਵੇਗਾ।ਪਰ ਸਵਾਲ ਉੱਠਦਾ ਹੈ ਕਿ ਕੀ ਗੈਰ-ਹਿੰਦੀ ਭਾਸ਼ਾ ਵਾਲੇ ਸੂਬਿਆਂ ਵਿੱਚ ਸਥਿਤ ਕੇਂਦਰੀ ਵਿਦਿਆਲੇ, ਆਈ.ਆਈ.ਟੀ., ਆਈ.ਆਈ. ਐਮ ਅਤੇ ਕੇਂਦਰੀ ਯੂਨੀਵਰਸਿਟੀਆਂ ਵਿੱਚ ਵੀ ਸਿੱਖਿਆ ਦਾ ਮਾਧਿਅਮ ਹਿੰਦੀ ਹੋਏਗਾ? ਕੀ ਹਿੰਦੀ ਸਿੱਖਿਆ ਦਾ ਇੱਕ ਮਾਤਰ ਮਾਧਿਅਮ ਹੋਏਗੀ ਜਾਂ ਬਦਲਵਾ ਮਾਧਿਅਮ ਹੋਵੇਗੀ?

2. ਸਰਕਾਰੀ ਭਰਤੀ ਲਈ ਆਯੋਜਿਤ ਕੀਤੇ ਜਾਂਦੇ ਮੁਕਾਬਲੇ ਦੇ ਇਮਤਿਹਾਨਾਂ ਦੀ ਭਾਸ਼ਾ ਦੇ ਰੂਪ 'ਚ ਹਿੰਦੀ ਅੰਗਰੇਜ਼ੀ ਦੀ ਥਾਂ ਲਵੇਗੀ। ਸਵਾਲ ਹੈ ਕਿ ਕੀ ਹਿੰਦੀ ਨਾ ਜਾਨਣ ਵਾਲੇ ਨੂੰ ਸਰਕਾਰੀ ਭਰਤੀ ਦੇ ਲਈ ਇਮਤਿਹਾਨ ਦੇਣ ਤੋਂ ਰੋਕ ਦਿੱਤਾ ਜਾਏਗਾ?

3. ਜਾਣ ਬੁਝ ਕੇ ਹਿੰਦੀ ਵਿੱਚ ਕੰਮ ਨਾ ਕਰਨ ਦੇਣ ਵਾਲੇ ਸਰਕਾਰੀ ਅਧਿਕਾਰੀਆਂ ਤੋਂ ਸਪਸ਼ਟੀਕਰਨ ਮੰਗਿਆ ਜਾਏਗਾ। ਸਵਾਲ ਹੈ ਕਿ ਕੀ ਇੱਕ ਅਫ਼ਸਰ, ਜਿਸਦੀ ਮਾਂ ਬੋਲੀ ਬੰਗਾਲ, ਉੜੀਆ ਜਾਂ ਤਮਿਲ ਹੈ, ਉਸਨੂੰ ਹਿੰਦੀ ਸਿੱਖਣ ਅਤੇ ਆਪਣਾ ਅਧਿਕਾਰਤ ਹੱਥਲਾ ਕੰਮ ਹਿੰਦੀ 'ਚ ਕਰਨ ਲਈ ਮਜ਼ਬੂਰ ਕੀਤਾ ਜਾਏਗਾ?

4. ਸਿੱਖਿਆ ਦੇ ਮਧਿਅਮ ਦੇ ਰੂਪ ਵਿੱਚ ਅੰਗਰੇਜ਼ੀ ਨੂੰ ਕੇਵਲ ਉਥੇ ਹੀ ਰੱਖਿਆ ਜਾਏਗਾ, ਜਿਥੇ ਇਹ ਅਤਿਅੰਤ ਜ਼ਰੂਰੀ ਹੋਵੇ। ਅਤੇ ਉਥੇ ਵੀ ਹੌਲੀ-ਹੌਲੀ ਹਿੰਦੀ ਲਾਗੂ ਕੀਤੀ ਜਾਏਗੀ।ਸਵਾਲ ਪੈਦਾ ਹੁੰਦਾ ਹੈ ਕਿ ਕੀ ਮਾਤਾ-ਪਿਤਾ ਅਤੇ ਵਿਦਿਆਰਥੀਆਂ ਨੂੰ ਹੁਣ ਉਸ ਭਾਸ਼ਾ ਨੂੰ ਚੁਨਣ ਦਾ ਕੋਈ ਹੱਕ ਨਹੀਂ ਹੋਏਗਾ, ਜਿਸ ਵਿੱਚ ਵਿਦਿਆਰਥੀ ਪੜ੍ਹਨਾ ਚਾਹੁੰਦਾ ਹੈ ਜਾਂ ਪੜ੍ਹਾਇਆ ਜਾਏਗਾ?

5. ਸਰਕਾਰੀ ਕਰਮਚਾਰੀਆਂ ਦੀ ਚੋਣ ਦੇ ਲਈ ਹਿੰਦੀ ਦਾ ਗਿਆਨ ਯਕੀਨੀ ਬਣਾਇਆ ਜਾਏਗਾ। ਸਵਾਲ ਉੱਠਦਾ ਹੈ ਕਿ ਕੀ ਇੱਕ ਗੈਰ-ਹਿੰਦੀ ਵਿਅਕਤੀ ਨੂੰ ਇਸ ਅਧਾਰ ਉਤੇ ਸਰਕਾਰੀ ਨੌਕਰੀ ਦੇਣ ਤੋਂ ਨਾਂਹ ਕਰ ਦਿੱਤੀ ਜਾਏਗੀ ਕਿ ਉਹ ਹਿੰਦੀ ਨਹੀਂ ਜਾਣਦਾ।

6. ਸਿਫਾਰਸ਼ ਕੀਤੀ ਗਈ ਹੈ ਕਿ ਸਰਕਾਰ ਦੇ ਇਸ਼ਤਿਹਾਰ ਬਜ਼ਟ ਦਾ 50 ਫ਼ੀਸਦੀ ਹਿੰਦੀ ਇਸ਼ਤਿਹਾਰਾਂ ਲਈ ਨੀਅਤ ਕੀਤਾ ਜਾਣਾ ਚਾਹੀਦਾ ਹੈ।ਸਵਾਲ ਹੈ ਕਿ ਜੇਕਰ ਬਾਕੀ 50 ਫ਼ੀਸਦੀ ਦੂਜੀਆਂ ਭਾਸ਼ਾਵਾਂ ਲਈ ਨੀਅਤ ਹੁੰਦਾ ਹੈ ਤਾਂ ਕੀ ਗੈਰ-ਹਿੰਦੀ ਮੀਡੀਆ ਦੇ ਗਾਇਬ ਹੋਣ ਦੀ ਸਪੀਡ ਨਹੀਂ ਵਧੇਗੀ?

7. ਸਿਫਾਰਸ਼ ਹੈ ਕਿ ਹਿੰਦੀ ਦੇ ਪ੍ਰਚਾਰ ਅਤੇ ਫੈਲਾਓ ਲਈ ਸਾਰੇ ਸੂਬਿਆਂ ਦੀ ਸੰਵਾਧਾਨਿਕ ਜ਼ੁੰਮੇਵਾਰੀ ਬਣਾਇਆ ਜਾਣਾ ਚਾਹੀਦਾ ਹੈ। ਸਵਾਲ ਬਣਦਾ ਹੈ ਕਿ ਕੀ ਹਿੰਦੀ ਦਾ ਪ੍ਰਚਾਰ ਕਰਨ ਤੋਂ ਇਨਕਾਰ ਕਰਨ ਵਾਲੀ ਸਰਕਾਰ ਨੂੰ ਬਰਖ਼ਾਸਤ ਕਰ ਦਿੱਤਾ ਜਾਏਗਾ।

ਇਸ ਰਿਪੋਰਟ ਦੇ ਲਾਗੂ ਹੋਣ ਦਾ ਇਕ ਵੱਡਾ ਅਸਰ ਨਹੀਂ ਪਏਗਾ? ਕੋਈ ਮਲਿਆਲੀ ਜਾਂ ਅਸਾਮੀ ਭਾਰਤ ਦਾ ਅੱਧਾ ਨਾਗਰਿਕ ਨਹੀਂ ਰਹਿ ਜਾਏਗਾ ਜਾਂ ਉਹ ਆਪਣੇ ਆਪ ਨੂੰ ਅੱਧਾ ਨਾਗਰਿਕ ਸਮਝੇਗਾ?

ਸਰਕਾਰ ਵਲੋਂ ਨਿੱਤ ਦਿਹਾੜੇ ਹਿੰਦੀ, ਹਿੰਦੂ, ਹਿੰਦੋਸਤਾਨ ਦੇ ਵਰਤਾਰੇ ਨੂੰ ਲਾਗੂ ਕਰਨ ਲਈ ਲਗਾਤਾਰ ਕਦਮ ਪੁੱਟੇ ਜਾ ਰਹੇ ਹਨ। ਜਦੋਂ ਇੱਕ ਪਾਸੇ ਪ੍ਰਧਾਨ ਮੰਤਰੀ ਹਿੰਦੂ ਧਰਮ ਦਾ ਉਤਸਵ ਮਨਾ ਰਹੇ ਹਨ ਤਾਂ ਦੂਜੇ ਪਾਸੇ ਗ੍ਰਿਹ ਮੰਤਰੀ ਹਿੰਦੀ ਭਾਸ਼ਾ ਅੱਗੇ ਵਧਾ ਰਹੇ ਹਨ।ਇਹ ਜਾਣਦਿਆਂ ਹੋਇਆ ਵੀ ਕਿ ਨਰਿੰਦਰ ਮੋਦੀ ਉਸ ਦੇਸ਼ ਦੇ ਪ੍ਰਧਾਨ ਮੰਤਰੀ ਹਨ, ਜਿਸ ਦੇਸ਼ ਵਿੱਚ 79.8 ਫ਼ੀਸਦੀ ਹਿੰਦੂ, 14.2 ਫ਼ੀਸਦੀ ਮੁਸਲਮਾਨ, 2.3 ਫ਼ੀਸਦੀ ਇਸਾਈ, 1.7 ਫ਼ੀਸਦੀ ਸਿੱਖ ਅਤੇ ਹੋਰ 2 ਫ਼ੀਸਦੀ ਵਸਦੇ ਹਨ ਪਰ ਮੋਦੀ ਜੀ ਇੱਕ ਕੱਟੜ ਹਿੰਦੂ ਹੋਣ ਨਾਤੇ ਮਹਾਂਕਾਲ ਮੰਦਿਰ ਦੇ 900 ਮੀਟਰ ਗਲਿਆਰੇ ਦਾ ਉਦਘਾਟਨ ਕਰਨ ਗਏ। ਇਸ ਸਮੇਂ ਪ੍ਰਧਾਨ ਮੰਤਰੀ ਨੇ ਸਾਫ਼ ਸੰਦੇਸ਼ ਦਿੱਤਾ ਕਿ ਇਤਿਹਾਸ ਦੇ ਪੰਨਿਆਂ ਵਿੱਚ ਭਾਰਤ ਇੱਕ ਹਿੰਦੂ ਭਾਰਤ ਹੈ ਅਤੇ ਉਹਨਾ ਸੁਪਨਿਆਂ ਦਾ ਭਾਰਤ ਇੱਕ ਹਿੰਦੂ ਭਾਰਤ ਹੋਏਗਾ।ਜਦਕਿ ਭਾਰਤ ਦੇ ਸੰਵਿਧਾਨ ਵਿੱਚ ਸਮਾਨਤਾ, ਧਰਮ ਨਿਰਪੱਖਤਾ ਉਤੇ ਜ਼ੋਰ ਦਿੱਤਾ ਗਿਆ ਹੈ। ਉਸੇ ਵੇਲੇ ਉਹਨਾ ਦੇ ਲੈਫਟੀਨੈਂਟ ਅਮਿਤ ਸ਼ਾਹ ਨੇ ਹਿੰਦੀ ਨੂੰ ਦੇਸ਼ ਉਤੇ ਥੋਪਣ ਲਈ ਪਹਿਲ ਕਦਮੀ ਕੀਤੀ ਹੈ, ਇਹ ਜਾਣਦਿਆਂ ਹੋਇਆ ਵੀ ਕਿ ਭਾਰਤ ਦੇਸ਼ ਬਹੁ-ਸਭਿਆਚਾਰਕ, ਬਹੁ-ਭਾਸ਼ਾਈ ਦੇਸ਼ ਹੈ ਅਤੇ ਸੰਵਿਧਾਨ ਦੀ ਅੱਠਵੀਂ, ਅਨੁਸੂਚੀ ਵਿੱਚ 14 ਖੇਤਰੀ ਭਾਸ਼ਾਵਾਂ ਨੂੰ ਜਗਾਹ ਦਿੱਤੀ ਗਈ, ਹੁਣ ਇਹਨਾ ਖੇਤਰੀ ਭਾਸ਼ਾਵਾਂ ਦੀ ਸੂਚੀ 22 ਤੱਕ ਹੋ ਚੁੱਕੀ ਹੈ।ਪਰ ਕੀ ਇਹਨਾ ਖੇਤਰੀ ਭਾਸ਼ਾਵਾਂ ਦੀ ਕੀਮਤ ਉਤੇ ਹਿੰਦੀ ਨੂੰ ਰਾਸ਼ਟਰ ਉਤੇ ਥੋਪਣਾ ਜਾਇਜ਼ ਹੈ?

ਹਿੰਦੀ ਨੂੰ ਰਾਜ ਕਾਜ ਦੀ ਭਾਸ਼ਾ ਬਨਾਉਣ ਦੀ ਪਹਿਲ ਸਭ ਤੋਂ ਪਹਿਲਾਂ 1928 ਵਿੱਚ ਹੋਈ ਸੀ, ਪਰ ਦੱਖਣੀ ਭਾਰਤ 'ਚ ਭਾਰੀ ਵਿਰੋਧ ਕਾਰਨ ਇਸ ਨੂੰ ਠੰਡੇ ਬਸਤੇ 'ਚ ਪਾ ਦਿੱਤਾ ਗਿਆ।ਤਾਮਿਲਨਾਡੂ ਵਿੱਚ ਤਤਕਾਲੀ ਮੁੱਖ ਮੰਤਰੀ ਰਾਜਾ ਗੋਪਾਲਚਾਰੀਆ ਨੇ ਹਿੰਦੀ ਨੂੰ ਸਕੂਲਾਂ ਵਿੱਚ ਲਾਜ਼ਮੀ ਲਾਗੂ ਕਰਨ ਦਾ ਪ੍ਰਸਤਾਵ ਰੱਖਿਆ ਤਾਂ ਇਸ ਦਾ ਵਿਰੋਧ ਈ. ਰਾਸਸਵਾਮੀ ਪਰਿਆਰ ਦੀ ਅਗਵਾਈ 'ਚ ਹੋਇਆ ਅਤੇ ਇੱਕ ਸਵਦੇਸ਼ੀ ਅੰਦੋਲਨ ਛਿੜਿਆ ਅਤੇ ਇਹ ਮੰਗ ਉੱਠੀ ਕਿ ਹਿੰਦੀ ਨੂੰ ਰਾਜ ਕਾਜ ਦੀ ਭਾਸ਼ਾ ਵਜੋਂ ਥੋਪਿਆ ਨਾ ਜਾਏ।ਦੱਖਣੀ ਭਾਰਤ 'ਚ ਹੁਣ ਵੀ ਹਿੰਦੀ ਰਾਸ਼ਟਰੀ ਭਾਸ਼ਾ ਬਨਾਉਣ ਦੇ ਵਿਰੁੱਧ ਸਖ਼ਤ ਅਵਾਜ਼ ਉਠਾਉਣ ਦੀਆਂ ਖ਼ਬਰਾਂ ਆ ਰਹੀਆਂ ਹਨ।

ਇਥੇ ਇਹ ਗੱਲ ਕਰਨੀ ਬਣਦੀ ਹੈ ਕਿ ਲਾਅ ਕਮਿਸ਼ਨ ਨੇ ਆਪਣੀ 216 ਵੀ ਰਿਪੋਰਟ ਵਿੱਚ ਜੋ 2008 'ਚ ਜਾਰੀ ਹੋਈ, ਕਿਹਾ ਕਿ ਭਾਸ਼ਾ ਕਿਸੇ ਵੀ ਰਾਸ਼ਟਰ ਦੀ ਭਾਵਨਾ ਨਾਲ ਜੁੜਿਆ ਮੁੱਦਾ ਹੈ, ਭਾਸ਼ਾ ਦੇਸ਼ ਨੂੰ ਜੋੜਦੀ ਹੈ ਅਤੇ ਸਮਾਜਿਕ ਬਦਲਾਅ ਦੇ ਖੇਤਰ ਵਿੱਚ ਵੀ ਕਾਫ਼ੀ ਪ੍ਰਭਾਵਤ ਕਰਦੀ ਹੈ।ਕੀ ਦੇਸ਼ ਦੇ ਹਾਕਮ ਬਹੁ-ਸਭਿਆਚਾਰਕ ਅਤੇ ਬਹੁ-ਭਾਸ਼ਾਈ ਦੇਸ਼ ਦੇ ਲੋਕਾਂ ਦੀ ਅਣਦੇਖੀ ਕਰਕੇ ਆਪਣੇ ਮਨਸੂਬਿਆਂ ਨੂੰ ਲਗੂ ਕਰਨ ਲਈ ਧਰਮ ਦੇ ਅਧਾਰ 'ਤੇ ਹਿੰਦੀ ਨੂੰ ਅੱਗੇ ਲਿਆਕੇ ਦੂਜਿਆਂ ਭਾਸ਼ਾਵਾਂ ਨੂੰ ਮਾਰਨਾ ਚਾਹੁੰਦੇ ਹਨ?

ਮਹਾਤਮਾ ਗਾਂਧੀ ਨੇ 12 ਅਕਤੂਬਰ 1947 ਨੂੰ ਆਪਣੇ ਅਖ਼ਬਾਰ ਹਰੀਜਨ ਵਿੱਚ ਰਾਸ਼ਟਰ ਭਾਸ਼ਾ ਸਬੰਧੀ ਲਿਖਿਆ ਸੀ ਕਿ ਕਿਸੇ ਵਿਅਕਤੀ ਨੂੰ ਹਿੰਦੀ ਜਾਂ ਉਰਦੂ ਤੱਕ ਸੀਮਤ ਰੱਖਣਾ ਰਾਸ਼ਟਰਵਾਦ ਦੀ ਆਤਮਾ ਦੇ ਖਿਲਾਫ਼ ਹੋਏਗਾ ਜੋ ਕਿ ਸਭ ਤੋਂ ਵੱਡਾ ਜ਼ੁਰਮ ਹੈ।

ਹਿੰਦੀ ਨੂੰ ਰਾਸ਼ਟਰ ਭਾਸ਼ਾ ਜਾਂ ਰਾਸ਼ਟਰ ਦੀ ਸੰਪਰਕ ਭਾਸ਼ਾ ਦੇ ਤੌਰ 'ਤੇ ਸਥਾਪਿਤ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਨਵੀਂ ਰਾਸ਼ਟਰੀ ਸਿੱਖਿਆ ਨੀਤੀ ਲਾਗੂ ਹੋਣ ਨਾਲ ਸਰਕਾਰੀ ਕੰਮਕਾਜ ਵਿੱਚ ਹਿੰਦੀ ਦੀ ਵਰਤੋਂ ਵਧੇਗੀ, ਕਿਉਂਕਿ ਅਮਿਤ ਸ਼ਾਹ ਕੇਂਦਰੀ ਗ੍ਰਿਹ ਮੰਤਰੀ ਕਹਿ ਚੁੱਕੇ ਹਨ ਕਿ ਸੰਪਰਕ ਭਾਸ਼ਾ ਦੇ ਤੌਰ 'ਤੇ ਅੰਗਰੇਜ਼ੀ ਦੀ ਜਗਾਹ ਹਿੰਦੀ ਆਏ। ਇਸ ਸੋਚ ਪਿੱਛੇ ਦਲੀਲ ਇਹ ਹੈ ਕਿ ਦੇਸ਼ ਦੇ ਸਭ ਤੋਂ ਜ਼ਿਆਦਾ ਲੋਕ ਹਿੰਦੀ ਬੋਲਦੇ-ਸਮਝਦੇ ਹਨ।ਅਤੇ ਇਸ ਨਾਤੇ ਇਹ ਦੇਸ਼ ਨੂੰ ਇੱਕ ਜੁੱਟ ਰੱਖਣ ਦੀ ਸਮਰੱਥਾ ਰੱਖਦੀ ਹੈ।ਦੂਜੀ ਦਲੀਲ ਇਹ ਵੀ ਹੈ ਕਿ ਰਾਸ਼ਟਰੀ ਏਕਤਾ ਲਈ ਭਾਰਤ ਦੀ ਆਪਣੀ ਇੱਕ ਰਾਸ਼ਟਰ ਭਾਸ਼ਾ ਹੋਣੀ ਚਾਹੀਦੀ ਹੈ। ਤੀਜੀ ਦਲੀਲ ਹੈ ਕਿ ਜਦੋਂ ਤੱਕ ਭਾਰਤ ਵਿੱਚ ਇੱਕ ਵਿਦੇਸ਼ੀ ਭਾਸ਼ਾ ਇੰਗਿਲਿਸ਼ ਦਾ ਬੋਲਬਾਲਾ ਰਹੇਗਾ, ਦੇਸ਼ ਆਪਣੀ ਜੁਬਾਨ ਵਿੱਚ ਕਦੋਂ ਬੋਲੇਗਾ?

ਇਹ ਦਲੀਲਾਂ ਹੁਣ ਦੀਆਂ ਨਹੀਂ ਹਨ ਬਲਕਿ ਸੰਵਿਧਾਨ ਸਭਾ ਤੋਂ ਲੈਕੇ ਆਜ਼ਾਦੀ ਦੇ ਬਾਅਦ ਗਠਿਤ ਰਾਜ ਭਾਸ਼ਾ ਆਯੋਗ ਅਤੇ ਸਰਕਾਰ ਦੀਆਂ ਨੀਤੀਆਂ ਵਿੱਚ ਇਹ ਦਲੀਲਾਂ ਵਾਰ-ਵਾਰ ਸਾਹਮਣੇ ਆਈਆਂ ਹਨ।

ਸਮੱਸਿਆ ਇਹ ਹੈ ਕਿ ਇਹ ਭਾਸ਼ਾ ਨੀਤੀ ਭਾਰਤ ਦੀ ਸਮੱਸਿਆ ਹੱਲ ਕਰਨ 'ਚ ਨਾਕਾਮਯਾਬ ਹੋਈ। ਭਾਸ਼ਾ ਸਮੱਸਿਆ ਕਾਰਨ ਹੋਏ ਵਿਵਾਦਾਂ ਨਾਲ ਸੈਂਕੜੇ ਕੀਮਤਾਂ ਜਾਨਾਂ ਗਈਆਂ ਹਨ। 1965 'ਚ ਭਾਸ਼ਾ ਦੇ ਸਵਾਲ ਤੇ ਦੇਸ਼ ਵਿੱਚ ਵੱਡੇ ਪੱਧਰ ਉਤੇ ਹਿੰਸਾ ਹੋਈ।ਆਓ ਕੁਝ ਤੱਥ ਵੇਖੀਏ:-

1951 ਦੀ ਜਨ ਸੰਖਿਆ ਵਿੱਚ ਦੇਸ਼ ਦੇ 42 ਫ਼ੀਸਦੀ ਲੋਕਾਂ ਨੇ ਹਿੰਦੀ ਭਾਸ਼ਾ ਲਿਖਾਈ। ਇਹ ਅੰਕੜਾ ਭਰਮ ਭਰਿਆ ਸੀ। ਇਸ 42 ਫ਼ੀਸਦੀ ਵਿੱਚ ਪੰਜਾਬੀ, ਉਰਦੂ, ਹਿੰਦੋਸਤਾਨੀ ਸਾਰੇ ਸ਼ਾਮਲ ਸਨ।ਇਸ ਸਮੇਂ ਇਹ ਤਹਿ ਹੋਇਆ ਕਿ ਭੋਜਪੁਰੀ, ਅਵਧੀ, ਗੜਵਾਲੀ, ਮਾਰਵਾੜੀ, ਹਰਿਆਣਵੀ ਆਦਿ ਸਾਰਿਆਂ ਭਾਸ਼ਾਵਾਂ ਨਹੀਂ ਹਨ, ਹਿੰਦੀ ਦੀਆਂ ਬੋਲੀਆਂ ਹਨ।ਅਗਲੀ ਵੇਰ 1961 ਦੀ ਜਨਗਣਨਾ ਵਿੱਚ ਪੰਜਾਬੀ ਤੇ ਉਰਦੂ ਨੂੰ ਅਲੱਗ ਗਿਣਿਆ ਗਿਆ ਅਤੇ ਹਿੰਦੀ ਬੋਲਣ ਵਾਲਿਆਂ ਦੀ ਸੰਖਿਆ 30 ਫ਼ੀਸਦੀ ਰਹਿ ਗਈ।1961 ਦੇ 60 ਸਾਲਾਂ ਬਾਅਦ 2011 ਵਿੱਚਲੀ ਮਰਦਮਸ਼ੁਮਾਰੀ 'ਚ ਹਿੰਦੀ ਬੋਲਣ ਵਾਲਿਆਂ ਦੀ ਸੰਖਿਆ 43 ਫ਼ੀਸਦੀ ਪਹੁੰਚ ਗਈ ਇਸ ਵਾਧੇ ਪਿੱਛੇ ਸਰਕਾਰੀ ਸੰਚਾਰ ਮਧਿਅਮਾਂ ਦੀ ਨਿਭਾਈ ਭੂਮਿਕਾ ਅਤੇ ਦੂਰਦਰਸ਼ਨ ਦੇ ਪ੍ਰਸਾਰਣਾਂ ਦਾ ਹੱਥ ਹੈ।ਪਰ ਇਸ ਸਮੇਂ ਦੌਰਾਨ ਸਰਕਾਰੀ ਬੇਰੁਖ਼ੀ ਅਤੇ ਨੀਤੀਆਂ ਕਾਰਨ ਖੇਤਰੀ ਭਾਸ਼ਾਵਾਂ ਦਾ ਲੱਕ ਤੋੜਿਆ ਜਾਂਦਾ ਰਿਹਾ ਹੈ।ਇਥੋਂ ਤੱਕ ਕਿ ਖੇਤਰੀ ਬੋਲੀਆਂ ਨੂੰ ਨੁਕਸਾਨ ਪਹੁੰਚਾਉਣ ਲਈ ਸਾਜ਼ਿਸ਼ਾਂ ਕੀਤੀਆਂ ਜਾਂਦੀਆਂ ਹਨ ਅਤੇ ਫਿਰਕਿਆਂ ਦੇ ਅਧਾਰ 'ਤੇ ਮਾਂ-ਬੋਲੀ ਦੀ ਵੰਡ ਕੀਤੀ ਜਾਂਦੀ ਰਹੀ ਹੈ।ਪੰਜਾਬ ਇਸਦੀ ਇੱਕ ਉਦਾਹਰਨ ਹੈ, ਜਿਥੇ ਹਿੰਦੂਆਂ ਨੂੰ ਆਪਣੀ ਮਾਂ ਬੋਲੀ ਪੰਜਾਬੀ ਦੀ ਥਾਂ ਹਿੰਦੀ ਲਿਖਾਉਣ ਲਈ ਪ੍ਰੇਰਿਤ ਕੀਤਾ ਗਿਆ। ਦੇਸ਼ 'ਚ ਬੋਲੀ ਦੇ ਅਧਾਰ 'ਤੇ ਸੂਬਿਆਂ ਦੀ ਸ਼ਥਾਪਨਾ ਹੋਈ, ਪਰ ਪੰਜਾਬੀ ਸੂਬੇ ਲਈ ਵੱਡਾ ਸੰਘਰਸ਼ ਛਿੜਿਆ।

ਸੂਬੇ ਪੰਜਾਬ 'ਚ ਤਿੰਨ ਭਾਸ਼ਾਈ ਫਾਰਮੂਲਾ ਲਾਗੂ ਕੀਤਾ ਗਿਆ ਸੀ ਅਤੇ ਖੇਤਰੀ ਭਾਸ਼ਾ ਪੰਜਾਬੀ ਨੂੰ ਨੁਕਰੇ ਲਾਉਣ ਲਈ ਇਸ ਨੂੰ ਸੂਬੇ ਦੇ ਸਕੂਲਾਂ ਚ ਲਾਗੂ ਕੀਤਾ ਗਿਆ।ਅੱਜ ਵੀ ਪੰਜਾਬੀ ਬੋਲੀ ਜੋ ਵਿਸ਼ਵ ਭਰ 'ਚ 12 ਕਰੋੜ ਤੋਂ ਵੱਧ ਪੰਜਾਬੀਆਂ ਦੀ ਬੋਲਚਾਲ ਭਾਸ਼ਾ ਹੈ,ਪੰਜਾਬ ਵਿੱਚ ਨਾ ਸਰਕਾਰੀ ਦਫ਼ਤਰਾਂ 'ਚ, ਨਾ ਅਦਾਲਤਾਂ 'ਚ ਅਤੇ ਨਾ ਹੀ ਕਾਰੋਬਾਰਾਂ 'ਚ ਥਾਂ ਪ੍ਰਾਪਤ ਕਰ ਸਕੀ ਹੈ।ਇਹ ਤ੍ਰਾਸਦੀ ਹੈ। ਇਹ ਕੇਂਦਰੀ ਹਾਕਮਾਂ ਦੀ ਸਾਜਿਸ਼ਨ ਉਸ ਨੀਤੀ ਤਹਿਤ ਕੀਤੀ ਜਾ ਰਹੀ ਕਾਰਵਾਈ ਹੈ, ਜਿਸ 'ਚ ਇੱ ਇੱਕ ਰਾਸ਼ਟਰ- ਇੱਕ ਭਾਸ਼ਾ ਲਾਗੂ ਕਰਨ ਲਈ ਯਤਨ ਕੀਤੇ ਜਾ ਰਹੇ ਹਨ।

ਜੇਕਰ ਇਹ ਗੱਲ ਸੱਚ ਹੋਵੇ ਕਿ ਰਾਸ਼ਟਰੀ ਸਿੱਖਿਆ ਨੀਤੀ 'ਚ ਪ੍ਰਾਇਮਰੀ ਸਿੱਖਿਆ ,ਤਕਨੀਕੀ ਅਤੇ ਮੈਡੀਕਲ ਸਿੱਖਿਆ 'ਚ ਮਾਂ ਬੋਲੀ ਨੂੰ ਮਹੱਤਵ ਦਿੱਤਾ ਜਾਵੇਗੀ ਤਾਂ ਫਿਰ ਖੇਤਰੀ ਭਾਸ਼ਾਵਾਂ ਨੂੰ ਕਮਜ਼ੋਰ ਕਰਨ ਲਈ ਇੱਕ ਰਾਸ਼ਟਰ-ਇੱਕ ਭਾਸ਼ਾ ਦਾ ਨਾਹਰਾ ਕਿਉਂ ਦਿੱਤਾ ਜਾ ਰਿਹਾ ਹੈ ? ਇਹ ਗੱਲ ਸਾਫ਼ ਹੈ ਕਿ ਕਿਸੇ ਵੀ ਵਿਅਕਤੀ ਦੀ ਸੋਚਣ ਦੀ ਪ੍ਰਕਿਰਿਆ ਬੋਲਣ 'ਚ ਹੀ ਹੁੰਦੀ ਹੈ ਅਤੇ ਜੇਕਰ ਪੜ੍ਹਾਈ ਅਤੇ ਖੋਜ ਮਾਂ ਬੋਲੀ 'ਚ ਹੋਵੇ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੋਵੇਗੀ।

ਇਹ ਗੱਲ ਸ਼ੀਸ਼ੇ ਵਾਂਗਰ ਸਾਫ਼ ਹੈ ਕਿ ਹਿੰਦੀ, ਸੂਬਿਆਂ ਨਾਲ ਸੰਪਰਕ ਅਤੇ ਸੂਬਿਆਂ ਦੇ ਆਪਸੀ ਸੰਪਰਕ ਭਾਸ਼ਾ ਤਾਂ ਹੋ ਸਕਦੀ ਹੈ ਪਰ ਇਹ ਸਥਾਨਕ ਭਾਸ਼ਾਵਾਂ ਦੀ ਥਾਂ ਨਹੀਂ ਲੈ ਸਕਦੀ ਤੇ ਦੂਜਾ ਹਿੰਦੀ ਨੂੰ ਰਾਸ਼ਟਰੀ ਭਾਸ਼ਾ ਦੇ ਤੌਰ 'ਤੇ ਪ੍ਰਵਾਨ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਸੰਵਿਧਾਨ ਸਭਾ 'ਚ ਇਸਨੂੰ ਰਾਸ਼ਟਰੀ ਭਾਸ਼ਾ ਪ੍ਰਵਾਨ ਕੀਤਾ ਗਿਆ ਸੀ।ਇਹ ਵੀ ਕਿ ਭਾਰਤ ਦੇ ਵੱਖੋ-ਵੱਖਰੇ ਸਭਿਆਚਾਰ ਅਤੇ ਬੋਲੀਆਂ ਨੂੰ ਅੱਖੋਂ-ਪਰੋਖੇ ਕਰਕੇ ਹਿੰਦੀ ਨੂੰ ਜ਼ਬਰਦਸਤੀ ਰਾਸ਼ਟਰੀ ਭਾਸ਼ਾ ਬਣਾਕੇ ਲਾਗੂ ਨਹੀਂ ਕੀਤਾ ਜਾ ਸਕਦਾ, ਕਿਉਂਕਿ ਦੇਸ਼ 'ਚ ਕਈ ਸੂਬੇ ਭਾਸ਼ਾ ਅਧਾਰਿਤ ਗਠਿਤ ਕੀਤੇ ਗਏ ਹੋਏ ਹਨ। ਕੀ ਗੁਜਰਾਤੀ, ਤਾਮਿਲ, ਤੈਲਗੂ ਆਦਿ ਭਾਸ਼ਾਵਾਂ ਦੀ ਥਾਂ ਹਿੰਦੀ ਨੂੰ ਲਾਗੂ ਕੀਤਾ ਜਾ ਸਕਦਾ ਹੈ? ਚਿੰਤਕ ਤਾਂ ਮਨੰਦੇ ਹਨ ਕਿ ਦੇਸ਼'ਚ ਸਭ ਤੋ ਵੱਧ ਬੋਲੀ ਜਾਂਦੀ ਬੋਲੀ ਹਿੰਦੀ (ਜੋ 22 ਬੋਲੀਆਂ ਵਿਚੋਂ ਇੱਕ ਹੈ, ਜੋ ਸੰਵਿਧਾਨ 'ਚ ਦਰਜ ਹੈ) ਨੂੰ ਪਹਿਲਾ ਨੰਬਰ ਤਾਂ ਦਿੱਤਾ ਜਾ ਸਕਦਾ ਹੈ, ਪਰ ਦੇਸ਼ 'ਚ ਸਿਰਫ਼ ਹਿੰਦੀ ਹੀ ਇੱਕੋ ਇਕ ਭਾਸ਼ਾ ਪ੍ਰਵਾਨ ਕਰਨ ਯੋਗ ਨਹੀਂ ਹੋ ਸਕਦੀ। ਅਮਿਤ ਸ਼ਾਹ ਦੇ ਦੂਜੀਆਂ ਭਾਸ਼ਾਵਾਂ ਨੂੰ ਕੁਰਬਾਨ ਕਰਕੇ ਹਿੰਦੀ ਨੂੰ ਅੱਗੇ ਕਰਨ ਵਾਲੇ ਮਨਸੂਬੇ ਦੇਸ਼ ਵਿੱਚ ਇੱਕ ਨਵੇਂ ਸੰਘਰਸ਼ ਦੀ ਗਾਥਾ ਲਿਖਣਗੇ।

# ਬ੍ਰਿਟੇਨ 'ਚ ਸਿੱਖ ਫ਼ੌਜੀਆਂ ਦੇ ਸਨਮਾਨ 'ਚ ਬਣੇ ਬੁੱਤ ਦਾ ਉਦਘਾਟਨ

## ਪਹਿਲੇ ਵਿਸ਼ਵ ਯੁੱਧ ਦੇ ਸਮੇਂ ਬ੍ਰਿਟਿਸ਼ ਭਾਰਤੀ ਫ਼ੌਜ ਵਿੱਚ 20 ਪ੍ਰਤੀਸ਼ਤ ਤੋਂ ਵੱਧ ਗਿਣਤੀ ਸਿੱਖਾਂ ਦੀ ਸੀ

ਲੈਸਟਰ (ਪੰਜਾਬੀ ਅਖਬਾਰ ਬਿਊਰੋ)- ਵਿਸ਼ਵ ਭਰ ਵਿਚ ਹੋਏ ਸੰਘਰਸ਼ਾਂ ਦੌਰਾਨ ਬ੍ਰਿਟੇਨ ਲਈ ਲੜਨ ਵਾਲੇ ਸਿੱਖਾਂ ਦੇ ਸਨਮਾਨ ਲਈ ਐਤਵਾਰ ਨੂੰ ਯੂਕੇ ਦੇ ਸ਼ਹਿਰ ਲੈਸਟਰ ਵਿੱਚ ਇੱਕ ਸਿੱਖ ਫ਼ੌਜੀ ਦੇ ਬੁੱਤ ਦਾ ਉਦਘਾਟਨ ਕੀਤਾ ਗਿਆ।ਰਿਪੋਰਟ ਅਨੁਸਾਰ ਐਤਵਾਰ ਨੂੰ ਵਿਕਟੋਰੀਆ ਪਾਰਕ ਵਿੱਚ ਇੱਕ ਗ੍ਰੇਨਾਈਟ ਪਲੇਟਫਾਰਮ 'ਤੇ ਇੱਕ ਸਿੱਖ ਸੈਨਿਕ ਦੀ ਕਾਂਸੀ ਦੀ ਮੂਰਤੀ ਪ੍ਰਦਰਸ਼ਿਤ ਕੀਤੀ ਗਈ।ਸਿੱਖ ਸੈਨਿਕ ਵਾਰ ਮੈਮੋਰੀਅਲ ਕਮੇਟੀ ਨੇ ਕਿਹਾ ਕਿ ਇਹ ਪਹਿਲਾਂ ਹੀ ਮੌਜੂਦ ਜੰਗੀ ਯਾਦਗਾਰਾਂ ਦੀ ਪੂਰਤੀ ਕਰੇਗੀ। ਰਿਪੋਰਟ ਵਿੱਚ ਕਿਹਾ ਗਿਆ ਕਿ ਪਹਿਲੇ ਵਿਸ਼ਵ



ਯੁੱਧ ਦੇ ਸਮੇਂ ਬ੍ਰਿਟਿਸ਼ ਭਾਰਤੀ ਫ਼ੌਜ ਵਿੱਚ 20 ਪ੍ਰਤੀਸ਼ਤ ਤੋਂ ਵੱਧ ਗਿਣਤੀ ਸਿੱਖਾਂ ਦੀ ਸੀ। ਇਹ ਬੁੱਤ ਕਲਾਕਾਰ ਤਰਨਜੀਤ ਸਿੰਘ ਵੱਲੋਂ ਬਣਾਇਆ ਗਿਆ ਹੈ ਅਤੇ ਇਸ ਦੀ ਅਦਾਇਗੀ ਸਿੱਖ ਭਾਈਚਾਰਾ ਕੌਂਸਲ ਵੱਲੋਂ ਦਿੱਤੀ ਗਈ ਰਾਸ਼ੀ ਅਤੇ ਸਿੱਖ ਸੰਗਤਾਂ ਵੱਲੋਂ ਦਿੱਤੇ ਦਾਨ ਨਾਲ ਕੀਤੀ ਗਈ ਹੈ।ਸਿੱਖ ਸੈਨਿਕ ਵਾਰ ਮੈਮੋਰੀਅਲ ਕਮੇਟੀ ਦੇ ਚੇਅਰਮੈਨ ਅਜਮੇਰ ਸਿੰਘ ਬਸਰਾ ਨੇ ਕਿਹਾ ਕਿ ਸਾਨੂੰ ਇਸ ਯਾਦਗਾਰ ਦਾ ਉਦਘਾਟਨ ਕਰਦੇ ਹੋਏ ਬਹੁਤ ਮਾਣ ਮਹਿਸੂਸ ਹੋ ਰਿਹਾ ਹੈ, ਜਿਸ ਨੇ ਉਨ੍ਹਾਂ ਸਾਰੇ ਬਹਾਦਰਾਂ ਦੀ ਕੁਰਬਾਨੀ ਦਾ ਸਨਮਾਨ ਕੀਤਾ, ਜਿਨ੍ਹਾਂ ਨੇ ਹਜ਼ਾਰਾਂ ਮੀਲ ਦਾ ਸਫ਼ਰ ਇੱਕ ਕੌਮ ਲਈ ਲੜਨ ਲਈ ਕੀਤਾ, ਜੋ ਉਨ੍ਹਾਂ ਦਾ ਆਪਣਾ ਨਹੀਂ ਸੀ। ਉਨ੍ਹਾਂ ਕਿਹਾ ਕਿ ਇਹ ਬੁੱਤ ਉਨ੍ਹਾਂ ਸਿੱਖਾਂ ਲਈ ਯਾਦ ਦਿਵਾਉਂਦਾ ਹੈ ਜਿਨ੍ਹਾਂ ਨੇ ਲੈਸਟਰ ਸ਼ਹਿਰ ਨੂੰ ਆਪਣਾ ਘਰ ਬਣਾਇਆ ਸੀ।ਲੈਸਟਰ ਸਿਟੀ ਕੌਂਸਲ ਦੇ ਮੈਂਬਰ ਪਿਆਰਾ ਸਿੰਘ ਕਲੇਰ ਨੇ ਕਿਹਾ ਕਿ ਸਿੱਖ ਭਾਈਚਾਰੇ ਨੇ ਸਾਡੇ ਸ਼ਹਿਰ ਦੀ ਸਫਲਤਾ ਵਿੱਚ ਕਈ ਦਹਾਕਿਆਂ ਤੋਂ ਮਹੱਤਵਪੂਰਨ ਯੋਗਦਾਨ ਪਾਇਆ ਹੈ। ਉਹਨਾਂ ਨੇ ਕਿਹਾ ਕਿ ਮੈਨੂੰ ਬਹੁਤ ਖੁਸ਼ੀ ਹੈ ਕਿ ਵਿਕਟੋਰੀਆ ਪਾਰਕ ਵਿੱਚ ਇੱਕ ਸਿੱਖ ਯਾਦਗਾਰੀ ਬੁੱਤ ਦਾ ਉਦਘਾਟਨ ਕੀਤਾ ਗਿਆ। ਇਸ ਦਾ ਵਿਚਾਰ ਅਤੇ ਕਲਪਨਾ ਮਰਹੂਮ ਕੌਂਸਲਰ ਕੁਲਦੀਪ ਸਿੰਘ ਭੱਟੀ ਐਮ.ਬੀ.ਈ. ਨੇ ਕੀਤੀ ਸੀ। ਇਹ ਪਾਰਕ ਵਿੱਚ ਸਥਿਤ ਹੋਰ ਸਮਾਰਕਾਂ ਦੇ ਨਾਲ-ਨਾਲ ਸਿੱਖ ਸੈਨਿਕਾਂ ਨੂੰ ਸੱਚੀ ਸ਼ਰਧਾਂਜਲੀ ਭੇਂਟ ਕਰੇਗਾ।ਇਸ ਤੋਂ ਪਰਦਾ ਹਟਾਉਣ ਦੀ ਰਸਮ ਐਤਵਾਰ ਨੂੰ ਡੀ ਮੌਂਟਫੋਰਟ ਹਾਲ ਵਿਖੇ ਹੋਈ ਅਤੇ ਹਥਿਆਰਬੰਦ ਸੈਨਾਵਾਂ ਦੇ ਨੁਮਾਇੰਦਿਆਂ ਸਮੇਤ ਸੈਂਕੜੇ ਲੋਕਾਂ ਨੇ ਸ਼ਿਰਕਤ ਕੀਤੀ।

# ਸੂਨਕ ਨਹੀਂ ਲੈਣਗੇ ਜਲਵਾਯੂ ਸੰਮੇਲਨ 'ਚ ਹਿੱਸਾ, ਦੁਨੀਆਂ ਭਰ 'ਚ ਹੋ ਰਹੀ ਆਲੋਚਨਾ

ਲੰਡਨ (ਪੰਜਾਬੀ ਅਖਬਾਰ ਬਿਊਰੋ)-ਬ੍ਰਿਟੇਨ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਅਗਲੇ ਮਹੀਨੇ ਸੰਯੁਕਤ ਰਾਸ਼ਟਰ ਦੇ ਮੁੱਖ ਜਲਵਾਯੂ



ਸੰਮੇਲਨ ਕਾਪ ਵਿੱਚ ਹਿੱਸਾ ਨਹੀਂ ਲੈਣਗੇ। ਰਿਸ਼ੀ ਦੇ ਇਸ ਫੈਸਲੇ ਦੀ ਹੁਣ ਪੂਰੀ ਦੁਨੀਆ ਚ ਆਲੋਚਨਾ ਹੋ ਰਹੀ ਹੈ। ਤੁਹਾਨੂੰ ਦੱਸ ਦੇਈਏ ਕਿ ਸੀਓਪੀ ਦਾ ਆਯੋਜਨ 6 ਨਵੰਬਰ ਤੋਂ 18 ਨਵੰਬਰ ਤੱਕ ਮਿਸਰ ਦੇ ਸ਼ਰਮ ਅਲ-ਸ਼ੇਖ ਵਿੱਚ ਹੋਵੇਗਾ।ਡਾਊਨਿੰਗ ਸਟ੍ਰੀਟ ਨੇ ਪਿਛਲੇ ਹਫ਼ਤੇ ਇੱਕ ਬਿਆਨ ਵਿੱਚ ਕਿਹਾ ਸੀ ਕਿ ਪ੍ਰਧਾਨ ਮੰਤਰੀ ਸੁਨਕ ਦੇ ਮਿਸਰ ਵਿੱਚ ਕਾਪ-27 ਜਲਵਾਯੂ ਸੰਮੇਲਨ ਵਿੱਚ ਸ਼ਾਮਲ ਹੋਣ ਦੀ ਉਮੀਦ ਨਹੀਂ ਹੈ। ਬ੍ਰਿਟਿਸ਼ ਸਰਕਾਰ ਨੇ ਕਿਹਾ ਕਿ ਇਹ ਫੈਸਲਾ ਘਰੇਲੂ ਵਚਨਬੱਧਤਾਵਾਂ ਦੇ ਕਾਰਨ ਲਿਆ ਗਿਆ ਹੈ।ਕਾਨਫਰੰਸ ਵਿੱਚ ਯੂਕੇ ਦੇ ਹੋਰ ਮੰਤਰੀਆਂ ਦੇ ਮੌਜੂਦ ਹੋਣ ਦੀ ਉਮੀਦ ਹੈ। ਇਸ ਦੇ ਨਾਲ ਹੀ ਸੀਓਪੀ ਦੇ ਪ੍ਰਧਾਨ ਆਲੋਕ ਸ਼ਰਮਾ ਵੀ ਇਸ ਕਾਨਫਰੰਸ ਵਿੱਚ ਸ਼ਾਮਲ ਹੋਣਗੇ। ਆਲੋਕ ਸ਼ਰਮਾ ਨੇ ਕਿਹਾ ਕਿ ਸਰਕਾਰ ਸੀਓਪੀ-27 ਦਾ ਸਮਰਥਨ ਕਰਨ ਅਤੇ ਜਲਵਾਯੂ ਪਰਿਵਰਤਨ ਦਾ ਮੁਕਾਬਲਾ ਕਰਨ ਅਤੇ ਕੁਦਰਤ ਦੀ ਰੱਖਿਆ ਲਈ ਅੰਤਰਰਾਸ਼ਟਰੀ ਕਾਰਵਾਈ ਦੀ ਅਗਵਾਈ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ।







SOUTH POINTE
TOYOTA
2021 COROLLA
ONLY $58 A WEEK!
$0 DOWN! LE
2020 RAV4
ONLY $92 A WEEK!
$0 DOWN! LE AWD
FREE
WINTER TIRES
WITH PURCHASE
0%
FINANCING AVAILABLE
FREE
REMOTE STARTER
WITH PURCHASE
RISHI MUKHERJEE
NEW CAR SALES MANAGER
ZAK BHANJI
NEW CAR SALES MANAGER
PREZ TIWANA
NEW CAR PRODUCT ADVISOR
MINAZ RATANSHI
NEW CAR PRODUCT ADVISOR
AFSHEEN HARJEE
NEW CAR PRODUCT ADVISOR
MUHAMMAD YOUSAF
NEW CAR PRODUCT ADVISOR
IT'S TIME TO TOYOTA
11150 35 ST SE
CALGARY, AB
CALL US!
403-567-8888
WWW.SOUTHPOINTETOYOTA.COM
CALGARYS #1 VOLUME TOYOTA DEALERSHIP


ਕੈਲਗਰੀ ਵਿੱਚ ਸਾਂਝਾ ਪੰਜਾਬ ਗਰੌਸਰੀ ਸਟੋਰ ਦੀ ਚੌਥੀ ਲੋਕੇਸ਼ਨ
ਹੁਣ 104 ਐਵਨਿਊ ਵਾਲੀਆਂ ਲਾਈਟਾਂ ਉਪਰ
606 ਸਿਟੀ ਸਕੇਪ ਸਕੇਅਰ ਨਾਰਥ ਈਸਟ ਵਿੱਚ ਖੁੱਲ ਗਈ ਐ
Mega
Sanjha Punjab
GROCERY STORE
ਤਾਜ਼ੀਆਂ ਸਬਜ਼ੀਆਂ, ਫਲ਼ ਫਰੂਟ, ਆਟਾ ਦਾਲਾਂ,
ਰਸੋਈ ਦਾ ਸਮਾਨ ਦੇਗਾਂ, ਪਤੀਲੇ, ਕੜਛੀਆਂ,
ਪਰੈਸ਼ਰ ਕੂਕਰ, ਮੰਜੇ, ਆਦਿ ਪੰਜਾਬ ਦੀ ਘਾਟ
ਮਹਿਸੂਸ ਹੀ ਨਹੀਂ ਹੋਣ ਦਿੰਦੇ ।
Mega
Sanjha Punjab
FRESH PRODUCE
403-266-5200
FOUR LOCATIONS TO SERVE YOU
3690 Westwinds Dr NE,
Calgary, AB T3J 5H3
7171 80 Ave NE #117,
Calgary, AB T3J 0P6
570-6520 Falconridge
BLVD NE Calgary
606 Cityscape Square NE
Calgary, AB T3N 2A8


broadview HOMES
A QUALICO Company
ਰੈਡਸਟੋਨ ਵਿੱਚ ਸਪੈਕ ਹੋਮ ਵਿਕਾਊ ਹਨ !!!
SCAN ME
ਅਹਿ ਕਿਊ ਆਰ ਕਲਿੱਕ ਕਰਕੇ ਘਰਾਂ ਦੀ ਉਪਲੱਬਧੀ ਦੇਖ ਸਕਦੇ ਹੋ !!!
ਤਿਆਰ ਹੋਏ ਘਰਾਂ ਵਿੱਚ ਮੂਵ ਹੋਵੋ
ਕਿਰਾਏ ਦੀਆਂ ਵਧਦੀਆਂ ਕੀਮਤਾਂ ਦੇ ਨਾਲ, ਬ੍ਰੌਡਵਿਊ ਹੋਮਸ ਤੁਹਾਨੂੰ ਮੌਜੂਦਾ ਵਿਆਜ ਦਰਾਂ 'ਤੇ ਹੁਣੇ ਉਪਲਬਧ ਮੂਵ-ਇਨ ਤਿਆਰ ਘਰਾਂ ਦੇ ਨਾਲ ਮਨ ਦੀ ਸ਼ਾਂਤੀ ਦਿਵਾਏਗਾ !!
ਰੈਡਸਟੋਨ ਕਮਿਓਨਿਟੀ ਵਿੱਚ ਥੋੜੇ ਜਿਹੇ ਘਰ ਹੀ ਬਾਕੀ ਹਨ !
Broadview Homes Calgary
• Contact Jason in Redstone at 403-978-1002
www.broadviewhomescalgary.com


A1 DUCT & FURNACE CLEANING LTD.
We do Cleaning & Repair
ਹੀਟ ਸਿਸਟਮ (ਫਰਨਿਸ) ਦੀ ਸਾਫ ਸਫਾਈ ਹਰ ਸਾਲ ਜਰੂਰੀ ਐ !
ਜੇਕਰ ਫਰਨਿਸ ਸਿਸਟਮ ਵਿੱਚ ਕੋਈ ਨੁਕਸ ਹੈ ਤਾਂ ਇਹਨਾਂ ਦੀ ਮਾਹਿਰ ਟੀਮ ਮੁਰੰਮਤ ਵੀ ਕਰ ਦੇਵੇਗੀ
ਪਰ ਇਹ ਸਾਫ ਸਫਾਈ ਕਿਹੜਾ ਤੁਸੀਂ ਆਪੇ ਈ ਕਰ ਲੈਣੀ ਐ, ਇਹਦੇ ਲਈ ਮਾਹਿਰ ਅਤੇ ਤਜ਼ਰਬੇਕਾਰ ਹੱਥਾਂ ਦੀ ਜਰੂਰਤ ਹੁੰਦੀ ਹੈ।
ਕਾਲ : 403 613 0642 ਜਾਂ 403 966 8514
Email: a1ductandfurnacecleaning@gmail.com


Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com


ਡਰਾਇਵਰਾਂ ਦੀ ਲੋੜ ਹੈ
RIG
Group of Companies Inc.
GOLIATH TRACTOR SERVICE LTD.
CALGARY, ALBERTA
We're Pulling For You!
Goliath Tractor Service Ltd.
Rig Logistics is now Hiring long haul drivers for Canada & USA and LCV with minimum 2 year Hwy driving experience.
O: 403 285 1111ext# 100 | Fax: 403 567 0462 | Call : 403-862-1631
hr@riglogistics.com
# 4, 10 Wrangler Place SE
Calgary (AB)


Sunder Building Supplies Ltd.
We believe in quality
• CRC Roofing Supplies
• Drywall, Insulation
• Sound Control Products
• Stucco, T-Bar Ceiling
• Manufactdured Stone
• Steel Studs &
• Accessories
Stucco
Paper
Flashing
Wiring
Free Estimate
BEST Rates
Nirvair Singh Johal
403-690-8700
Bhajan Singh Johal
403-561-0227
4612, 6 STREET NE CALGARY, AB


For All your Exterior Needs
B.B.S. Exterior
Roofing/ Siding / Stucco / Soffits & Fascia / Hardie Shakes / SmartBoard / Eaves & Downspouts / Windows etc.
403.714.0455
bbsexterior@gmail.com


Sukhi Da Dhaba
Restaurant & Sweet Shop
5058-68 St NE Calgary (AB) 403 452 5513
ਸੁੱਖੀ ਦਾ ਢਾਬਾ
(68 ਸਟਰੀਟ ਅਤੇ ਮੈਕਨਾਈਟ ਬੁਲੇਵਾਰਡ ਦੇ ਕਾਰਨਰ ਵਿੱਚ)
ਵੱਖੋ ਵੱਖ ਤਰਾਂ ਦੇ ਸੁਆਦਲੇ ਖਾਣੇ,
ਬੈਠਕੇ ਖਾਓ ਜਾਂ ਪੈਕ ਕਰਵਾਕੇ ਘਰ ਲੈ ਜਾਓ
1000 ਬੰਦੇ ਤੱਕ ਦੀ ਕੇਟਰਿੰਗ
ਬਹੁ-ਭਾਤੀ ਮਿਠਾਈ
ਵਿਆਹ ਦੀ ਭਾਜੀ



Ambleton
A Qualico Community
ਡੁਪਲੈਕਸ ਘਰ
ਥੋੜੀਆਂ ਲਾਟਾਂ ਹੀ ਬਾਕੀ ਹਨ
$400s ਤੱਕ
ਲੇਨਡ ਘਰ
ਥੋੜੀਆਂ ਲਾਟਾਂ ਹੀ ਬਾਕੀ ਹਨ
$600s ਤੋਂ ਸ਼ੁਰੂ
ਫਰੰਟ ਗੈਰਾਜ ਵਾਲੇ ਘਰ
$600s ਅੱਧ ਤੋਂ ਸ਼ੁਰੂ
ਕੈਲਗਰੀ ਦਾ ਨਵਾਂ ਨਾਰਥ ਏਰੀਆ
ਨਵਾਂ ਫੇਸ ਹੁਣ ਵੇਚਿਆ ਜਾ ਰਿਹਾ ਹੈ!
liveinambleton.com
24 St NW
14 St NW
144 Ave NE
Evanston Dr NW
Symons Valley Pkwy NW
Stoney Trail NW
ਐਂਬਲਟਨ ਵਧੇ ਹੋਏ ਕੁਦਰਤੀ ਮਾਹੌਲ, ਵਿਲੱਖਣ ਥਾਵਾਂ ਅਤੇ ਦ੍ਰਿਸ਼ਾਂ ਦੇ ਨਾਲ, ਉੱਤਰ ਪੱਛਮੀ ਕੈਲਗਰੀ ਦਾ ਸਭ ਤੋਂ ਉੱਤਮ ਰੂਪ ਹੈ। ਖੇਡ ਖੇਤਰ, ਸਥਾਨਕ ਅਤੇ ਖੇਤਰੀ ਮਾਰਗ ਜਿਹੇ ਨੈੱਟਵਰਕ ਕਮਿਊਨਿਟੀ ਨੂੰ ਜਾਨਣ ਲਈ ਆਸਾਨ ਬਣਾਉਂਦੇ ਹਨ। ਕਾਫ਼ੀ ਪ੍ਰਚੂਨ ਅਤੇ ਨੇੜਲੇ ਸਕੂਲਾਂ ਦੇ ਨਾਲ, ਅਤੇ ਇੱਕ ਭਵਿੱਖੀ ਹਾਈ ਸਕੂਲ ਸਾਈਟ। ਐਂਬਲਟਨ ਕੋਲ ਉਹ ਸਭ ਕੁੱਝ ਹੈ ਜਿਸਦੀ ਤੁਸੀਂ ਕਦੇ ਕਲਪਨਾ ਕਰ ਸਕਦੇ ਹੋ
1200 ਤੋਂ ਜਿਆਦਾ ਘਰ
8 ਫੇਸ ਹਨ
7.3 ਕਿਲੋਮੀਟਰ ਲੰਮਾਂ ਪਥ ਵੇਅ
5 ਪਾਰਕ
ਸਕੇਟਿੰਗ ਰਿੰਕ ਦੀ ਭਵਿੱਖੀ ਯੋਜਨਾ
ਹਾਈ ਸਕੂਲ ਦੀ ਭਵਿੱਖੀ ਯੋਜਨਾ
ਐਵਾਰਡ ਜੇਤੂ ਹੋਮ ਬਿਲਡਰ ਇਹ ਹਨ:
• Truman Homes • Shane Homes • Sterling Homes • Trico Homes • Broadview Homes • Jayman Built
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities





DAWSON'S LANDING
TERMERE
A QUALICO COMMUNITY
ਲੱਭੋ ਆਪਣਾ ਸੰਪੂਰਣ ਘਰ
ਨਵੀਆਂ ਲਾਟਾਂ ਆ ਗਈਆਂ ਹਨ
ਡਾਵਸਨ ਲੈਂਡਿੰਗ ਤੁਹਾਡੇ ਪਰਿਵਾਰਾਂ ਦੇ ਵਿਕਾਸ ਨੂੰ ਧਿਆਨ ਵਿੱਚ ਰੱਖਕੇ ਬਣਾਇਆ ਗਿਆ ਹੈ।ਚੈਸਟਰਮੀਅਰ ਦੀਆਂ ਝੀਲਾਂ ਦੇ ਨੇੜੇ ਉਸਾਰਿਆ ਗਿਆ ਡਾਵਸਨ ਲੈਂਡਿੰਗ,ਜਿੱਥੇ ਬਹੁਤ ਸਾਰੀਆਂ ਬਾਹਰੀ ਗਤੀਵਿਧੀਆਂ ਲਈ ਥਾਵਾਂ ਹਨ,ਜਿਵੇਂ ਸਕੂਲ,ਪਾਰਕ,ਸਾਪਿੰਗ ਸੈਂਟਰ,ਉਤੇ ਹੋਰ ਬਹੁਤ ਕੁੱਝ।ਵੱਖੋ ਵੱਖ ਤਰਾਂ ਦੇ ਮਾਡਲਾਂ ਵਾਲੇ ਘਰ ਕੈਲਗਰੀ ਅਤੇ ਇਸਦੇ ਆਸਪਾਸ ਵਾਲੇ ਨਾਮਵਰ ਬਿਲਡਿਰਾਂ ਵੱਲੋਂ ਬਣਾਏ ਜਾ ਰਹੇ ਹਨ।ਚੈਸਟਰਮੀਅਰ ਝੀਲ ਤੋਂ ਸਿਰਫ ਕੁੱਝ ਕੁ ਮਿੰਟਾਂ ਦੀ ਦੂਰੀ ਉੱਪਰ ਹੀ ਹਨ।ਸੋ ਤੁਸੀਂ ਮਾਣ ਨਾਲ ਕਹਿ ਸਕੋਗੇ ਕਿ ਤੁਹਾਡਾ ਘਰ ਡਾਵਸਨ ਲੈਂਡਿੰਗ ਵਿੱਚ ਹੈ।ਚੈਸਟਰਮੀਅਰ ਵਿੱਚ ਡਾਵਸਨ ਦੀ ਲੈਂਡਿੰਗ ਦਾ ਕੁਆਲਿਕੋ ਕਮਿਊਨਿਟੀਜ਼ ਡਿਵੈਲਪਮੈਂਟ ਕੈਨੇਡਾ ਅਤੇ ਵਿਸ਼ਵ ਵਿੱਚ ਸਟੋਰਮ ਵਾਟਰ ਕਿਡਨੀ ਨੂੰ ਲਾਗੂ ਕਰਨ ਵਾਲਾ ਪਹਿਲਾ ਰਿਹਾਇਸ਼ੀ ਵਿਕਾਸ ਹੈ। TM
4 ਮਿੰਟ ਵਿੱਚ ਚੈਸਟਰਮੀਅਰ ਬਾਈਕ ਪਾਰਕ ਤੱਕ ਪੈਦਲ
22 ਮਿੰਟ ਦੀ ਡਰਾਈਵ ਕੈਲਗਰੀ ਡਾਊਨਟਾਊਨ ਤੱਕ
4 ਮਿੰਟ ਦੀ ਡਰਾਈਵ ਐਨੀਵਰਸਿਰੀ ਪਾਰਕ ਤੱਕ
DUPLEX HOMES FROM THE MID $400s
LANED HOMES FROM THE LOW $500s
FRONT GARAGE FROM THE HIGH $600s
Stormwater Kidney™ Pathway System
liveindawsonslanding.ca
Trans-Canada Highway 5 minutes
Chestermere Blvd
Stoney Trail 5 minutes
Chestermere Lake 4 minutes
Rainbow Rd
Glenmore Trail 5 minutes
N
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities



Vermilion Hill
ਵਰਮਿਲੀਅਨ ਵਿੱਚ ਤੁਹਾਨੂੰ ਜੀ ਆਇਆਂ ਨੂੰ
ਪੜਚੋਲ ਕਰਨ ਲਈ ਜੀਓ
ਕਮਿਊਨਿਟੀ ਗਰੈਂਡ ਓਪਨਿੰਗ
ਸਨਿੱਚਰਵਾਰ 19 ਨਵੰਬਰ 2022
ਸਾਊਥ ਵੈਸਟ ਕੈਲਗਰੀ ਵਿੱਚ ਨਵੀਂ ਕਮਿਊਨਿਟੀ
ਵਰਮਿਲੀਅਨ ਹਿੱਲ, ਕੁਦਰਤ ਨਾਲ ਘਿਰਿਆ, ਫਿਸ਼ ਕ੍ਰੀਕ ਪਾਰਕ ਤੋਂ, ਕੁੱਝ ਕੁ ਕਦਮ ਦੂਰ ਹੈ । ਜਿਸ ਦਾ ਏਰੀਆ ਪੱਕੇ ਅਤੇ ਬੱਜਰੀ ਵਾਲੇ ਰਸਤੇ, ਪਿਕਨਿਕ ਖੇਤਰ, ਪਾਰਕ, ਅਤੇ ਹੋਰ ਬਹੁਤ ਕੁਝ ਨਾਲ ਭਰਿਆ ਹੋਇਆ ਹੈ। ਇੱਥੇ ਰਹਿਣ ਵਾਲੇ ਭਾਈਚਾਰੇ ਲਈ ਰੌਕੀ ਪਹਾੜਾਂ ਦੇ ਦ੍ਰਿਸ਼ ਅਤੇ ਆਸਾਨੀ ਨਾਲ ਬ੍ਰੈਗ ਕ੍ਰੀਕ ਅਤੇ ਕਨਨਾਸਕਿਸ ਤੱਕ ਪਹੁੰਚ ਹੈ।
ਵਰਮਿਲੀਅਨ ਹਿੱਲ ਉਹਨਾਂ ਪਰਿਵਾਰਾਂ ਲਈ ਸੰਪੂਰਨ ਸਥਾਨ ਹੈ ਜੋ ਬਾਹਰ ਦੇ ਖੁੱਲੇ-ਡੁੱਲੇ ਵਾਤਾਵਰਣ ਨੂੰ ਪਸੰਦ ਕਰਦੇ ਹਨ।
ਅੱਜ ਹੀ ਰਜਿਸਟਰ ਕਰੋ
liveinvermilionhill.com
ਡੁਪਲੈਕਸ ਹੋਮ ਫਰੌਮ ਦੀ ਲੋਅ $500s
ਲੇਨਡ ਹੋਮ ਫਰੌਮ ਦੀ ਮਿੱਡ $500s
ਫਰੰਟ ਗੈਰਾਜ ਫਰੌਮ ਦੀ ਮਿੱਡ $600s
→ ਪਹਿਲੇ 30 ਘਰਾਂ ਦੇ ਖਰੀਦਦਾਰਾਂ ਵਿੱਚੋਂ ਤੁਸੀਂ ਇੱਕ ਬਣੋ ਅਤੇ ਇਨਾਮ ਲਵੋ
ਐਵਾਰਡ ਜੇਤੂ ਬਿਲਡਰ
Homes by Avi | Genesis Builds | Shane Homes | NuVista Homes
Sterling Homes | Broadview Homes
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO® communities

# 'ਧੰਨੁ ਲੇਖਾਰੀ ਨਾਨਕਾ' ਨਾਟਕ ਦੀ ਸਫਲ ਪੇਸ਼ਕਾਰੀ ਨੇ ਕੈਲਗਰੀ ਵਿੱਚ ਧੰਨ-ਧੰਨ ਕਰਵਾ ਦਿੱਤੀ





ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ, ਅਦਾਰਾ ਸਿੱਖ ਵਿਰਸਾ ਇੰਟਰਨੈਸ਼ਨਲ ਤੇ ਅਦਾਰਾ ਸਰੋਕਾਰਾਂ ਦੀ ਆਵਾਜ਼ ਵਲੋਂ ਸਾਂਝੇ ਤੌਰ ਤੇ ਕਰਵਾਏ ਗਏ ਇਸ ਨਾਟਕ ਸਮਾਗਮ ਵਿੱਚ ਡਾ: ਸਾਹਿਬ ਸਿੰਘ ਦੇ ਸੋਲੋ ਨਾਟਕ ਤੋਂ ਇਲਾਵਾ ਪ੍ਰੌਗਰੈਸਿਵ ਕਲਾ ਮੰਚ ਕੈਲਗਰੀ ਦੀ ਬੱਚਿਆਂ ਦੀ ਯੂਨੀਅਰ ਟੀਮ ਵਲੋਂ ਇੱਕ ਸ਼ਾਨਦਾਰ ਤੇ ਪ੍ਰਭਾਵਸ਼ਾਲੀ ਕੋਰੀਉਗਰਾਫੀ 'ਜਿਹੜਾ ਗੀਤਾਂ ਵਿੱਚ ਨਿੱਤ ਬੰਦੇ ਮਾਰਦਾ, ਜੀਹਨੂੰ ਭੋਰਾ ਨਹੀਉਂ ਡਰ ਸਰਕਾਰ ਦਾ ਤੇ ਨਿੱਤ ਪੁੱਠੇ ਪੰਗੇ ਲੈਂਦਾ ਏ, ਸਾਨੂੰ ਦੱਸਿਓ, ਜ਼ਰਾ ਕੁ ਗੌਣ ਵਾਲ਼ਿਓ,ਓਹ ਜੱਟ ਕਿਹੜੇ ਪਿੰਡ ਰਹਿੰਦਾ ਏ ' ਪੇਸ਼ ਕੀਤੀ ਗਈ।ਯਾਦ ਰਹੇ ਪੰਜਾਬੀ ਗੀਤਾਂ ਵਿੱਚ ਇੱਕ ਅਜਿਹੇ ਜੱਟ ਦੀ ਤਸਵੀਰ ਪੇਸ਼ ਕੀਤੀ ਜਾਂਦੀ ਹੈ,'ਜੋ ਬੰਦਾ ਮਾਰ ਕੇ ਕਸੂਰ ਪੁੱਛਦਾ ਹੈ,ਜੋ ਕਚਹਿਰੀਆਂ 'ਚ ਮੇਲੇ ਲਾਉਂਦਾ ਹੈ', 'ਜਿਹੜਾ, ਜਿੱਥੇ ਹੁੰਦੀ ਹੈ, ਪਾਬੰਦੀ ਹਥਿਆਰ ਦੀ, ਉਥੇ ਉਹ ਫਾਇਰ ਕਰਦਾ ਹੈ'। ਕੋਰੀਗਰਾਫੀ ਰਾਹੀਂ ਬੱਚਿਆਂ ਵਲੋਂ ਗਾਇਕਾਂ ਨੂੰ ਵੰਗਾਰ ਪਾਈ ਗਈ ਕਿ ਆਮ ਜੱਟ ਤਾਂ ਕਰਜੇ ਦਾ ਮਾਰਾ ਖੁਦਕੁਸ਼ੀਆਂ ਕਰ ਰਿਹੈ ਤੇ ਤੁਸੀਂ ਕਿਹੜੇ ਜੱਟ ਦੀ ਗੱਲ ਕਰਦੇ ਹੋ। ਅਖੀਰ ਵਿੱਚ ਖੁਸਕਸ਼ੀਆਂ ਕਰ ਰਹੇ ਕਿਸਾਨ ਨੂੰ ਸੁਨੇਹਾ ਦਿੱਤਾ ਗਿਆ: 'ਮਰਦ ਦਲੇਰ ਕਮਲ਼ਿਆ ਕਦੇ ਖੁਦਕੁਸ਼ੀਆਂ ਨਹੀਂ ਕਰਦੇ॥।' ਸਮਾਗਮ ਦੀ ਸ਼ੁਰੂਆਤ ਕਰਦੇ ਹੋਏ ਸਿੱਖ ਵਿਰਸਾ ਦੇ ਮੁੱਖ ਸੰਪਾਦਕ ਹਰਚਰਨ ਸਿੰਘ ਪਰਹਾਰ ਵਲੋਂ ਸਭ ਦਰਸ਼ਕਾਂ ਨੂੰ ਜੀ ਆਇਆਂ ਕਿਹਾ ਤੇ ਵੱਖ-ਵੱਖ ਸੰਸਥਾਵਾਂ ਤੇ ਮੀਡੀਆ ਦਾ ਧੰਨਵਾਦ ਕੀਤਾ।ਪ੍ਰੋਗਰਾਮ ਦੌਰਾਨ ਸਟੇਜ ਦੀਆਂ ਸੇਵਾਵਾਂ ਮਾਸਟਰ ਭਜਨ ਸਿੰਘ ਤੇ ਕਮਲਪ੍ਰੀਤ ਪੰਧੇਰ ਨੇ ਨਿਭਾਈਆਂ। ਤਰਕਸ਼ੀਲ ਸੁਸਾਇਟੀ ਦੀ ਕੈਲਗਰੀ ਬਰਾਂਚ ਦੇ ਜਨਰਲ ਸਕੱਤਰ ਬੀਰਬਲ ਭਦੌੜ ਵੱਲੋਂ ਜਾਦੂ ਦੇ ਕੁੱਝ ਟਰਿੱਕ ਪੇਸ਼ ਕੀਤੇ ਗਏ।ਉਨ੍ਹਾਂ ਦਰਸ਼ਕਾਂ ਨੂੰ ਸੰਬੋਧਨ ਹੁੰਦੇ ਹੋਏ ਦੱਸਿਆ ਕਿ ਜਾਦੂ ਜਾਂ ਕਰਾਮਾਤ ਨਾਮ ਦੀ ਕੋਈ ਸ਼ੈਅ ਨਹੀਂ ਹੁੰਦੀ, ਇਹ ਸਿਰਫ ਟਰਿੱਕ ਹੁੰਦੇ ਹਨ, ਜੋ ਕੋਈ ਵੀ ਸਿੱਖ ਸਕਦਾ ਹੈ। ਉਨ੍ਹਾਂ ਲੋਕਾਂ ਨੂੰ ਲੁਟੇਰੇ ਤੇ ਪਾਖੰਡੀ ਬਾਬਿਆਂ ਤੇ ਤੰਤਰਿਕਾਂ ਤੋਂ ਬਚਣ ਦੀ ਸਲਾਹ ਦਿੱਤੀ।ਤਰਕਸ਼ੀਲ ਸੁਸਾਇਟੀ ਵੱਲੋਂ ਦਰਸ਼ਕਾਂ ਨੂੰ ਆਪਣਾ ਸਾਹਿਤ ਵੀ ਵੰਡਿਆ। ਡਾ: ਸਾਹਿਬ ਸਿੰਘ ਵੱਲੋਂ ਇਕੱਲੇ ਹੀ ਵੱਖੋ ਵੱਖ ਰੋਲ ਨਿਭਾਉਂਦੇ ਹੋਏ ਮੰਚ ਉਪਰੋਂ ਬੋਲੇ ਗਏ ਸੰਵਾਦ ਦਰਸਕਾਂ ਨੂੰ ਕੀਲਣ ਵਿੱਚ ਕਾਮਯਾਬ ਰਹੇ। 'ਸਿਰ ਤਾਂ ਸਿਰ ਏ, ਇਹ ਪੱਗ ਥੱਲੇ ਵੀ ਹੋ ਸਕਦਾ, ਏ ਚੁੰਨੀ ਥੱਲੇ ਵੀ, ਏ ਟੋਪੀ ਥੱਲੇ ਵੀ ਹੋ ਸਕਦਾ ਤੇ ਏਹ ਨੰਗਾ ਵੀ ਹੋ ਸਕਦਾ, ਸਿਰ ਸਿਰਫ ਤੇਰਾ ਹੋਣਾ ਚਾਹੀਦਾ, ਬਾਤ ਸਿਰਫ ਏਨੀ ਹੈ, ਜਦੋਂ ਲਿਖਣ ਲੱਗੇਂ, ਤੂੰ ਸਿਰਾਂ ਉਤੇ ਕੀ ਹੈ, ਏ ਨਾ ਦੇਖੀਂ, ਤੂੰ ਜਾਗਦੇ ਸਿਰਾਂ ਦੀ ਬਾਤ ਪਾਈਂ ॥' ਇਹ ਬੋਲ ਸਨ, ਸੋਲੋ ਨਾਟਕ 'ਧੰਨੁ ਲੇਖਾਰੀ ਨਾਨਕਾ' ਦੇ ਜੋ ਉਘੇ ਲੇਖਕ, ਨਿਰਦੇਸ਼ਕ, ਰੰਗ ਕਰਮੀ ਤੇ ਫਿਲਮੀ ਅਦਾਕਾਰ ਡਾ: ਸਾਹਿਬ ਸਿੰਘ ਵੱਲੋਂ 22 ਅਕਤੂਬਰ ਨੂੰ ਰੈਡ ਸਟੋਨ ਥੀਏਟਰ ਵਿਖੇ ਦਰਸ਼ਕਾਂ ਦੇ ਭਰਵੇਂ ਇਕੱਠ ਵਿੱਚ ਖੇਡਿਆ ਗਿਆ। ਇਸ ਮੌਕੇ ਤੇ ਸਮਾਗਮ ਅਯੋਜਿਤ ਕਰ ਰਹੀਆਂ ਸੰਸਥਾਵਾਂ ਵਲੋਂ ਪ੍ਰੌਗਰੈਸਿਵ ਕਲਾ ਮੰਚ ਕੈਲਗਰੀ ਦੀ ਕਲਾਕਾਰ ਤੇ ਲੇਖਿਕਾ ਅਮਰੀਤ ਗਿੱਲ ਦੀ ਅੰਗਰੇਜ਼ੀ ਕਵਿਤਾਵਾਂ ਦੀ ਕਿਤਾਬ 'ਠਹਏ ੌਰਲਦ ਨਿ ੍ਰਉਨਦਸ', ਇੰਡੀਆ ਦੇ ਨਾਮੀ ਜਨਰਲਿਸਟ ਰਵੀਸ਼ ਕੁਮਾਰ ਦੀ ਅੰਗਰੇਜ਼ੀ ਕਿਤਾਬ 'ਠਹਏ ਢਰਏਏ ਡੌਚਿਏ ੋਨ ਧਏਮੋਚਰਉਚੇ, ਛੁਲਟੁਰਏ ੳਨਦ 'ੳਟਿਨ' ਦਾ ਪੰਜਾਬੀ ਅਨੁਵਾਦ 'ਲੋਕਤੰਤਰ, ਸੱਭਿਅਚਾਰ ਅਤੇ ਰਾਸ਼ਟਰ ਬਾਰੇ: ਬੋਲ ਬੰਦਿਆ' ਅਤੇ ਪੰਜਾਬੀ ਦੇ ਉਘੇ ਸ਼ਾਇਰ ਸ਼ਹੀਦ ਅਵਤਾਰ ਪਾਸ਼ ਦੀਆਂ ਚੋਣਵੀਆਂ ਕਵਿਤਾਵਾਂ ਅਧਾਰਿਤ ਲੇਖਕ ਤੇ ਆਲੋਚਕ ਡਾ: ਸੁਰਿੰਦਰ ਧੰਜਲ ਕੈਮਲੂਪਸ ਵੱਲੋਂ ਸੰਪਾਦਿਤ ਕਿਤਾਬ 'ਖੇਤਾਂ ਦਾ ਪੁੱਤ: ਪਾਸ਼' ਨੂੰ ਡਾ: ਸਾਹਿਬ ਸਿੰਘ, ਡਾ ਸੁਰਿੰਦਰ ਧੰਜਲ ਤੇ ਕੈਲਗਰੀ ਦੀਆਂ ਵੱਖ-ਵੱਖ ਸੰਸਥਾਵਾਂ ਤੇ ਮੀਡੀਆ ਸਖਸ਼ੀਅਤਾਂ ਵੱਲੋਂ ਰਿਲੀਜ਼ ਕੀਤੀਆਂ ਗਈਆਂ। ਇਸ ਮੌਕੇ ਤੇ ਡਾ: ਸਾਹਿਬ ਸਿੰਘ ਅਤੇ ਡਾ: ਸੁਰਿੰਦਰ ਧੰਜਲ ਨੂੰ ਕੈਲਗਰੀ ਦੀਆਂ ਮਾਨਯੋਗ ਸਖਸ਼ੀਅਤਾਂ ਵਲੋਂ ਉਨ੍ਹਾਂ ਦੀਆਂ ਸਮਾਜ ਪ੍ਰਤੀ ਲੋਕ-ਪੱਖੀ ਸੇਵਾਵਾਂ ਲਈ ਵਿਸ਼ੇਸ਼ ਪਲੈਕਸ ਨਾਲ ਸਨਮਾਨਿਤ ਕਰਨ ਤੋਂ ਇਲਾਵਾ ਪ੍ਰੌਗਰੈਸਿਵ ਕਲਾ ਮੰਚ ਦੇ ਯੂਨੀਅਰ ਕਲਾਕਾਰਾਂ ਨੂੰ ਟਰਾਫੀਆਂ ਨਾਲ਼ ਸਨਾਮਮਿਤ ਕੀਤਾ ਗਿਆ। ਨਾਟਕ ਸਮਾਗਮ ਦੌਰਾਨ ਕੁੱਝ ਮਤੇ ਪੇਸ਼ ਕੀਤੇ ਗਏ, ਜਿਨ੍ਹਾਂ ਨੂੰ ਦਰਸ਼ਕਾਂ ਨੇ ਭਾਰੀ ਉਤਸ਼ਾਹ ਨਾਲ਼ ਹੱਥ ਖੜੇ ਕਰਕੇ ਪ੍ਰਵਾਨਗੀ ਦਿੱਤੀ।



# ਕਈ ਬਾਰ ਮਾਣ ਸਨਮਾਨ ਤਾਂ ਇਉਂ ਵੀ ਕਰ ਦਿੱਤਾ ਜਾਂਦਾ ਹੈ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵਿਖੇ ਪਿਛਲੇ ਦਿਨੀ ਹਾਕੀ ਦਾ ਬਹੁਤ ਵੱਡਾ ਭਾਰੀ ਗਿਣਤੀ ਵਿੱਚ ਦਰਸਕਾਂ ਦਾ ਤਿੰਨ ਦਿਨਾਂ ਮੇਲਾ ਹੋਇਆ। ਜਿਸ ਵਿੱਚ ਜੇਤੂ ਟੀਮਾਂ ਤੋਂ ਇਲਾਵਾ ਦਰਸਕਾਂ ਨੂੰ ਵੀ ਲੱਕੀ ਡਰਾਅ ਵਿੱਚ ਇਨਾਮ ਕੱਢੇ ਗਏ ਸਨ ਜੋ ਕਿ ਕੈਲਗਰੀ ਦੇ ਹੀ ਬਿਜਨਿਸਮੈਨਾਂ ਵੱਲੋਂ ਸਪਾਂਸਰ ਕੀਤੇ ਗਏ ਸਨ ਪਰ ਇਸ ਖੇਡ ਮੇਲੇ ਦੀ ਵਿਸ਼ੇਸ਼ਤਾ ਇਹ ਰਹੀ ਕਿ ਉਹਨਾਂ ਦੇ ਹਿੱਸੇ ਵੀ ਇਨਾਮ ਆ ਗਿਆ ਜਿਹੜੇ ਨਾਂ ਤਾਂ ਕਿਸੇ ਟੀਮ ਵਿੱਚ ਜੇਤੂ ਸਨ ਅਤੇ ਨਾ ਹੀ ਦਰਸਕਾਂ ਵਾਲੇ ਲੱਕੀ ਡਰਾਅ ਵਿੱਚ ਉਹਨਾਂ ਦਾ ਨਾਂ ਆਇਆ ਸੀ। ਹੋਇਆ ਇਸ ਤਰਾਂ ਕਿ ਇਨਾਮ ਵੰਡੇ ਜਾ ਰਹੇ ਸਨ ਪਰ ਵੰਡੇ ਜਾ ਰਹੇ ਇਨਾਮਾਂ ਵੱਲ ਵੇਖ ਵੇਖ ਇੱਕ ਬੱਚਾ ਇਸ ਤਰਾਂ ਮਹਿਸੂਸ ਕਰ ਰਿਹਾ ਸੀ ਕਿ ਸ਼ਾਇਦ ਇਸ ਤੋਂ ਅਗਲੀ ਵਾਰੀ ਮੇਰੀ ਆਵੇਗੀ ਇਸ ਸਾਰੇ ਸੀਨ ਨੂੰ ਮੈਨੀ ਮਸਾਜ ਵਾਲੇ ਜੋ ਕਿ ਇਸ ਹਾਕੀ ਖੇਡ ਮੇਲੇ ਦੇ ਸਪਾਂਸਰ ਵੀ ਸਨ, ਮਨਪ੍ਰੀਤ ਰਾਇ ਹੋਰੀ ਆਪਣੇ ਜਜ਼ਬਾਤੀ ਮਨ ਨਾਲ ਨੋਟ ਕਰ ਰਹੇ ਸਨ। ਜਦੋਂ ਸਾਰੇ ਇਨਾਮ ਵੰਡੇ ਜਾ ਚੁੱਕੇ ਸਨ ਤਾਂ ਮਨਪ੍ਰੀਤ ਰਾਇ ਹੋਰਾਂ ਨੇ ਉਸ ਬੱਚੇ ਦੀ ਬਾਂਹ ਫੜਦਿਆਂ ਉਸ ਲਈ ਵੀ ਨਕਦ ਇਨਾਮ ਦਾ ਐਲਾਨ ਕਰ ਦਿੱਤਾ ਅਤੇ ਮੌਕੇ ਉੱਪਰ ਹੀ 50 ਡਾਲਰ ਦੀ ਨਕਦ ਰਾਸ਼ੀ ਨਾਲ ਉਸ ਬੱਚੇ ਦੇ ਸੁਪਨੇ ਨੂੰ ਸੱਚ ਕਰ ਵਿਖਾਇਆ। ਫੋਟੋ ਵਿੱਚ ਬੱਚੇ ਨਾਲ ਹਾਕੀ ਖੇਡ ਮੇਲੇ ਦੇ ਪਰਬੰਧਕਾਂ ਵਿੱਚੋਂ ਰਿੰਕੂ ਪੁਰੀ ਮਾਣੂੰਕਿਆਂ ਵਾਲਾ ਅਤੇ ਮਨਪ੍ਰੀਤ ਰਾਇ ਨਜ਼ਰ ਆ ਰਹੇ ਹਨ।

# ਗਲੋਬਲ ਪਰਵਾਸੀ ਸੀਨੀਅਰ ਸੋਸਾਇਟੀ ਕੈਲਗਰੀ ਦੇ ਬਜ਼ੁਰਗਾਂ ਨੇ ਦੀਵਾਲੀ ਮੌਕੇ ਖੂਬ ਰੌਣਕਾਂ ਲਾਈਆਂ






ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕਨੇਡਾ ਵਸਦੇ ਪੰਜਾਬੀ ਮੂਲ ਦੇ ਬਜੁਰਗਾਂ ਵੱਲੋਂ ਕੈਲਗਰੀ ਵਿਖੇ ਹਰ ਸਾਲ ਦੀ ਤਰਾਂ ਇਸ ਸਾਲ ਵੀ ਦੀਵਾਲੀ ਦੀਆਂ ਰੌਣਕਾਂ ਨੂੰ ਜ਼ਿੰਦਗੀ ਦੀਆਂ ਰੌਸਨੀਆਂ ਦੇ ਤਿਓਹਾਰ ਵੱਜੋਂ ਮਨਾਇਆ ਗਿਆ। ਗਲੋਬਲ ਪਰਵਾਸੀ ਸੀਨੀਅਰ ਸੋਸਾਇਟੀ ਕੈਲਗਰੀ ਵੱਲੋਂ ਸੰਸਥਾ ਦੇ ਸੰਸਥਾਪਕ ਸੱਤਪਾਲ ਕੌਂਸਿਲ ਅਤੇ ਸਾਥੀਆਂ ਦੀ ਸਹਾਇਤਾ ਨਾਲ ਵਾਈਟਹਾਰਨ ਕਮਿਓਨਿਟੀ ਹਾਲ ਵਿਖੇ ਦੀਵਾਲੀ ਸਬੰਧੀ ਮਨਾਏ ਜਾ ਰਹੇ ਪਰੋਗਰਾਮ ਦਾ ਉਸ ਵੇਲੇ ਸਿਖਰ ਹੋ ਨਿਭੜਿਆ ਜਦੋਂ ਇਸ ਉਮਰੇ ਖੂੰਡੇ ਦਾ ਸਹਾਰਾ ਲੱਭਣ ਵਾਲੇ ਬਜੁਰਗ ਮਰਦ ਅਤੇ ਔਰਤਾਂ ਨੇ ਸੰਗੀਤ ਦੀ ਤਾਲ ਉੱਪਰ ਜੰਮਕੇ ਠੁਮਕੇ ਲਗਾਏ। ਅਮਰਜੀਤ ਰੱਖੜਾ,ਸਿਮਰਨ ਸੈਣੀ,ਸੁਰਜੀਤ ਹੇਅਰ,ਅਤੇ ਡੇਜ਼ੀ ਢਿੱਲੋਂ ਨੇ ਕੀ ਨੋਟ ਸਪੀਕਰ ਵੱਜੋਂ ਹਾਜਰੀ ਲਗਵਾਈ। ਰਵੀ ਜਨਾਗਲ ਦੇ ਗੀਤਾਂ ਨੇ ਫਿਲਮੀ ਰੰਗ ਬੰਨ ਦਿਤਾ।ਮੰਚ ਉਪਰੋਂ ਬੁਲਾਰਿਆਂ ਨੇ ਜਿੰਦਗੀ ਦੇ ਇਹਨਾਂ ਪੱਤਝੜ ਵਰਗੇ ਸਾਲਾਂ ਪਰ ਉਹਨਾਂ ਦਾ ਰੰਗ ਸੁਨਹਿਰੀ ਮਹਿਸੂਸ ਕਰਨ ਦੀਆਂ ਗੱਲਾਂ ਕੀਤੀਆਂ। ਸੰਸਥਾ ਦੇ ਕੁੱਝ ਬਜੁਰਗਾਂ ਜਿਹਨਾਂ ਵਿੱਚ ਤਾਸ ਦੀ ਬਾਜੀ ਜਿੱਤਣ ਵਾਲੀ ਟੀਮ ਵੀ ਹਾਜਿਰ ਸੀ, ਨੂੰ ਮਾਣ ਸਨਮਾਨ ਵੀ ਸਾਰਿਆਂ ਦੀ ਹਾਜਰੀ ਵਿੱਚ ਪ੍ਰਦਾਨ ਕੀਤਾ ਗਿਆ। ਡਿੱਨਰ ਦਾ ਆਨੰਦ ਮਾਨਣ ਉਪਰੰਤ ਆਪੋ ਆਪਣੇ ਘਰਾਂ ਨੂੰ ਚਾਲਕੇ ਪਾਉਂਦਿਆਂ ਪਿਛਲੀ ਉਮਰੇ ਇਕਲੌਤੇਪਣ ਦੇ ਦੈਂਤ ਨੂੰ ਦੂਰ ਭਜਾਉਣ ਲਈ ਇਹ ਪਰੋਗਰਾਮ ਸਫਲ ਹੋ ਨਿਭੜਿਆ।



# ਰਾਮ ਰਹੀਮ ਦੀ ਪੈਰੋਲ ਨੂੰ ਸ਼ਾਂਤੀ ਭੰਗ ਹੋਣ ਲਈ ਖ਼ਤਰਾ ਦੱਸਦਿਆਂ ਹਾਈਕੋਰਟ 'ਚ ਚੁਣੌਤੀ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਡੇਰਾ ਮੁਖੀ ਰਾਮ ਰਹੀਮ ਨੂੰ ਪੈਰੋਲ ਦੇਣ ਦਾ ਮਾਮਲਾ ਹਾਈਕੋਰਟ ਵਿਚ ਪਹੁੰਚ ਗਿਆ ਹੈ। ਹਾਈਕੋਰਟ ਵਿਚ ਪਟੀਸ਼ਨ ਦਾਖਲ ਕਰਦੇ ਹੋਏ ਐਡਵੋਕੇਟ ਐੱਚ.ਸੀ. ਅਰੋੜਾ ਨੇ ਕਿਹਾ ਕਿ ਰਾਮ ਰਹੀਮ ਨੂੰ ਪੈਰੋਲ ਦੇਣ ਦੇ ਚੱਲਦੇ ਸ਼ਾਂਤੀ ਭੰਗ ਹੋਣ ਦਾ ਖਤਰਾ ਵਧ ਗਿਆ ਹੈ। ਰਾਮ ਰਹੀਮ ਯੂ ਟਿਊਬ 'ਤੇ ਵੀਡੀਓ ਪਾ ਰਿਹਾ ਹੈ ਜੋ ਡਿਲੀਟ ਕੀਤੇ ਜਾਣੇ ਚਾਹੀਦੇ ਹਨ। ਰਾਮ ਰਹੀਮ ਦੇ ਪੈਰੋਲ 'ਤੇ ਬਾਹਰ ਆਉਣ ਦੇ ਬਾਅਦ ਤੋਂ ਹੀ ਲਗਾਤਾਰ ਡੇਰਾ ਸਮਰਥਕਾਂ ਤੇ ਆਮ ਲੋਕਾਂ ਵਿਚ ਤਣਾਅ ਦਾ ਸਿਲਸਿਲਾ ਵਧਣ ਲੱਗਾ ਹੈ। ਹਾਈਕੋਰਟ ਵਿਚ ਦਾਖਲ ਇਸ ਪਟੀਸ਼ਨ 'ਤੇ ਜਲਦ ਸੁਣਵਾਈ ਹੋਵੇਗੀ। ਇਸ ਤੋਂ ਪਹਿਲਾਂ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਐਡਵੋਕੇਟ ਐੱਚ.ਸੀ. ਅਰੋੜਾ ਨੇ ਹਰਿਆਣਾ ਸਰਕਾਰ ਨੂੰ ਲੀਗਲ ਨੋਟਿਸ ਜਾਰੀ ਕਰਕੇ ਰਾਮ ਰਹੀਮ ਦੀ ਪੈਰੋਲ ਨੂੰ ਰੱਦ ਕਰਨ ਦੀ ਮੰਗ ਕੀਤੀ ਸੀ। ਹੱਤਿਆ ਤੇ ਸਾਧਵੀਆਂ ਨਾਲ ਯੌਨ ਸ਼ੋਸ਼ਣ ਦੇ ਮਾਮਲੇਵਿਚ ਸਜ਼ਾ ਕੱਟ ਰਹੇ ਗੁਰਮੀਤ ਰਾਮ ਰਹੀਮ ਨੂੰ ਕੁਝ ਸਮਾਂ ਪਹਿਲਾਂ ਪੈਰੋਲ ਦਿੱਤੀ ਗਈ ਸੀ। ਕਾਨੂੰਨੀ ਨੋਟਿਸ ਜਾਰੀ ਕਰਦਿਆਂ ਐਡਵੋਕੇਟਐਚ.ਸੀ. ਅਰੋੜਾ ਨੇ ਕਿਹਾ ਕਿ ਰਾਮ ਰਹੀਮ ਬਹੁਤ ਗੰਭੀਰ ਅਪਰਾਧਾਂ ਦਾ ਦੋਸ਼ੀ ਹੈ ਅਤੇ ਅਜਿਹੇ ਅਪਰਾਧੀ ਨੂੰ ਪੈਰੋਲ ਦਾ ਲਾਭ ਨਹੀਂ ਦਿੱਤਾ ਜਾਣਾ ਚਾਹੀਦਾ। ਅਰੋੜਾ ਨੇ ਹਰਿਆਣਾ ਸਰਕਾਰ ਨੂੰ ਕਾਨੂੰਨੀ ਨੋਟਿਸ 'ਚ ਰਾਮ ਰਹੀਮ ਦੀ ਪੈਰੋਲ ਤੁਰੰਤ ਰੱਦ ਕਰਨ ਦੀ ਮੰਗ ਕੀਤੀ ਹੈ। ਅਰੋੜਾ ਨੇ ਨੋਟਿਸ 'ਚ ਕਿਹਾ ਹੈ ਕਿ ਅਜਿਹੇ ਅਪਰਾਧੀ ਨੂੰ ਆਪਣਾ ਪ੍ਰਚਾਰ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ। ਡੇਰਾ ਮੁਖੀ ਰਾਮ ਰਹੀਮ ਰੋਹਤਕ ਦੀ ਸੁਨਾਰੀਆ ਜੇਲ੍ਹ ਤੋਂ 40 ਦਿਨਾਂ ਦੀ ਪੈਰੋਲ 'ਤੇ ਬਰਨਾਵਾ ਆਸ਼ਰਮ 'ਚ ਹੈ। ਇਸ ਦੌਰਾਨ ਉਹ ਪਹਿਲਾਂ ਵਾਂਗ ਸਟੇਜ 'ਤੇ ਬੈਠਦਾ ਹੈ, ਆਨਲਾਈਨ ਆਉਂਦਾ ਹੈ ਅਤੇ ਹੱਥ 'ਚ ਮੋਰ ਦੇ ਖੰਭ ਲੈ ਕੇ ਸਤਿਸੰਗ ਕਰਦਾ ਹੈ। ਇਸ ਤੋਂ ਇਲਾਵਾ ਉਹ ਭਜਨ ਵੀ ਗਾਉਂਦੇ ਹੈ ਅਤੇ ਸ਼ਰਧਾਲੂਆਂ ਨੂੰ ਗੁਰੂ ਮੰਤਰ ਦਿੰਦਾ ਹੈ। ਹਰਿਆਣਾ 'ਚ ਪੰਚਾਇਤੀ ਚੋਣਾਂ ਤੋਂ ਪਹਿਲਾਂ ਪੈਰੋਲ 'ਤੇ ਰਿਹਾਅ ਹੋਏ ਡੇਰਾ ਸੱਚਾ ਸੌਦਾ ਮੁਖੀ ਰਾਮ ਰਹੀਮ ਦੇ ਡੇਰੇ 'ਤੇ ਪੰਜਾਬ ਦੇ ਇਕ ਮੰਤਰੀ ਦੀ ਮੌਜੂਦਗੀ ਵਿਵਾਦਾਂ 'ਚ ਘਿਰ ਗਈ ਹੈ। ਡੇਰਾ ਮੁਖੀ ਨੂੰ ਵਾਰ-ਵਾਰ ਮਿਲੀ ਪੈਰੋਲ 'ਤੇ ਕਈ ਲੋਕਾਂ ਨੇ ਸਵਾਲ ਖੜ੍ਹੇ ਕੀਤੇ ਸਨ।

# ਜਥੇ. ਗਿ. ਹਰਪ੍ਰੀਤ ਸਿੰਘ ਦੀ ਪਾਕਿ ਫੇਰੀ ਨੂੰ ਵਿਵਾਦਿਤ ਬਣਾਉਣ ਲਈ ਗ਼ੈਰ ਸਿੱਖ ਮੀਡੀਆ ਨੇ ਕਮਰ ਕੱਸੀ

ਅੰਮ੍ਰਿਤਸਰ (ਪੰਜਾਬੀ ਅਖਬਾਰ ਬਿਊਰੋ)-:ਸਾਕਾ ਪੰਜਾ ਸਾਹਿਬ ਦੀ ਸ਼ਤਾਬਦੀ ਮਨਾਉਣ ਲਈ ਪਾਕਿਸਤਾਨ ਗਏ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਦੀ ਫੇਰੀ ਨੂੰ ਵਿਵਾਦਗ੍ਰਸਤ ਬਣਾਉਣ ਲਈ ਗੈਰ ਸਿੱਖ ਮੀਡੀਆ ਨੇ ਕਮਰ ਕੱਸ ਲਈ ਹੈ। ਜਥੇਦਾਰ ਦੀ ਇਕ ਤਸਵੀਰ ਨੂੰ ਲੈ ਕੇ ਖੂਬ ਚਰਚਾ ਕੀਤੀ ਜਾ ਰਹੀ ਹੈ। ਦਰਅਸਲ ਸ਼੍ਰੋਮਣੀ ਕਮੇਟੀ ਦੇ ਆਈ ਟੀ ਵਿੰਗ ਦੀ ਟੀਮ ਵਲੋਂ ਜਥੇਦਾਰ ਦੀ ਇਕ ਵੀਡੀਓ ਸੋਸ਼ਲ ਮੀਡੀਆ 'ਤੇ ਪਾਈ ਗਈ ਜਿਸ ਨੂੰ ਬਾਅਦ ਵਿਚ ਕਿਸੇ ਕਾਰਨ ਕਰਕੇ ਹਟਾ ਲਿਆ ਗਿਆ। ਕਿਹਾ ਜਾਂਦਾ ਹੈ ਕਿ ਉਸ ਵੀਡੀਓ ਵਿਚ ਮੌਜੂਦ ਇਕ ਵਿਅਕਤੀ 1984 'ਚ ਸ੍ਰੀਨਗਰ ਹਵਾਈ ਅੱਡੇ ਤੋਂ ਇੰਡੀਅਨ ਏਅਰਲਾਈਨਜ਼ ਫਲਾਈਟ ਆਈ ਸੀ 405 ਨੂੰ ਹਾਈਜੈਕ ਕਰਨ ਵਾਲਾ ਹੈ। ਹਾਲਾਂਕਿ ਇਸ ਵਿਅਕਤੀ ਦੀ ਪਹਿਚਾਣ ਨੂੰ ਲੈ ਕੇ ਨਾ ਤਾਂ ਕਿਸੇ ਨੇ ਪੁਸ਼ਟੀ ਕੀਤੀ ਹੈ ਤੇ ਨਾ ਹੀ ਕਿਸੇ ਨੇ ਖੰਡਨ ਕੀਤਾ ਹੈ।ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨਾਲ ਕਈ ਸਿੱਖ ਗੁਰਦਵਾਰਾ ਪੰਜਾ ਸਾਹਿਬ ਗਏ ਹੋਏ ਹਨ। ਸੋਸ਼ਲ ਮੀਡੀਆ ਤੇ ਚਰਚਾ ਹੈ ਤੇ ਕੁਝ ਹਿੰਦੀ ਅਖ਼ਬਾਰ ਦਾਅਵਾ ਕਰਦੇ ਹਨ ਕਿ ਤਸਵੀਰ ਵਿਚਲਾ ਵਿਅਕਤੀ ਸਿੱਖ ਜੰਮੂ ਨਿਵਾਸੀ ਪਿੰਕਾ ਨਾਮਕ ਖਾੜਕੂ ਹੈ ਅਤੇ ਇਸ ਨੂੰ ਰਵਿੰਦਰ ਸਿੰਘ ਉਰਫ਼ ਰਣਜੀਤ ਸਿੰਘ ਉਰਫ਼ ਮਨਜੀਤ ਸਿੰਘ ਦੇ ਨਾਵਾਂ ਨਾਲ ਜਾਣਿਆ ਜਾਂਦਾ ਹੈ।



# ਤੇਰੇ ਕੋਲੋਂ ਹਲ਼ ਨਹੀਂ ਵਾਹ ਹੋਣਾ-ਖੇਤੀ ਦਾ ਕੰਮ ਬਹੁਤ ਔਖਾ ਹੈ




ਸਾਲ 1978 ਤੋਂ 1981 ਦਾ ਦੌਰ - ਮੇਰੇ ਪਿੰਡ ਤੁੰਗਵਾਲੀ ਜਿਲਾ ਬਠਿੰਡਾ ਦੇ ਹਾਈ ਸਕੂਲ ਵਿੱਚ ਦੋ ਅਧਿਆਪਕ ਸ: ਗੋਬਿੰਦ ਸਿੰਘ ਅਤੇ ਸ: ਹਰਨੇਕ ਸਿੰਘ ਕਿਸੇ ਹੋਰ ਸਕੂਲ ਤੋਂ ਬਦਲਕੇ ਆਉਂਦੇ ਹਨ। ਆਮ ਅਧਿਆਪਕਾਂ ਨਾਲੋਂ ਬੜਾ ਵੱਖਰਾ ਕਿਰਦਾਰ, ਵੱਖਰੀ ਗੱਲਬਾਤ,ਕਲਾਸ ਵਿੱਚ ਪੜ੍ਹਾਉਣ ਦਾ ਵੀ ਵੱਖਰਾ ਹੀ ਸਟਾਈਲ - ਭਾਵੇਂ ਉਹਨੀ ਦਿਨੀ ਸਾਡੀ ਉਮਰ ਦੀ ਨਿਆਣੀ ਮੱਤ ਅਨੁਸਾਰ ਸਾਨੂੰ ਚੰਗੇ ਤਾਂ ਨਹੀਂ ਲੱਗਦੇ ਸਨ ਪਰ ਉਹਨਾਂ ਦੇ ਆਖੇ ਬੋਲਾਂ ਨੇ ਮੇਰੀ ਜ਼ਿੰਦਗੀ ਬਦਲ ਦਿੱਤੀ। ਮੇਰੇ ਦਸਵੀਂ ਕਲਾਸ ਤੱਕ ਜਾਂਦੇ ਜਾਂਦੇ ਸ: ਗੋਬਿੰਦ ਸਿੰਘ ਜੀ ਸਕੂਲ ਦੇ ਹੈਡਮਾਸਟਰ ਬਣ ਚੁੱਕੇ ਸਨ। ਮੇਰੀ ਉਮਰ ਦਾ 17ਵਾਂ 18ਵਾਂ ਸਾਲ ਹੋਣ ਕਾਰਣ ਮੇਰਾ ਪੜ੍ਹਾਈ ਵੱਲੋਂ ਮਨ ਪਾਸੇ ਹੱਟਕੇ ਥੋੜਾ ਇਧਰ ਉਧਰ ਦੀਆਂ ਸ਼ਰਾਰਤਾਂ ਵੱਲ ਜਾ ਰਿਹਾ ਸੀ। ਮੇਰਾ ਕਲਾਸ ਫੈਲੋ ਮੇਰਾ ਮਿੱਤਰ ਦਰਜੀਆਂ ਦਾ ਮੁੰਡਾ ਭਿੰਦਾ ਹੁੰਦਾ ਸੀ ਉਹ ਪੜਾਈ ਵਿੱਚ ਪੈਰ ਪਿਛਾਂਹ ਨੂੰ ਖਿਚਦਾ ਸੀ, ਮਾਪਿਆਂ ਤੋਂ ਬਾਦ ਅਧਿਆਪਕ ਹੀ ਹੁੰਦੇ ਹਨ ਜੋ ਬੱਚਿਆਂ ਦੇ ਚੰਗੇ ਮਾੜੇ ਬਾਰੇ ਖਿਆਲ ਰੱਖਦੇ ਹਨ। ਹੈਡਮਾਸਟਰ ਸ: ਗੋਬਿੰਦ ਸਿੰਘ ਜੀ ਨੇ ਮੈਨੂੰ ਇੱਕ ਦਿਨ ਦਫਤਰ ਵਿੱਚ ਬੁਲਾਕੇ ਕੁੱਝ ਨਸੀਹਤਾਂ ਦਿੱਤੀਆਂ ਅਤੇ ਕਿਹਾ ਕਿ ਪੁੱਤਰਾ ਭਵਿੱਖ ਵਿੱਚ ਤੇਰੇ ਪੜ੍ਹਾਈ ਹੀ ਕੰਮ ਆਉਣੀ ਹੈ। ਤੇਰਾ ਸੰਗੀ ਸਾਥੀ ਦਰਜੀਆਂ ਦਾ ਮੁੰਡਾ ਜੋ ਹੈ ਉਸਨੇ ਤਾਂ ਕੱਪੜੇ ਸਿਉਣ ਵਾਲੀ ਮਸ਼ੀਨ ਦੀ ਹੱਥੀ ਘੁਮਾਅ ਲੈਣੀ ਹੈ ਪਰ ਤੇਰੇ ਕੋਲੋਂ ਹਲ਼ ਨਹੀਂ ਵਾਹ ਹੋਣਾ-ਖੇਤੀ ਦਾ ਕੰਮ ਬਹੁਤ ਔਖਾ ਹੈ। ਭਾਵੇਂ ਉਸ ਮੌਕੇ ਤਾਂ ਮੈਨੂੰ ਉਹ ਗੱਲ ਚੰਗੀ ਨਹੀਂ ਲੱਗੀ ਸੀ ਪਰ ਸਾਲ ਕੁ ਬਾਦ ਹੀ ਉਸ ਉਸਤਾਦ ਸਿੱਖਿਆ ਨੇ ਮੈਨੂੰ ਇੱਕ ਬਾਰ ਫਿਰ ਹਲੂਣਾ ਜਿਹਾ ਮਾਰਿਆ ਕਿ ਖੇਤੀ ਦਾ ਕੰਮ ਬਹੁਤ ਔਖਾ ਹੈ। ਮੈਂ ਕੁੱਝ ਤਕਨੀਕੀ ਹੁਨਰ ਸਿੱਖਣ ਦੇ ਰਾਹ ਪੈ ਗਿਆ। ਸਿਖਦਿਆਂ ਸਿਖਦਿਆਂ ਕਈ ਟਰੈਕ ਬਦਲੇ। ਫੋਟੋਗਰਾਫੀ ਨੂੰ ਰੁਜਗਾਰ ਦਾ ਵਸੀਲਾ ਸਮਝ ਅਜਿਹਾ ਹੱਥ ਅਜਮਾਇਆ ਜੋ ਅੱਜ ਵੀ ਪੰਜਾਬੀ ਅਖ਼ਬਾਰ ਦੇ ਪੰਨਿਆਂ ਉੱਪਰ ਸੋਨੇ ਉੱਪਰ ਸੁਹਾਗੇ ਦਾ ਕੰਮ ਕਰ ਰਿਹਾ ਹੈ। ਸਾਲ 2014 ਵਿੱਚ ਪੰਜਾਬੀ ਅਖ਼ਬਾਰ ਸ਼ੁਰੂ ਕਰਨ ਮੌਕੇ ਪਹਿਲੀ ਕਾਪੀ ਸ: ਹਰਨੇਕ ਸਿੰਘ ਦੇ ਹੱਥ ਸੌਂਪਕੇ ਸਕੂਲ ਟਾਈਮ ਕੀਤੀਆਂ ਗਲਤੀਆਂ ਦਾ ਕੁੱਝ ਬੋਝ ਹਲਕਾ ਹੋਇਆ, ਪਰ ਸਾਲ 2022 ਦੇ ਜੁਲਾਈ ਮਹੀਨੇ ਹੈਡਮਾਸਟਰ ਸ: ਗੋਬਿੰਦ ਸਿੰਘ ਜੀ ਵੀ ਘੁੰਮਣ ਫਿਰਨ ਲਈ ਕੈਲਗਰੀ ਆ ਗਏ। ਮੈਂ ਘਰ ਬੁਲਾਇਆ ਤਾਂ 42 ਸਾਲ ਪੁਰਾਣੀਆਂ ਗੱਲਾਂ ਅਤੇ ਘਟਨਾਵਾਂ ਜ਼ੁਬਾਨੋ ਜ਼ੁਬਾਨੀ ਇਸ ਤਰਾਂ ਸਾਂਝੀਆਂ ਹੋਈਆਂ ਕਿ ਬੀਤਿਆ ਸਮਾਂ ਇੱਕ ਬਾਰ ਫਿਰ ਅੱਖਾਂ ਅੱਗਿਓਂ ਫਿਲਮ ਵਾਂਗ ਲੰਘਿਆ। ਮੈਨੂੰ ਇਸ ਤਰਾਂ ਮਹਿਸੂਸ ਹੋਇਆ ਕਿ ਖੇਤੀ ਕਰਨ ਵਿੱਚ ਅਸਫਲ ਰਹਿਣ ਮਗਰੋਂ ਸਾਰੇ ਹੀਲੇ ਵਸੀਲੇ ਹਾਰ ਬੈਠਾ ਇੱਕ ਕਿਸਾਨ ਹਰਬੰਸ ਬੁੱਟਰ ਹੀ ਹੈ। ਪਰ ਅਗਲੇ ਹੀ ਪਲ ਜਿਉਂ ਹੀ ਸਾਰੇ ਸੋਫਿਆਂ ਉਪਰੋਂ ਖੜੇ ਹੋਏ ਤਾਂ ਹਰਬੰਸ ਬੁੱਟਰ ਘਰ ਆਏ ਮਹਿਮਾਨ ਹੈਡਮਾਸਟਰ ਸ: ਗੋਬਿੰਦ ਸਿੰਘ ਜੀ ਨੂੰ ਆਪਣੀ ਸਫਲਤਾ ਦੀ ਨਿਸ਼ਾਨੀ ਪੰਜਾਬੀ ਅਖ਼ਬਾਰ ਦੀ ਕਾਪੀ ਭੇਟ ਕਰ ਰਿਹਾ ਸੀ। ਹਿਸਾਬ ਪੜ੍ਹਾਉਣ ਵਾਲੇ ਮਾਸਟਰ ਸ: ਹਰਨੇਕ ਸਿੰਘ ਜੀ ਅੰਗੂਰੀ ਪੱਗ ਅਤੇ ਰੋਹਬਦਾਰ ਮੁੱਛਾਂ ਵਿੱਚ ਮੁਸਕਰਾਕੇ ਮੇਰੀ ਸਫਲਤਾ ਦੀ ਹਾਮੀ ਭਰ ਰਹੇ ਸਨ।

**ਹਰਬੰਸ ਬੁੱਟਰ ਮੁੱਖ ਸੰਪਾਦਕ**
**'ਪੰਜਾਬੀ ਅਖ਼ਬਾਰ'**
**ਕੈਲਗਰੀ (ਕਨੇਡਾ)**


ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ



ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸ਼ੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।

Specialist In:
All Type of Residential & Commercial Woodwork
Interior Finishing: Kitchen Cabinets:
Railing & Decorating

Manpreet Thind
Ph: (403) 455-1000
www.perfectfinishing.ca

Perfect Finishing Corp.
NewStar Cabinets Ltd.
3341 19 St NE Calgary AB T2E 6S8

## ਇਰਾਨ ਦੀ ਜ਼ਾਲਮ ਸਰਕਾਰ ਲੋਕਾਂ ਦੇ ਮੁੱਢਲੇ ਹੱਕਾਂ ਦੀ ਕਰ ਰਹੀ ਅਣਦੇਖੀ - ਜਸਟਿਨ ਟਰੂਡੋ



ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇੱਕ ਵਾਰ ਫੇਰ ਇਰਾਨ ਦੀ ਸਰਕਾਰ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ ਵਰਨਣਯੋਗ ਹੈ ਕਿ ਸੋਲ਼ਾਂ ਸਤੰਬਰ ਨੂੰ ਬਾਈ ਸਾਲਾ ਮਹਿਲਾ ਮਹਾਸ਼ਾ ਅਮੀਨੀ ਦੀ ਪੁਲੀਸ ਹਿਰਾਸਤ ਵਿੱਚ ਹੋਈ ਮੌਤ ਤੂੰ ਬਾਅਦ ਹੋ ਰਹੇ ਰੋਸ ਮੁਜ਼ਾਹਰਿਆਂ ਦੇ ਸੰਬੰਧ ਵਿੱਚ ਔਟਵਾ ਵਿੱਚ ਇਰਾਨੀ ਮੂਲ ਦੇ ਲੋਕਾਂ ਵੱਲੋਂ ਆਜ਼ਾਦੀ ਲਈ ਮਨੁੱਖੀ ਕੜੀ ਬਣਾਈ ਗਈ ਸੀ ਜਿਸ ਵਿੱਚ ਪਹੁੰਚੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਈਰਾਨ ਦੀ ਜ਼ਾਲਮ ਸਰਕਾਰ ਲੋਕਾਂ ਦੇ ਮੁੱਢਲੇ ਹੱਕਾਂ ਦੀ ਅਣਦੇਖੀ ਕਰ ਰਹੀ ਹੈ ਉਨ੍ਹਾਂ ਆਖਿਆ ਕਿ ਇਸ ਮੁਸ਼ਕਿਲ ਘੜੀ ਵਿੱਚ ਅਸੀਂ ਸਭ ਈਰਾਨ ਦੇ ਲੋਕਾਂ ਦੇ ਨਾਲ ਖੜ੍ਹੇ ਹਾਂ।

## ਚੋਣ ਕਮਿਸ਼ਨ ਦੇ ਮੁਖੀ 'ਤੇ 10 ਅਰਬ ਰੁਪਏ ਦਾ ਮਾਣਹਾਨੀ ਮੁਕੱਦਮਾ ਦਾਇਰ ਕਰਾਂਗਾ - ਇਮਰਾਨ ਖ਼ਾਨ



ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਐਲਾਨ ਕੀਤਾ ਕਿ ਉਹ ਪਾਕਿਸਤਾਨ ਚੋਣ ਕਮਿਸ਼ਨ ਦੇ ਮੁਖੀ ਖ਼ਿਲਾਫ਼ ਦਸ ਅਰਬ ਰੁਪਏ ਦਾ ਮਾਣਹਾਨੀ ਦਾ ਕੇਸ ਦਾਇਰ ਕਰਨਗੇ ਕਿਉਂਕਿ ਉਨ੍ਹਾਂ ਨੇ ਕੌਮੀ ਅਸੈਂਬਲੀ ਤੋਂ ਅਯੋਗ ਕਰਾਰ ਦੇ ਕੇ ਉਨ੍ਹਾਂ ਦੀ ਸ਼ਾਖ ਖ਼ਰਾਬ ਕੀਤੀ ਹੈ। ਇਮਰਾਨ ਖ਼ਾਨ ਜਿਨਾਂ ਵੱਲੋਂ ਇਸਲਾਮਾਬਾਦ ਤੱਕ ਇੱਕ ਲੰਬਾ ਮਾਰਚ ਕੱਢਿਆ ਜਾ ਰਿਹਾ ਹੈ।ਵੱਡੀ ਗਿਣਤੀ 'ਚ ਮੌਜੂਦ ਆਪਣੇ ਸਮਰਥਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸਲਾਮਾਬਾਦ ਤੱਕ ਕੱਢੇ ਜਾਣ ਵਾਲੇ ਮਾਰਚ ਦਾ ਮਕਸਦ ਹਕੀਕੀ ਆਜ਼ਾਦੀ ਪ੍ਰਾਪਤ ਕਰਨਾ ਹੈ। ਇਹ ਤਾਂ ਹੀ ਸੰਭਵ ਹੈ ਜੇਕਰ ਆਜ਼ਾਦ ਤੇ ਨਿਰਪੱਖ ਚੋਣਾਂ ਕਰਵਾਈਆਂ ਜਾਣ। ਜ਼ਿਕਰਯੋਗ ਹੈ ਕਿ ਇਸ ਮਹੀਨੇ ਪਾਕਿਸਤਾਨ ਚੋਣ ਕਮਿਸ਼ਨ ਦੇ ਪੰਜ ਮੈਂਬਰੀ ਪੈਨਲ ਨੇ ਇਮਰਾਨ ਖਾਨ ਨੂੰ ਕੌਮੀ ਅਸੈਂਬਲੀ ਤੋਂ ਅਯੋਗ ਕਰਾਰ ਦੇ ਦਿੱਤਾ ਸੀ

## ਸੰਯੁਕਤ ਰਾਸ਼ਟਰ ਨੇ ਸਰਕਾਰਾਂ ਨੂੰ ਪੱਤਰਕਾਰਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਆਖਿਆ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਟੇਰੇਜ਼ ਨੇ ਸਰਕਾਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਪੱਤਰਕਾਰਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਲੋੜੀਂਦੇ ਕਦਮ ਚੁੱਕਣ। ਗੁਟੇਰੇਜ਼ ਨੇ ਕਿਹਾ ਕਿ ਇਸ ਸਾਲ 70 ਤੋਂ ਵੱਧ ਪੱਤਰਕਾਰਾਂ ਦੀ ਹੱਤਿਆ ਕੀਤੀ ਗਈ ਤੇ ਰਿਕਾਰਡ ਗਿਣਤੀ ਵਿੱਚ ਮੀਡੀਆ ਕਰਮੀਆਂ ਨੂੰ ਜੇਲ੍ਹਾਂ ਵਿੱਚ ਕੈਦ ਕੀਤਾ ਗਿਆ ਜਦੋਂਕਿ ਜੇਲ੍ਹੀਂ ਡੱਕਣ, ਹਿੰਸਾ ਤੇ ਮੌਤ ਦੀਆਂ ਧਮਕੀਆਂ ਮਿਲਣ ਦਾ ਅਮਲ ਲਗਾਤਾਰ ਜਾਰੀ ਹੈ। ਉਨ੍ਹਾਂ ਸਰਕਾਰਾਂ ਤੇ ਕੌਮਾਂਤਰੀ ਭਾਈਚਾਰੇ ਨੂੰ ਸੱਦਾ ਦਿੱਤਾ ਕਿ ਉਹ ਪੱਤਰਕਾਰਾਂ ਨੂੰ ਸੁਰੱਖਿਆ ਮੁਹੱਈਆ ਕਰਵਾਉਣ ਲਈ ਜ਼ਰੂਰੀ ਕਦਮ ਚੁੱਕਣੇ ਯਕੀਨੀ ਬਣਾਉਣ। ਗੁਟੇਰੇਜ਼ ਨੇ ਕਿਹਾ, "ਜਮਹੂਰੀਅਤ ਨੂੰ ਚਲਾਉਣ, ਗ਼ਲਤੀਆਂ ਤੋਂ ਪਰਦਾ ਚੁੱਕਣ, ਗੁੰਝਲਦਾਰ ਵਿਸ਼ਵ ਨੂੰ ਜਾਣਨ ਅਤੇ ਟਿਕਾਊ ਵਿਕਾਸ ਟੀਚਿਆਂ ਨੂੰ ਅੱਗੇ ਵਧਾਉਣਾ ਲਈ ਪ੍ਰੈੱਸ ਬਹੁਤ ਅਹਿਮ ਹੈ।

## ਚੋਣਾਂ ਵਿੱਚ ਹਾਰੀ ਨਿੱਕੀ ਕੌਰ ਨੂੰ ਅਗਲੇ ਦਿਨ ਹੀ ਨੌਕਰੀਓਂ ਵੀ ਕੱਢ ਦਿੱਤਾ ਗਿਆ



ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਮਿਊਂਸਪਲ ਚੋਣਾਂ ਵਿੱਚ ਬਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ ਤੋਂ ਹਾਰਨ ਵਾਲੀ ਨਿੱਕੀ ਕੌਰ ਨੇ ਆਖਿਆ ਕਿ ਉਸ ਨੂੰ ਅਗਲੇ ਹੀ ਦਿਨ ਨੌਕਰੀ ਤੋਂ ਕੱਢ ਦਿੱਤਾ ਗਿਆ। ਸਿਟੀ ਆਫ ਬਰੈਂਪਟਨ ਵਿੱਚ ਸਾਬਕਾ ਡਾਇਰੈਕਟਰ ਨਿੱਕੀ ਕੌਰ ਨੇ ਦਾਅਵਾ ਕੀਤਾ ਕਿ ਉਸ ਨੂੰ ਨੋਟਿਸ ਤੋਂ ਬਿਨਾਂ ਨੌਕਰੀ ਤੋਂ ਹਟਾਇਆ ਗਿਆ। ਉਨ੍ਹਾਂ ਆਖਿਆ ਕਿ ਬਰੈਂਪਟਨ ਦਾ ਮੇਅਰ ਬਣਨ ਲਈ ਉਨ੍ਹਾਂ ਕਾਫੀ ਦਮਦਾਰ ਕੈਂਪੇਨ ਚਲਾਈ ਤੇ ਕੋਸ਼ਿਸ਼ ਕੀਤੀ ਕਿ ਸਿਟੀ ਹਾਲ ਵਿੱਚ ਏਕਤਾ ਤੇ ਇਮਾਨਦਾਰੀ ਬਣੀ ਰਹੇ। ਪਰ ਬੀਤੇ ਦਿਨ ਬਿਨਾਂ ਕਿਸੇ ਨੋਟਿਸ ਤੇ ਸਫਾਈ ਦੇ ਉਨ੍ਹਾ ਦੀਆਂ ਸੇਵਾਵਾਂ ਖ਼ਤਮ ਕਰ ਦਿੱਤੀਆਂ ਗਈਆਂ। ਚੋਣਾਂ ਵਿੱਚ ਬ੍ਰਾਊਨ ਨੂੰ 60 ਫੀ ਸਦੀ ਵੋਟਾਂ ਲੈ ਕੇ ਜੇਤੂ ਰਹਿਣ ਤੋਂ ਬਾਅਦ ਬਰੈਂਪਟਨ ਦਾ ਮੇਅਰ ਚੁਣ ਲਿਆ ਗਿਆ ਜਦਕਿ ਨਿੱਕੀ ਕੌਰ 25·5 ਫੀ ਸਦੀ ਵੋਟਾਂ ਨਾਲ ਦੂਜੇ ਸਥਾਨ ਉੱਤੇ ਰਹੀ। ਨਿੱਕੀ ਕੌਰ ਨੇ ਦੋਸ਼ ਲਾਇਆ ਕਿ ਸਿਟੀ ਹਾਲ ਵਿੱਚ ਹੋ ਰਹੀ ਕਥਿਤ ਗੜਬੜ ਤੇ ਕੁਪ੍ਰਬੰਧਾਂ ਦਾ ਪਰਦਾਫਾਸ਼ ਕਰਨ ਬਦਲੇ ਹੀ ਉਨ੍ਹਾਂ ਨਾਲ ਇਸ ਤਰ੍ਹਾਂ ਦੀ ਖੁੰਧਕ ਕੱਢੀ ਗਈ ਹੈ। ਉਨ੍ਹਾਂ ਆਖਿਆ ਕਿ ਉਹ ਅਜੇ ਵੀ ਚੁੱਪ ਨਹੀਂ ਬੈਠੇਗੀ ਤੇ ਹਮੇਸ਼ਾਂ ਸਹੀ ਲਈ ਆਵਾਜ਼ ਉਠਾਉਂਦੀ ਰਹੇਗੀ।

## ਵਿਨੀਪੈੱਗ ਸਿਟੀ ਚੋਣਾਂ ਦੌਰਾਨ ਮੇਅਰ ਸਕੌਟ ਤੋਂ ਇਲਾਵਾ ਦੇਵੀ ਸ਼ਰਮਾ ਕੌਂਸਲਰ ਅਤੇ ਜੈਸਮੀਨ ਬਰਾੜ ਸਕੂਲ ਟ੍ਰਸਟੀ ਬਣੇ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਵੱਖ ਵੱਖ ਸੂਬਿਆਂ ਵਿੱਚ ਨਿਰਧਾਰਤ ਸਮੇਂ ਅਨੁਸਾਰ ਮਿਊਂਸਿਪਲ ਚੋਣਾਂ ਹੋ ਰਹੀਆਂ ਹਨ ਤੇ ਇਨ੍ਹਾਂ ਚੋਣਾਂ ਵਿੱਚ ਕਈ ਤਰ੍ਹਾਂ ਦੇ ਬਦਲਾਅ ਵੇਖਣ ਨੂੰ ਮਿਲ ਰਹੇ ਹਨ। ਕਈ ਸ਼ਹਿਰਾਂ ਵਿੱਚ ਮੌਜੂਦਾ ਮੇਅਰ ਆਪਣੀਆਂ ਕੁਰਸੀਆਂ ਬਚਾਉਣ ਵਿੱਚ ਕਾਮਯਾਬ ਰਹੇ ਤੇ ਕਈਆਂ ਵਿੱਚ ਵੋਟਰਾਂ ਨੇ ਨਵੇਂ ਚਿਹਰਿਆਂ ਨੂੰ ਮੌਕਾ ਦਿੱਤਾ ਹੈ।ਵਿਨੀਪੈੱਗ ਦੀਆਂ ਮਿਉਂਸਿਪਲ ਚੋਣਾਂ ਵਿੱਚ ਸਕਾਟ ਗਿਲਿੰਗਮ ਮੇਅਰ ਚੁਣੇ ਗਏ ਹਨ ਜਦੋਂ ਕਿ ਇਨ੍ਹਾਂ ਚੋਣਾਂ ਵਿੱਚ ਪਹਿਲੀ ਵਾਰ ਕੋਈ ਪੰਜਾਬਣ ਜੈਸਮੀਨ ਬਰਾੜ ਸਕੂਲ ਟਰੱਸਟੀ ਬਣੀ ਹੈ।ਕੌਂਸਲਰ ਦੇਵੀ ਸ਼ਰਮਾ ਪਿਛਲੇ ਸਮੇ ਤੋਂ ਹੀ ਕੌਂਸਲਰ ਚਲੀ ਆ ਰਹੀ ਹੈ ਅਤੇ ਇਸ ਵਾਰ ਉਹ ਫਿਰ ਅਗਲੇ ਚਾਰ ਸਾਲ ਲਈ ਚੁਣ ਲਈ ਗਈ ਹੈ।

## ਮੈਨੀਟੋਬਾ ਦੇ ਥੌਂਪਸਨ ਵਿਚ ਘਰ ਨੂੰ ਲੱਗੀ ਅੱਗ ਕਾਰਨ ਚਾਰ ਬੱਚਿਆਂ ਦੀ ਮੌਤ



ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਮੈਨੀਟੋਬਾ ਦੇ ਸ਼ਹਿਰ ਥੌਮਪਸਨ ਵਿੱਚ ਇੱਕ ਘਰ ਨੂੰ ਲੱਗੀ ਅੱਗ ਕਾਰਨ ਚਾਰ ਬੱਚਿਆਂ ਦੀ ਮੌਤ ਹੋ ਗਈ। ਥੌਂਪਸਨ ਆਰਸੀਐੱਮਪੀ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਕੁਈਨਜ਼ ਬੇ ਦੇ ਹੰਡਰਡ ਬਲਾਕ ਉੱਪਰ ਉਨ੍ਹਾਂ ਨੂੰ ਇੱਕ ਘਰ ਵਿਚ ਲੱਗੀ ਅੱਗ ਬਾਰੇ ਜਾਣਕਾਰੀ ਮਿਲੀ ਸੀ। ਮੌਕੇ ਤੇ ਪਹੁੰਚੇ ਅੱਗ ਬੁਝਾਊ ਦਸਤੇ ਨੇ ਅੱਗ ਦੀਆਂ ਲਪਟਾਂ ਵਿੱਚ ਪੂਰੀ ਤਰ੍ਹਾਂ ਘਿਰੇ ਹੋਏ ਇੱਕ ਘਰ ਨੂੰ ਦੇਖਿਆ ਜਿਸ ਉਪਰੰਤ ਇਸ ਘਰ ਵਿੱਚੋਂ ਇੱਕ 41 ਸਾਲਾ ਮਹਿਲਾ ਇੱਕ 62 ਸਾਲਾ ਬਜ਼ੁਰਗ ਵਿਅਕਤੀ ਅਤੇ ਇੱਕ 13 ਸਾਲਾ ਲੜਕੀ ਨੂੰ ਇਸ ਘਰ ਵਿੱਚੋਂ ਸਹੀ ਸਲਾਮਤ ਬਾਹਰ ਕੱਢ ਲਿਆ ਗਿਆ। ਬਚਾਈ ਗਈ ਮਹਿਲਾ ਨੇ ਫਾਇਰ ਬ੍ਰਿਗੇਡ ਅਮਲੇ ਨੂੰ ਦੱਸਿਆ ਕਿ ਘਰ ਦੀ ਦੂਜੀ ਮੰਜ਼ਿਲ ਉੱਪਰ ਚਾਰ ਬੱਚੇ ਫਸੇ ਹੋਏ ਹਨ।ਅੱਗ ਉਪਰ ਕਾਬੂ ਪਾਉਣ ਉਪਰੰਤ ਜਦੋਂ ਫਾਇਰ ਬ੍ਰਿਗੇਡ ਕਰਮੀ ਉਥੇ ਪਹੁੰਚੇ ਤਾਂ ਉਥੇ ਉਨ੍ਹਾਂ ਨੂੰ ਚਾਰ ਬੱਚੇ ਮਿਲੇ ਇਕ 10 ਸਾਲਾ ਲੜਕੀ ਅਤੇ ਤਿੰਨ ਲੜਕੇ ਜਿਨ੍ਹਾਂ ਦੀ ਉਮਰ ਕ੍ਰਮਵਾਰ 9,7 ਤੇ 4 ਸਾਲ ਸੀ ਨੂੰ ਹਸਪਤਾਲ ਪਹੁੰਚਾਇਆ ਗਿਆ ਜਿਥੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

## ਦੰਦਾਂ ਦੀ ਸੰਭਾਲ ਲਈ 650 ਡਾਲਰ ਪ੍ਰਤੀ ਬੱਚੇ ਦੇ ਹਿਸਾਬ ਨਾਲ ਮਿਲਣਗੇ



ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਕੰਜ਼ਰਵੇਟਿਵ ਪਾਰਟੀ ਤੇ ਬਲਾਕ ਕਿਊਬਿਕੁਆ ਵੱਲੋਂ ਵਿਰੋਧ ਦੇ ਬਾਵਜੂਦ ਹਾਊਸ ਆਫ ਕਾਮਨਜ਼ ਵਿੱਚ ਸੱਤਧਾਰੀ ਲਿਬਰਲ ਪਾਰਟੀ ਵੱਲੋਂ ਲਿਆਂਦਾ ਡੈਂਟਲ ਕੇਅਰ ਬੈਨੇਫਿਟ ਬਿੱਲ ਤੀਜੀ ਰੀਡਿੰਗ ਵਿੱਚ ਵੀ ਪਾਸ ਹੋ ਗਿਆ। ਇਹ ਬਿੱਲ 172 ਦੇ ਮੁਕਾਬਲੇ 138 ਵੋਟਾਂ ਨਾਲ ਪਾਸ ਹੋਇਆ। ਇਸ ਤਹਿਤ ਸਾਲ ਵਿੱਚ 90,000 ਡਾਲਰ ਤੋਂ ਵੀ ਘੱਟ ਕਮਾਉਣ ਵਾਲੇ ਪਰਿਵਾਰਾਂ ਦੇ ਬੱਚਿਆਂ ਨੂੰ ਦੰਦਾਂ ਦੀ ਸੰਭਾਲ ਲਈ 650 ਡਾਲਰ ਪ੍ਰਤੀ ਬੱਚੇ ਦੇ ਹਿਸਾਬ ਨਾਲ ਮਿਲਣਗੇ।ਇਸ ਮਕਸਦ ਲਈ ਯੋਗ ਹੋਣ ਵਾਸਤੇ ਪਰਿਵਾਰਾਂ ਨੂੰ ਕੈਨੇਡਾ ਰੈਵਨਿਊ ਏਜੰਸੀ ਰਾਹੀਂ ਅਪਲਾਈ ਕਰਨਾ ਹੋਵੇਗਾ ਤੇ ਇਹ ਤਸਦੀਕ ਕਰਨਾ ਹੋਵੇਗਾ ਕਿ ਉਨ੍ਹਾਂ ਨੇ ਆਪਣੇ ਬੱਚੇ ਲਈ ਡੈਂਟਲ ਵਿਜ਼ਿਟ ਬੁੱਕ ਕਰਵਾਈ ਹੈ, ਉਨ੍ਹਾਂ ਕੋਲ ਪ੍ਰਾਈਵੇਟ ਇੰਸ਼ੋਰੈਂਸ ਨਹੀਂ ਹੈ ਤੇ ਇਸ ਅਪਾਇੰਟਮੈਂਟ ਲਈ ਹੋਣ ਵਾਲਾ ਖਰਚਾ ਕਰਨ ਦੇ ਉਹ ਸਮਰਥ ਨਹੀਂ ਹਨ।

## ਐਲਨ ਮਸਕ ਨੇ ਟਵਿੱਟਰ ਦਾ ਕੰਟਰੋਲ ਸੰਭਾਲਦਿਆਂ ਹੀ ਭਾਰਤੀ ਮੂਲ ਦੇ ਸੀ ਈ ਓ ਨੂੰ ਨੌਕਰੀਓਂ ਕੱਢਿਆ



ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਐਲਨ ਮਸਕ ਵੱਲੋਂ ਟਵਿੱਟਰ ਦਾ ਕੰਟਰੋਲ ਆਪਣੇ ਹੱਥ ਲੈ ਲਿਆ ਗਿਆ ਹੈ ਤੇ ਪੈਂਦੀ ਸੱਟੇ ਉਸ ਨੇ ਟਵਿੱਟਰ ਦੇ ਸੀਈਓ ਤੇ ਚੀਫ ਫਾਇਨਾਂਸ਼ੀਅਲ ਆਫੀਸਰ ਦੇ ਨਾਲ ਨਾਲ ਕੰਪਨੀ ਦੇ ਜਨਰਲ ਕਾਊਂਸਲ ਨੂੰ ਬਾਹਰ ਕਰ ਦਿੱਤਾ ਹੈ। ਇਸ ਡੀਲ ਤੋਂ ਜਾਣੂ ਦੋ ਵਿਅਕਤੀਆਂ ਵੱਲੋਂ ਵੀਰਵਾਰ ਰਾਤ ਨੂੰ ਇਹ ਖੁਲਾਸਾ ਕੀਤਾ ਗਿਆ।ਇਨ੍ਹਾਂ ਜਾਣਕਾਰ ਵਿਅਕਤੀਆਂ ਵੱਲੋਂ ਇਸ ਗੱਲ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ ਕਿ 44 ਬਿਲੀਅਨ ਡਾਲਰ ਦੀ ਇਸ ਡੀਲ ਨਾਲ ਸਬੰਧਤ ਸਾਰਾ ਪੇਪਰਵਰਕ ਪੂਰਾ ਹੋ ਚੁੱਕਿਆ ਹੈ ਜਾਂ ਨਹੀਂ। ਇਸੇ ਦੌਰਾਨ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਟਵੀਟ ਕੀਤਾ ਹੈ ਜਿਸ ਵਿੱਚ ਉਨਾਂ ਲਿਖਿਆ ਹੈ ਕਿ 'ਐਲਨ ਮਸਕ ਨੂੰ ਵਧਾਈ। ਮੈਂ ਉਮੀਦ ਕਰਦਾ ਹਾਂ ਕਿ ਟਵਿੱਟਰ ਹੁਣ ਨਫਰਤ ਭਰੇ ਭਾਸ਼ਣਾਂ ਖ਼ਿਲਾਫ਼ ਕਾਰਵਾਈ ਕਰੇਗਾ, ਤੱਥਾਂ ਦੀ ਜਾਂਚ ਜ਼ਿਆਦਾ ਸਟੀਕ ਢੰਗ ਨਾਲ ਕਰੇਗਾ ਅਤੇ ਭਾਰਤ 'ਚ ਸਰਕਾਰ ਦੇ ਦਬਾਅ ਹੇਠ ਆ ਕੇ ਵਿਰੋਧੀ ਧਿਰ ਦੀ ਆਵਾਜ਼ ਨਹੀਂ ਦਬਾਏਗਾ।'

# ਰਿਸ਼ਤਿਆਂ ਦਾ ਕੀ ਰੱਖੀਏ ਨਾਂ...?



ਜਗਜੀਤ ਸਿੰਘ ਲੋਹਟਬੱਦੀ

ਮਨੁੱਖੀ ਰਿਸ਼ਤੇ ਸਾਹਾਂ ਦਾ ਅਟੁੱਟ ਬੰਧਨ ਹੁੰਦੇ ਨੇ। ਸੁੱਚੇ ਮੋਤੀਆਂ ਦੀ ਲੜੀ ਵਰਗੇ। ਪਾਕ ਪਵਿੱਤਰਤਾ ਦੀ ਉੱਚੀ ਉਪਾਧੀ। ਰੂਹਾਨੀ ਮੋਹ ਦੀਆਂ ਤੰਦਾਂ। ਵਲਵਲਿਆਂ ਦੀ ਦੀਪਮਾਲਾ। ਭਾਵਨਾਤਮਕ ਸੰਬੰਧਾਂ ਦੀ ਰੰਗਲੀ ਤਸਵੀਰ। ਇਹ ਰਿਸ਼ਤਿਆਂ ਦੀ ਸੁੱਚਮਤਾ ਈ ਐ ਕਿ ਕੋਈ ਦੂਸਰਾ ਅਸਤਿੱਤਵ ਵੀ ਆਪਣਾ ਜਾਪਦੈ। ਕਿਸੇ ਹੋਰ ਦੀ ਮੌਜੂਦਗੀ, ਆਪਣੇ ਸਿਰ ਉੱਪਰ ਤਣੀ ਛੱਤ ਭਾਸਦੀ ਐ। ਕਿਸੇ ਦੀ ਰਹਿਨੁਮਾਈ, ਡਰ ਭੈ ਤੋਂ ਮੁਕਤੀ ਦਾ ਜ਼ਰੀਆ ਬਣਦੀ ਐ। ਦਿਲ ਆਪ ਮੁਹਾਰੇ ਉਸ ਰਿਸ਼ਤੇ ਦੀ ਡੋਰੀ ਨਾਲ ਬੱਝ ਜਾਂਦੈ। ਦੁਨੀਆਂ ਰਹਿਣ ਲਈ, ਜਿਉਣ ਲਈ ਖ਼ੂਬਸੂਰਤ ਜੰਨਤ ਲੱਗਦੀ ਐ। ਮਨੁੱਖੀ ਰਿਸ਼ਤਿਆਂ ਦੀ ਇਹ ਲੜੀ ਸਾਰੇ ਬ੍ਰਹਿਮੰਡ ਨੂੰ ਆਪਣੇ ਵਿੱਚ ਸਮੋ ਲੈਂਦੀ ਐ। ਰੂਹ ਅਫ਼ਜ਼ੇ ਦੀ ਤਾਜ਼ਗੀ ਦਾ ਅਹਿਸਾਸ ਹੁੰਦੈ ਰਿਸ਼ਤਿਆਂ ਦੇ ਨਿੱਘ ਵਿੱਚ! ਪਰਿਵਾਰਕ ਨਾਤਿਆਂ ਦਾ ਇਹ ਤਲਿੱਸਮ ਹੀ ਇਨਸਾਨ ਨੂੰ ਦੂਸਰੇ ਜੀਵਾਂ ਨਾਲ਼ੋਂ ਉੱਚੀ ਕਸਵੱਟੀ ਤੇ ਰੱਖਦੈ, ਉਸਨੂੰ ਸੱਭਿਆ ਹੋਣ ਦਾ ਪ੍ਰਮਾਣ ਪੱਤਰ ਪ੍ਰਦਾਨ ਕਰਦੈ।

ਮੁੱਢ ਕਦੀਮਾਂ ਤੋਂ ਹੀ ਮਾਨਵ, ਰਿਸ਼ਤੇ ਸਿਰਜਣ ਵਿੱਚ ਜੁਟਿਆ ਰਿਹੈ। ਰੱਬੀ ਕਹਿਰ, ਬਦਬਖ਼ਤੀਆਂ, ਜੰਗਲੀ ਜੀਵਾਂ ਦਾ ਖ਼ੌਫ਼ ਸਾਡੇ ਪੁਰਖਿਆਂ ਨੂੰ ਡਰਾਉਂਦਾ ਰਿਹੈ। 'ਕੱਲਾ 'ਕਹਿਰਾ ਹੋਣ ਦਾ ਸਦਮਾ ਉਨ੍ਹਾਂ ਨੂੰ ਟੁੰਬਦਾ ਰਹਿੰਦਾ ਸੀ। ਰੋਜ਼ੀ ਰੋਟੀ ਦੀ ਭਾਲ, ਮੌਸਮ ਦੀ ਬੇਵਫ਼ਾਈ, ਆਪਣੇ ਤੋਂ ਡਾਢਿਆਂ ਨਾਲ ਮੱਥਾ ਲੱਗਣ ਦਾ ਅਹਿਸਾਸ, ਉਨ੍ਹਾਂ ਨੂੰ ਰਿਸ਼ਤਿਆਂ ਦੀ ਤਲਾਸ਼ ਵੱਲ ਲੈ ਤੁਰਿਆ। ਝੁੰਡਾਂ ਵਿੱਚ ਵਿਚਰਦੇ ਪਸ਼ੂਆਂ, ਪੰਛੀਆਂ ਨੇ ਉਨ੍ਹਾਂ ਨੂੰ ਜ਼ਰੂਰ 'ਆਪਣੇਪਣ' ਦਾ ਪਾਠ ਪੜ੍ਹਾਇਆ ਹੋਵੇਗਾ। ਇਹੀ ਕਾਰਨ ਸੀ ਕਿ ਉਹ ਵੀ ਇੱਕਾ ਦੁੱਕਾ ਮੇਲ-ਜੋਲ ਤੋਂ ਅੱਗੇ ਵਧ ਵੱਡੀ ਖ਼ਲਕਤ ਨਾਲ ਜੁੜ ਗਿਆ। ਪਹਿਲਾਂ ਪਹਿਲ ਜੋ ਵੀ ਇਨਸਾਨ ਉਸਦੇ ਸੰਪਰਕ ਵਿੱਚ ਆਏ, ਉਹ ਹੀ ਉਸਦੇ ਮੁਢਲੇ ਰਿਸ਼ਤੇਦਾਰ ਹੋ ਨਿੱਬੜੇ। ਸਾਂਝੇ ਟੀਚੇ ਦੀ ਪ੍ਰਾਪਤੀ ਲਈ ਇਹ ਸੱਜੀਆਂ ਖੱਬੀਆਂ ਬਾਹਾਂ ਬਣੇ। ਸਮੇਂ ਦੇ ਬਦਲਾਅ ਨਾਲ ਅੱਜ ਇੱਕੀਵੀਂ ਸਦੀ ਵਿੱਚ ਦੁਨੀਆਂ ਸੁੰਗੜ ਗਈ ਹੈ ਅਤੇ ਮਨੁੱਖ ਸੱਤ ਸਮੁੰਦਰੋਂ ਪਾਰ ਨਵੇਂ ਰਿਸ਼ਤੇ ਗੰਢ ਰਿਹੈ। ਆਪਸੀ ਮਿਲਾਪ ਦੀਆਂ ਇਹ ਕੜੀਆਂ ਇੰਨੀਆਂ ਮਜ਼ਬੂਤ ਹੋ ਗਈਆਂ ਹਨ ਕਿ ਇਨ੍ਹਾਂ ਨੇ ਰੰਗ, ਨਸਲ, ਧਰਮ ਅਤੇ ਧਰਤੀ ਦਾ ਭੇਦ ਮਿਟਾ ਦਿੱਤਾ ਹੈ। ਮਨੁੱਖੀ ਸਰੋਕਾਰ ਕੰਡਿਆਲੀਆਂ ਤਾਰਾਂ ਟੱਪ ਕੇ ਮਾਨਵਤਾ ਦੀ ਸੱਤਰੰਗੀ ਪੀਂਘ ਦਾ ਭੁਲੇਖਾ ਪਾਉਂਦੇ ਹਨ।

ਵਿਸ਼ਵੀਕਰਣ ਵਿੱਚ ਰਿਸ਼ਤੇ ਨਾਤਿਆਂ ਦਾ ਘੇਰਾ ਇੰਨਾ ਵਿਸ਼ਾਲ ਹੋਣ ਦੇ ਬਾਵਜੂਦ ਵੀ ਅੱਜ ਤਿੜਕਣ ਕਿਉਂ ਹੈ? ਰਿਸ਼ਤਿਆਂ ਦੀ ਟੁੱਟ-ਭੱਜ ਵਿੱਚ ਮਨੁੱਖ ਦਾ ਪਰਸਪਰ ਵਿਰੋਧੀ ਰਵਈਆ ਕੀ ਦਰਸਾਉਂਦੈ? ਇੱਕੋ ਪੇਟੋਂ ਜੰਮੇ ਵੱਖਰੇ ਪਾੜਿਆਂ ਵਿੱਚ ਕਿਉਂ ਖੜ੍ਹੇ ਨੇ? ਮੋਹ ਦੀਆਂ ਤੰਦਾਂ ਦੇ ਧਾਗੇ ਐਨੇ ਕੱਚੇ ਕਿਵੇਂ ਹੋ ਗਏ? ਮਨੁੱਖੀ ਮਨ ਵਿਚਲੀ ਵਿਰੋਧਾਭਾਸ ਅਤੇ ਉਲਝਣ ਦੀ ਤਸਵੀਰ ਵੀ ਕੁਝ ਘੁਸਮੁਸਾ ਜਿਹਾ ਦ੍ਰਿਸ਼ ਪੇਸ਼ ਕਰਦੀ ਹੈ:

**ਆਦਮੀ, ਭੀੜ ਤੋਂ ਬਿਨਾਂ**
**ਜਿਉਂ ਨਹੀਂ ਸਕਦਾ।**
**ਆਦਮੀ, ਭੀੜ 'ਚ ਰਲ ਕੇ**
**ਮਰ ਜਾਂਦਾ ਹੈ।**
**ਆਦਮੀ, ਅਨੋਖੀ ਤਰਾਂ ਦਾ**
**ਇਕੱਲਾ ਹੈ।**

ਪੰਜਾਬ ਪ੍ਰਾਹੁਣਚਾਰੀ ਦੀ ਮਿਸਾਲ ਰਿਹੈ। ਸਿਆਣੇ ਦੱਸਦੇ ਨੇ ਕਿ ਇੱਕ ਘਰ ਦਾ ਪ੍ਰਾਹੁਣਾ ਸਾਰੇ ਪਿੰਡ ਦਾ ਸਾਂਝਾ ਮਹਿਮਾਨ ਹੁੰਦਾ ਸੀ। ਘਰ ਕੱਚੇ ਸਨ, ਪਰ ਮਨ ਸੱਚੇ ਸਨ। ਧੀ ਧਿਆਣੀ ਪੂਰੇ ਪਿੰਡ ਦੀ ਇੱਜ਼ਤ ਸਮਝੀ ਜਾਂਦੀ ਸੀ। ਗਲੀ ਮੁਹੱਲੇ ਆਇਆ ਅਜਨਬੀ ਵੀ ਅਪਣੱਤ ਮਹਿਸੂਸ ਕਰਦਾ ਸੀ। ਮੰਗਤੇ ਦੀ ਝੋਲੀ ਖ਼ੈਰ ਪਾਉਣੀ, ਭੁੱਖੇ ਨੂੰ ਰੋਟੀ, ਪੰਛੀਆਂ ਨੂੰ ਚੋਗਾ ਅਤੇ ਕੁੱਤਿਆਂ ਬਿੱਲੀਆਂ ਨੂੰ ਬੁਰਕੀ ਪਾਉਣ ਨੂੰ ਚੰਗਾ ਕਾਰਜ ਸਮਝਿਆ ਜਾਂਦਾ ਸੀ। ਘਰਾਂ ਦੇ ਦਰਵਾਜ਼ੇ ਲੋੜਵੰਦਾਂ ਨੂੰ 'ਜੀ ਆਇਆਂ' ਕਹਿਣ ਲਈ ਹਮੇਸ਼ਾ ਖੁੱਲ੍ਹੇ ਮਿਲਦੇ ਸਨ। ਵਡੇਰਿਆਂ ਦੀ ਅਸੀਸ ਹੁੰਦੀ 'ਤੱਤੇ ਪਾਣੀਆਂ ਨਾਲ ਘਰ ਨੀ ਫੁਕਦੇ, ਚੰਨ! ਹਰੇਕ ਜੀਅ ਆਪਣੀ ਕਿਸਮਤ ਨਾਲ ਲੈ ਕੇ ਆਉਂਦੈ।' ਓਪਰੀਆਂ ਰੂਹਾਂ ਵੀ ਕਿਸੇ ਅਣਜਾਣ ਰਿਸ਼ਤੇ ਦੇ ਨਿੱਘ ਨਾਲ ਲਬਰੇਜ਼ ਹੁੰਦੀਆਂ ਸਨ। ਅਚਾਨਕ ਆਈ ਕਿਹੜੀ ਹਨੇਰੀ ਨੇ ਰਿਸ਼ਤੇ ਤਾਸ਼ ਦੇ ਪੱਤਿਆਂ ਵਾਂਗ ਖਿੰਡਾ ਦਿੱਤੇ? ਬਲਦੇਵ ਸਿੰਘ ਸੜਕਨਾਮਾ ਲਿਖਦੈ: ਜਦ ਹਵਾ ਰੁਮਕਦੀ ਹੈ ਤਾਂ ਨਿੰਮ ਦੇ ਪੱਤੇ ਵੀ ਹਿੱਲਦੇ ਹਨ ਤੇ ਕੋਈ ਕੋਈ ਪੀਲ਼ਾ ਹੋਇਆ ਪੱਤਾ ਹੇਠਾਂ ਡਿੱਗਦਾ ਹੈ। ਸਾਰੇ ਰਿਸ਼ਤੇ ਵੀ ਏਵੇਂ ਹੌਲੀ ਹੌਲੀ ਝੜਦੇ ਜਾ ਰਹੇ ਹਨ। ਕਿੱਧਰ ਗਈਆਂ ਉਹ ਭਾਵਨਾਵਾਂ, ਉਹ ਨਜ਼ਦੀਕੀਆਂ? ਹਰ ਤਰਾਂ ਦੇ ਦੁੱਖਾਂ ਸੁੱਖਾਂ ਵਿੱਚੋਂ ਵੀ ਆਪਣਾ ਰਾਹ ਬਣਾ ਲੈਣ ਦਾ ਹੌਸਲਾ। ਹਰ ਇੱਕ ਦੁੱਖ ਨੂੰ ਝੱਲ ਲੈਣਾ ਤੇ ਫੇਰ ਆਪਣੇ ਕੰਮਾਂ ਵਿੱਚ, ਆਪਣੇ ਰੁਜ਼ਗਾਰ ਵਿੱਚ ਰੁੱਝ ਜਾਣਾ.....

ਪੱਥਰ ਯੁਗ ਤੋਂ ਬਿਜਲਈ ਯੁਗ ਤੱਕ ਆਏ ਤਬਦੀਲੀਆਂ ਦੇ ਹੜ੍ਹ ਨੇ ਰਿਸ਼ਤਿਆਂ ਨੂੰ ਵੀ ਤਾਰ ਤਾਰ ਕਰ ਛੱਡਿਐ। ਮਨੁੱਖੀ ਮਨ ਦੀ ਲਾਲਸਾ ਅਰਸ਼ਾਂ ਦੀ ਉਡਾਰੀ ਮਾਰਦੀ ਐ। ਰਾਤੋ ਰਾਤ ਅਮੀਰ ਬਣਨ ਦੇ ਸੁਪਨਿਆਂ ਨੇ ਰਾਤਾਂ ਦੀ ਨੀਂਦ ਉਡਾ ਦਿੱਤੀ ਐ। ਤੰਗੀਆਂ ਤੁਰਸ਼ੀਆਂ ਨੇ ਰਿਸ਼ਤਿਆਂ ਨੂੰ ਝੰਜੋੜ ਦਿੱਤੈ। ਸਾਂਝੇ ਪਰਿਵਾਰ ਖੇਰੂੰ ਖੇਰੂੰ ਹੋ ਰਹੇ ਨੇ। ਨਵੇਂ ਦਿਸਹੱਦਿਆਂ ਦੀ ਭਟਕਣ ਨੇ ਸਦੀਆਂ ਪੁਰਾਣੀ ਪ੍ਰੰਪਰਾ ਨੂੰ ਇਤਿਹਾਸ ਦਾ ਪੰਨਾ ਬਣਾ ਧਰਿਐ। ਮਨਾਂ ਵਿਚਲੀ ਹਉਮੈਂ ਤੇ ਆਪਣਿਆਂ ਤੋਂ ਅੱਗੇ ਲੰਘਣ ਦੀ ਹੋੜ ਨੇ ਰਿਸ਼ਤਿਆਂ ਨੂੰ ਗੰਧਲ਼ਾ ਕਰ ਦਿੱਤੈ। ਘਰਾਂ ਦੀਆਂ ਦੀਵਾਰਾਂ ਤੇ ਆਓ ਭਗਤ ਦੀ ਜਗ੍ਹਾ 'ਕੁੱਤਿਆਂ ਤੋਂ ਬਚੋ' ਦੀਆਂ ਫੱਟੀਆਂ ਲਟਕਦੀਆਂ ਮਿਲਦੀਆਂ ਨੇ। ਘਰਾਂ ਅੰਦਰ ਲੱਗੇ ਕੈਮਰੇ ਤੈਅ ਕਰਦੇ ਨੇ ਕਿ ਮਹਿਮਾਨ ਨਾਲ ਕੀ ਸਲੂਕ ਕਰਨੈਂ। ਬਜ਼ੁਰਗ ਬੇ-ਲੋੜੇ ਹੋ ਗਏ ਨੇ। ਬੋਝ ਲੱਗਣ ਲੱਗੇ ਨੇ। 'ਆਊਟਡੇਟਡ' ਦੀ ਤਖ਼ਤੀ ਉਨ੍ਹਾਂ ਦੇ ਗਲੀਂ ਪਾਈ ਐ। ਨਵੀਂ ਪੀੜ੍ਹੀ ਤੋਂ ਸਿਆਣਾ ਕੋਈ ਨਹੀਂ। ਬਿਰਧ ਆਸ਼ਰਮ ਪਨਪ ਰਹੇ ਨੇ। ਖੁਸ਼ੀਆਂ ਦੇ ਮੌਕੇ ਦਿਖਾਵੇ ਲਈ ਫ਼ਲ ਫਰੂਟ ਅਤੇ ਸਜਾਵਟੀ ਪੇਸ਼ਕਾਰੀਆਂ ਦਾ ਤਾਣਾ ਬੁਣਿਆ ਜਾਂਦਾ, ਪਰ ਵਡੇਰੇ ਘਰ ਦੀ ਕਿਸੇ ਨੁੱਕਰੇ ਲੇਟੇ ਹੋਏ ਬੋਲਾਂ ਦੀ ਸਾਂਝ ਨੂੰ ਸਹਿਕਦੇ ਨੇ। ਦੋ ਪਲ ਦੀ ਗੁਫਤਗੂ ਵਿੱਚ ਵੀ ਬੱਚਿਆਂ ਦੀ 'ਬਿਜ਼ੀ ਲਾਈਫ਼' ਅਤੇ 'ਪ੍ਰਾਈਵੇਸੀ' ਆੜੇ ਆ ਜਾਂਦੀ ਐ। ਬਚਪਨ ਵਿੱਚ ਜਿਨ੍ਹਾਂ ਨੂੰ ਉਂਗਲੀ ਫੜ ਕੇ ਤੁਰਨਾ ਸਿਖਾਇਆ ਸੀ, ਮੋਢਿਆਂ ਤੇ ਬਿਠਾ ਕੇ ਮੇਲੇ ਦਿਖਾਏ ਸਨ, ਜਿਨ੍ਹਾਂ ਲਈ ਮਹਿਲ ਮਾੜੀਆਂ ਦੇ ਸੁਪਨੇ ਸਿਰਜੇ ਸਨ, ਉਹ ਕਿਵੇਂ ਮੂੰਹ ਫੇਰ ਲੈਂਦੇ ਨੇ? ਤਾ-ਉਮਰ ਝੱਖੜ ਝਾਗ ਕੇ, ਆਪਣੀਆਂ ਖਾਹਿਸ਼ਾਂ ਨੂੰ ਦਬਾ ਕੇ, ਜਿਨ੍ਹਾਂ ਬੱਚਿਆਂ ਵਾਸਤੇ ਆਪਣੇ ਟਾਕੀਆਂ ਲੱਗੇ ਲੀੜਿਆਂ ਨੂੰ ਜੱਗ ਜ਼ਾਹਰ ਨਹੀਂ ਹੋਣ ਦਿੱਤਾ, ਜਵਾਨ ਹੁੰਦਿਆਂ ਹੀ ਉਨ੍ਹਾਂ ਅੰਦਰ ਕਿਹੜ ਰਾਵਣ ਆ ਪ੍ਰਗਟ ਹੁੰਦੈ, ਕਿ ਉਹ ਸਿਰਜੇ ਸੁਪਨਿਆਂ ਨੂੰ ਲੱਤ ਮਾਰ ਕੇ ਰੇਤ ਦੇ ਘਰ ਦੀ ਤਰਾਂ ਢਾਹ ਦਿੰਦੇ ਨੇ। ਬਾਹਰੋਂ 'ਸਭ ਅੱਛਾ' ਹੋਣ ਦਾ ਸੰਕੇਤ ਹੁੰਦੈ, ਪਰ ਮਨਾਂ ਅੰਦਰਲੀ ਸਿਉਂਕ ਖੋਖ਼ਲਾ ਕਰੀ ਜਾਂਦੀ ਐ। ਰਿਸ਼ਤਿਆਂ ਦੇ ਚੁਬਾਰੇ, ਕਬਰਾਂ ਵਿੱਚ ਬਦਲ ਜਾਂਦੇ ਨੇ। ਕਹਿੰਦੇ ਨੇ, ਮੂਲ ਨਾਲ਼ੋਂ ਵਿਆਜ ਪਿਆਰਾ ਹੁੰਦੈ।' ਨਸ਼ੇੜੀ ਪੋਤੇ ਨੇ ਦਾਦੇ ਦਾ ਕਤਲ ਕਰ ਦਿੱਤਾ' ਅਖ਼ਬਾਰਾਂ ਦੀ ਸੁਰਖ਼ੀ ਬਣੀ ਹੈ।

ਪਤੀ ਪਤਨੀ ਦੀ ਹਉਮੈਂ ਨੇ ਵੀ ਯੁਗ ਪਲਟਾਊ ਕਾਰਜ ਕੀਤੈ। ਸੱਤ ਜਨਮਾਂ ਤੱਕ ਸਾਥ ਨਿਭਾਉਣ ਦੀਆਂ ਕਸਮਾਂ ਬੱਦਲ਼ੀ ਧੂੰਆਂ ਬਣੀਆਂ ਨੇ। ਅਗਨੀ ਦੁਆਲੇ ਮੰਤਰਾਂ ਦੀਆਂ ਉਚਾਰੀਆਂ ਧੁਨਾਂ ਵਿਚਕਾਰ ਲਏ ਫ਼ੇਰੇ ਫਿੱਟ ਲਾਹਣਤਾਂ ਪਾਉਣੋਂ ਹੱਟ ਗਏ ਨੇ। ਸਿਆਣਿਆਂ ਦੀ ਸਲਾਹ 'ਪੇਕੇ ਘਰ ਪਤੀ ਨੂੰ ਨਾਰਾਜ਼ ਕਰ ਕੇ ਨਹੀਂ ਆਉਣਾ', 'ਸਹੁਰਿਆਂ ਨਾਲ ਬੋਲ ਕੁਬੋਲ ਕਰ ਕੇ ਨਹੀਂ ਆਉਣਾ' ਬੀਤੇ ਦੀਆਂ ਬਾਤਾਂ ਨੇ। ਨਵੀਂ ਸਿੱਖਿਆ 'ਜਕਣਾ ਨੀ, ਮੋਬਾਈਲ ਦੀ ਘੰਟੀ ਮਾਰਨੀ ਐ ਤੇ ਅਸੀਂ ਖੜ੍ਹੇ ਹੋਵਾਂਗੇ' ਰਿਸ਼ਤਿਆਂ ਦਾ ਮੂੰਹ ਚਿੜਾਉਂਦੇ ਨੇ। ਔਰਤ ਦੀ ਪੜ੍ਹਾਈ ਲਿਖਾਈ ਉਸਦੀ ਸੁਤੰਤਰਤਾ ਵੱਲ ਵਧਦਾ ਕਦਮ ਹੁੰਦੈ। ਇੱਥੇ ਹੀ ਮਰਦ ਦੀ ਹਉਮੈਂ ਹਿੱਟ ਹੁੰਦੀ ਆ। 'ਪੈਰ ਦੀ ਜੁੱਤੀ' ਵਾਲੀ ਸੋਚ ਮਸਲੀ ਗਈ ਲੱਗਦੀ ਆ। ਰਿਸ਼ਤੇ ਤਰੇੜੇ ਜਾਂਦੇ ਨੇ। ਵਿਸ਼ਵਾਸ ਦੀ ਘਾਟ, ਮਨ ਮਰਜ਼ੀ ਦਾ ਪ੍ਰੇਮ ਵਿਆਹ ਕਦੇ ਨਾ ਕਦੇ ਅੰਦਰਲੇ ਮਨ ਨੂੰ ਸੱਟ ਮਾਰਦੇ ਨੇ। ਵਿਆਹ ਤੋਂ ਬਾਹਰਲੇ ਸੰਬੰਧ ਚਿੰਗਾੜੀ ਨੂੰ ਹਵਾ ਦਿੰਦੇ ਨੇ। ਟੀ ਵੀ ਸੀਰੀਅਲਾਂ ਨੇ ਕਿਸੇ 'ਤੀਸਰੇ' ਦੀ ਸ਼ਮੂਲੀਅਤ ਨੂੰ ਘਰ ਘਰ ਦੀ ਕਹਾਣੀ ਬਣਾਇਐ। ਤਲਾਕ ਫ਼ੈਸ਼ਨ ਬਣਿਐ। 'ਜਾਗਰੂਕਤਾ' ਇੱਥੋਂ ਤੱਕ ਵੱਧ ਚੁੱਕੀ ਹੈ ਕਿ ਸਾਲਾਂ ਬੱਧੀ ਵਿਆਹ ਬੰਧਨ ਵਿੱਚ ਇਕੱਠੇ ਰਹਿਣ ਪਿੱਛੋਂ 'ਵਿਚਾਰਾਂ ਦਾ ਨਾ ਮਿਲਣਾ' ਅਜੋਕੇ ਜੀਵਨ ਦੀ ਨਿਸ਼ਾਨੀ ਐ। ਨਵੀਂ ਤ੍ਰਾਸਦੀ 'ਲਿਵ-ਇਨ-ਰਿਲੇਸ਼ਨਸ਼ਿਪ' ਬਣੀ ਐ। ਧਾਰਮਿਕ ਗ੍ਰੰਥਾਂ ਨਾਲ ਬੱਝੇ ਸਮਾਜ ਵਿੱਚ ਇਸ ਤਰਾਂ ਦੀ ਬਲਾ ਕੀ ਗੁਲ ਖਿਲਾਉਂਦੀ ਹੈ; ਸਭ ਦੇ ਸਾਹਮਣੇ ਹੈ।

ਸ਼ਾਹਾਨਾ ਜੀਵਨ, ਮੌਜ ਮਸਤੀ, ਅਮੀਰ ਕਲੱਬ, ਜੂਏਖ਼ਾਨਿਆਂ ਨੇ ਰਿਸ਼ਤਿਆਂ ਦੀ ਮਹਿਕ ਘਟਾ ਕੇ ਕਾਗ਼ਜ਼ੀ ਫੁੱਲਾਂ 'ਚ ਵਾਧਾ ਕੀਤੈ। ਮਨਾਂ ਵਿੱਚ ਭਰੀ ਵਿਹੁ ਨੇ ਰਿਸ਼ਤਿਆਂ ਵਿਚਲੀ ਮਿਠਾਸ ਨੂੰ ਖੱਟਾਸ ਕਰ ਦਿੱਤੈ। ਸ਼ਾਇਰ ਤ੍ਰੈਲੋਚਨ ਲੋਚੀ ਸਮਿਆਂ ਤੇ ਝੋਰਾ ਕਰਦੈ:

**ਸ਼ਹਿਰ 'ਚੋਂ ਨਾਗਾਂ ਨੇ ਤਾਂ**
**ਭੱਜਣਾ ਹੀ ਸੀ**
**ਬੰਦਿਆਂ ਵਿੱਚ**
**ਜ਼ਹਿਰ ਦੀ ਬਹੁਤਾਤ ਸੀ।**
**ਉੱਠ ਕੇ ਬੂਹਾ**
**ਕਿਸੇ ਨਾ ਖੋਲ੍ਹਿਆ**
**ਮੁੜ ਗਈ ਦਰਵਾਜਿਉਂ**
**ਪ੍ਰਭਾਤ ਸੀ।**

ਭੈਣ ਭਰਾ ਦੇ ਪਵਿੱਤਰ ਰਿਸ਼ਤੇ ਦੀ ਗੰਢ ਵੀ ਸਰਕਦੀ ਜਾ ਰਹੀ ਹੈ। ਪਿਤਾ ਪੁਰਖੀ ਜਾਇਦਾਦਾਂ ਦੀ ਵੰਡ ਨੇ ਗੁੱਟ ਤੇ ਬੰਨ੍ਹੀ ਰੱਖੜੀ ਦਾ ਚੇਤਾ ਵਿਸਾਰ ਦਿੱਤੈ ਅਤੇ ਠਾਣਿਆਂ ਕਚਹਿਰੀਆਂ ਵਿੱਚ ਚੱਲਦੇ ਮੁਕੱਦਮਿਆਂ ਨੇ ਅੱਖ ਦੀ ਸ਼ਰਮ ਨੂੰ ਗਾਇਬ ਕਰ ਛੱਡਿਐ। ਆਰਥਿਕ ਸੌੜਾਂ ਸਮਾਜਿਕ ਬੰਧਨਾਂ ਤੇ ਭਾਰੂ ਪਈਆਂ ਨੇ। ਭੈਣਾਂ ਵਰਗਾ ਸਾਕ ਨਾ ਕੋਈ, ਰੁੱਸ ਕੇ ਨਾ ਬਹਿਜੀਂ ਵੀਰਿਆ ਅਰਥਾਂ ਤੋਂ ਸੱਖਣਾ ਹੋ ਗਿਐ। ਕਿੱਥੇ ਗਈਆਂ ਸੌਂਹਾਂ ਅਤੇ ਸੁਗੰਧਾਂ? ਭਾਈ, ਭਾਈ ਤੋਂ ਨਾਬਰ ਹੋਇਐ। ਵੱਟਾਂ ਬਣਾਈ ਬੈਠੇ ਨੇ। ਕਿੱਥੇ ਗਏ ਕੁਲਵੰਤ ਸਿੰਘ ਵਿਰਕ ਦੇ ਲਾਲ ਤੇ ਦਿਆਲ? ਧੀਰ ਦੇ ਕਪੂਰ ਸਿੰਹੁ ਤੇ ਦਰਬਾਰਾ, ਕਿੱਧਰ ਅਲੋਪ ਹੋ ਗਏ? ਦੁਸ਼ਮਣੀਆਂ ਪੁਗਾ ਕੇ ਵੀ ਜਿਨ੍ਹਾਂ ਨੇ ਪਾਕ ਰਿਸ਼ਤਿਆਂ ਦਾ ਦਾਮਨ ਨਹੀਂ ਛੱਡਿਆ। ਅੱਜ ਆਮ ਕਹਾਵਤ ਹੈ ਕਿ ਹਜ਼ਾਰਾਂ ਰਿਸ਼ਤੇਦਾਰਾਂ ਨਾਲ਼ੋਂ ਇੱਕ ਸੱਚਾ ਦੋਸਤ ਸੁਹਿਰਦ ਹੁੰਦੈ। ਕਈ ਵਾਰੀ ਉਮਰਾਂ ਤੋੜੀ ਸਾਥ ਨਿਭਾਅ ਜਾਂਦੇ ਨੇ ਇਹ ਅਜਨਬੀ, ਜਿੱਥੇ ਸਾੜਾ, ਈਰਖਾ ਅਤੇ ਤੰਗ ਦਿੱਲੀ ਦਸਤਕ ਨਹੀਂ ਦਿੰਦੀ।

ਅਮਾਨਵੀ ਇਲੈਕਟਰਾਨਿਕ ਯੰਤਰਾਂ ਨੇ, ਜਿੱਥੇ ਅਣਜਾਣ ਰਿਸ਼ਤਿਆਂ ਨੂੰ ਨੇੜੇ ਲਿਆਂਦਾ, ਉੱਥੇ ਜੜ੍ਹਾਂ ਤੇ ਸੱਟ ਵੀ ਮਾਰੀ ਐ। ਤਾਹਨੇ, ਮਿਹਣੇ, ਗਾਲੀ ਗਲੋਚ ਅੱਜ ਕੱਲ੍ਹ ਮੋਬਾਈਲ ਦੀ 'ਸਟੇਟਸ' ਦੱਸਦੀ ਐ। ਮਨਾਂ ਵਿਚਲਾ ਖਲਾਅ ਰਿਸ਼ਤੇ ਦੀ ਪਵਿੱਤਰਤਾ ਭੁਲਾ, ਖਟਾਸ ਨੂੰ ਜੱਗ ਜ਼ਾਹਰ ਕਰ ਦਿੰਦੈ, ਜਿਸ ਦੇ ਫ਼ੱਟ ਭਰਨੇ ਮੁਸ਼ਕਿਲ ਹੋ ਜਾਂਦੇ ਨੇ। ਸੋਸ਼ਲ ਮੀਡੀਆ ਦੀਆਂ 'ਲਾਈਕਸ' ਅਤੇ 'ਡਿਸਲਾਈਕਸ' ਨਿਰਧਾਰਿਤ ਕਰਦੀਆਂ ਨੇ ਕਿ ਨਿੱਘ ਕਿੰਨੈ? ਇੱਕ ਖਾਂਦੇ ਪੀਂਦੇ ਪਰਿਵਾਰ ਦਾ ਮੰਗਣੀ ਰਿਸ਼ਤਾ ਇਸ ਕਰ ਕੇ ਭੁਰ ਗਿਆ, ਕਿ ਮੰਗੇਤਰ ਲੜਕੇ ਨੇ ਆਪਣੀ ਹੋਣ ਵਾਲੀ ਪਤਨੀ ਦੇ ਭਰਾ ਦੀ 'ਪੋਸਟ' ਨੂੰ 'ਹਿੱਪ ਹਿੱਪ ਹੁਰਰੇ' ਨਹੀਂ ਕੀਤਾ। ਸ਼ਿਕਾਇਤ ਸੀ ਕਿ ਅੱਜ ਮੇਰੇ ਭਰਾ ਦੀ ਫੇਸਬੁੱਕ ਪੋਸਟ ਲਾਈਕ ਕਰਨ ਦਾ ਵਿਹਲ ਨਹੀਂ, ਤਾਂ ਕੱਲ੍ਹ ਮੇਰੇ ਲਈ ਕਿੱਥੋਂ ਸਮਾਂ ਮਿਲੇਗਾ?

ਖ਼ੈਰ ਪ੍ਰਮਾਤਮਾ ਸੁਮੱਤ ਬਖ਼ਸ਼ੇ! ਇਨ੍ਹਾਂ ਪਾਵਨ ਧਾਗਿਆਂ ਦੀਆਂ ਗੰਢਾਂ ਮਜ਼ਬੂਤ ਕਰੀਏ, ਕਿਉਂਕਿ ਗ਼ਮਗੀਨ ਪਲਾਂ ਵਿੱਚ ਤੁਹਾਡੀ ਆਵਾਜ਼, ਤੁਹਾਡੇ 'ਆਪਣਿਆਂ' ਨੇ ਹੀ ਸੁਣਨੀ ਐ। ਤੁਸੀਂ ਮਹਿਸੂਸ ਕਰੋਗੇ ਕਿ ਤੁਹਾਡਾ ਦਿਲ ਕਿਸੇ ਹੋਰ ਵਜੂਦ ਵਿੱਚ ਵੀ ਧੜਕਦੈ!! ਅਜੋਕੇ ਪ੍ਰਸੰਗ ਵਿੱਚ:

**ਦਿਲੋਂ ਤਾਂ ਪਹਿਲਾਂ ਹੀ, ਕਿਹੜਾ**
**ਕੋਈ**
**ਨੇੜੇ ਕਿਸੇ ਦੇ ਸੀ,**
**ਕਰੋਨਾ ਨੇ ਤਾਂ**
**ਬੱਸ ਸਾਨੂੰ**
**ਸਾਡਾ ਸੱਚ ਹੀ ਦਿਖਾਇਆ ਏ।**
**( ਸੰਜੀਵ ਆਨੰਦ )**

## ਸੂਬਾ ਸਰਕਾਰ ਨੇ ਮੂਸੇਵਾਲਾ ਕਤਲ ਕੇਸ ਵਿੱਚ ਨਿਆਂ ਯਕੀਨੀ ਬਣਾਉਣ 'ਚ ਕੋਈ ਕਸਰ ਨਹੀਂ ਛੱਡੀ: ਮਾਨ



ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਜ਼ੋਰ ਦੇ ਕੇ ਆਖਿਆ ਕਿ ਉਨ੍ਹਾਂ ਦੀ ਸਰਕਾਰ ਨੇ ਗਾਇਕ ਸਿੱਧੂ ਮੂਸੇਵਾਲਾ ਕਤਲ ਕੇਸ ਵਿੱਚ ਨਿਆਂ ਯਕੀਨੀ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। ਮਰਹੂਮ ਗਾਇਕ ਦੇ ਪਿਤਾ ਬਲਕੌਰ ਸਿੰਘ ਨੇ ਲੰਘੇ ਦਿਨ ਕੇਸ ਵਿੱਚ ਦਾਇਰ ਐੱਫ.ਆਈ.ਆਰ. ਵਾਪਸ ਲੈਣ ਦੀ ਧਮਕੀ ਦਿੱਤੀ ਸੀ। ਬਲਕੌਰ ਸਿੰਘ ਨੇ ਕਿਹਾ ਸੀ ਕਿ ਜੇਕਰ ਉਨ੍ਹਾਂ ਦੇ ਮਰਹੂਮ ਪੁੱਤਰ ਦਾ ਨਾਮ ਗੈਂਗਸਟਰਾਂ ਨਾਲ ਜੋੜਿਆ ਗਿਆ ਤਾਂ ਉਹ ਐੱਫ.ਆਈ.ਆਰ. ਵਾਪਸ ਲੈ ਲੈਣਗੇ। ਮੁੱਖ ਮੰਤਰੀ ਨੇ ਪਠਾਨਕੋਟ ਵਿੱਚ ਕਿਹਾ, "ਸਾਡੇ ਵੱਲੋਂ ਨਿਆਂ ਯਕੀਨੀ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਗਈ। ਨਿਯਮਤ ਅਧਾਰ 'ਤੇ ਕਿਸੇ ਨਾ ਕਿਸੇ ਨੂੰ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ। ਜਿੱਥੋਂ ਕਿਤੇ ਵੀ ਸਾਨੂੰ ਕੋਈ ਸੁਰਾਗ ਮਿਲਦਾ ਹੈ, ਅਸੀਂ (ਇਸ ਕੇਸ ਵਿੱਚ) ਗ੍ਰਿਫ਼ਤਾਰੀ ਕਰਦੇ ਹਾਂ।" ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੱਤੀ ਸੀ ਕਿ ਇਕ ਮਹੀਨੇ (25 ਨਵੰਬਰ) ਤੱਕ ਇਨਸਾਫ਼ ਨਾ ਮਿਲਿਆ ਤਾਂ ਉਹ ਦੇਸ਼ ਛੱਡ ਜਾਣਗੇ। ਮਾਨ, ਜੋ ਪਠਾਨਕੋਟ ਵਿੱਚ ਝੋਨੇ ਦੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਆਏ ਸਨ, ਨੇ ਮੂਸੇਵਾਲਾ ਦੇ ਕਤਲ ਨੂੰ ਬਹੁਤ ਗੰਭੀਰ ਮਸਲਾ ਕਰਾਰ ਦਿੱਤਾ। ਮੁੱਖ ਮੰਤਰੀ ਨੇ ਕਿਹਾ ਕਿ ਪੁਲਿਸ ਨੇ ਗਾਇਕ 'ਤੇ ਹਮਲਾ ਕਰਨ ਤੇ ਕਤਲ ਦੀ ਯੋਜਨਾ ਘੜਨ ਵਾਲਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ ਤੇ ਕੇਸ ਵਿੱਚ ਚਾਰਜਸ਼ੀਟ ਦਾਖ਼ਲ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਕੇਂਦਰ ਨੂੰ ਕੈਨੇਡਾ ਬੈਠੇ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਰੈੱਡ ਕਾਰਨਰ ਨੋਟਿਸ ਜਾਰੀ ਕੀਤੇ ਜਾਣ ਦੀ ਅਪੀਲ ਕੀਤੀ ਹੈ, ਤਾਂ ਕਿ ਉਨ੍ਹਾਂ ਨੂੰ ਨਿਆਂ ਦੇ ਕਟਹਿਰੇ 'ਚ ਖੜ੍ਹਾ ਕੀਤਾ ਜਾ ਸਕੇ। ਸ਼ੁਭਦੀਪ ਸਿੰਘ ਸਿੱਧੂ ਉਰਫ਼ ਸਿੱਧੂ ਮੂਸੇਵਾਲਾ ਦਾ 29 ਮਈ ਨੂੰ ਪੰਜਾਬ ਦੇ ਮਾਨਸਾ ਜ਼ਿਲ੍ਹੇ ਵਿੱਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਬਲਕੌਰ ਸਿੰਘ ਨੇ ਦਾਅਵਾ ਕੀਤਾ ਸੀ ਕਿ ਉਸ ਦੇ ਪੁੱਤਰ ਨੂੰ ਗਿਣੀ ਮਿੱਥੀ ਸਾਜ਼ਿਸ਼ ਤਹਿਤ ਕਤਲ ਕੀਤਾ ਗਿਆ ਸੀ ਤੇ ਇਹ ਗੈਂਗਵਾਰ ਦਾ ਨਤੀਜਾ ਨਹੀਂ ਸੀ।

## ਕੈਨੇਡਾ 'ਚ ਇਮੀਗ੍ਰੈਂਟਸ ਅਤੇ ਪਰਮਾਨੈਂਟ ਰੈਜ਼ੀਡੈਂਟਸ ਦੀ ਗਿਣਤੀ ਵਧੀ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੀ ਮੌਜੂਦਾ ਲਿਬਰਲ ਸਰਕਾਰ ਵੱਲੋਂ ਹਰ ਸਾਲ ਚਾਰ ਲੱਖ ਦੇ ਕਰੀਬ ਇਮੀਗ੍ਰੈਂਟਸ ਨੂੰ ਕੈਨੇਡਾ ਵਿੱਚ ਲਿਆਉਣ ਦਾ ਟੀਚਾ ਮਿੱਥਿਆ ਗਿਆ ਸੀ। ਦੂਜੇ ਦੇਸ਼ਾਂ ਤੋਂ ਇਮੀਗ੍ਰੈਂਟਸ ਤੇਜ਼ੀ ਨਾਲ ਕੈਨੇਡਾ ਵਿਚ ਆ ਰਹੇ ਹਨ ਅਤੇ ਇੱਥੇ ਪੱਕੇ ਵੀ ਹੋ ਰਹੇ ਹਨ। ਕੈਨੇਡਾ ਆਉਣ ਪ੍ਰਤੀ ਦੂਜੇ ਦੇਸ਼ਾਂ ਦੇ ਲੋਕਾਂ ਦੇ ਉਤਸ਼ਾਹ ਦਾ ਹੀ ਕਾਰਨ ਹੈ ਕਿ ਹੁਣ ਕੈਨੇਡਾ ਵਿੱਚ ਇਮੀਗ੍ਰੈਂਟਸ ਅਤੇ ਪਰਮਾਨੈਂਟ ਰੈਜ਼ੀਡੈਂਸ ਦੀ ਗਿਣਤੀ ਕੁੱਲ ਆਬਾਦੀ ਦੇ ਲਗਪਗ ਚੌਥੇ ਹਿੱਸੇ ਜਿੰਨੀ ਹੋ ਗਈ ਹੈ ਅਤੇ ਆਉਂਦੇ ਕੁੱਝ ਸਾਲਾਂ ਵਿੱਚ ਇਹ ਗਿਣਤੀ ਲਗਪਗ ਤੀਹ ਫ਼ੀਸਦੀ ਤਕ ਪਹੁੰਚ ਜਾਵੇਗੀ ਇਹ ਜਾਣਕਾਰੀ ਸਟੈਟਸ ਕੈਨੇਡਾ ਵੱਲੋਂ ਜਾਰੀ ਕੀਤੀ ਗਈ ਹੈ।

## 911 'ਤੇ ਕਾਲ ਕਰਨ ਲਈ ਅੰਗਰੇਜ਼ੀ 'ਚ ਮੁਹਾਰਤ ਜ਼ਰੂਰੀ ਨਹੀਂ ਹੈ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਜਾਂ ਅਮਰੀਕਾ ਵਿੱਚ ਲੋਕਾਂ ਲਈ ਐਮਰਜੈਂਸੀ ਪੈਣ ਦੀ ਸੂਰਤ ਵਿੱਚ ਸਹਾਇਤਾ ਲਈ ਕਾਲ ਕਰਨ ਲਈ ਸ਼ੁਰੂ ਕੀਤੀ ਗਈ 911 ਟੈਲੀਫੋਨ ਸਰਵਿਸ ਨੂੰ ਵਰਤਣ ਵਾਲਿਆਂ ਨੂੰ ਕਈ ਵਾਰ ਇਹ ਝਿਜਕ ਰਹਿੰਦੀ ਹੈ ਕਿ ਉਨ੍ਹਾਂ ਨੂੰ ਪੂਰੀ ਤਰ੍ਹਾਂ ਅੰਗਰੇਜ਼ੀ ਨਹੀਂ ਆਉਂਦੀ ਉਹ ਸਹਾਇਤਾ ਕਿਵੇਂ ਮੰਗ ਸਕਦੇ ਹਨ। ਹੁਣ ਬੀਸੀ ਵਿੱਚ ਪੁਲੀਸ ਵੱਲੋਂ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਜੇਕਰ ਤੁਸੀਂ ਸਹਾਇਤਾ ਲਈ 911 ਤੇ ਕਾਲ ਕਰਨਾ ਚਾਹੁੰਦੇ ਹੋ ਤਾਂ ਉਸ ਲਈ ਤੁਹਾਡੇ ਕੋਲ ਅੰਗਰੇਜ਼ੀ ਦੀ ਮੁਹਾਰਤ ਹੋਣੀ ਜ਼ਰੂਰੀ ਨਹੀਂ ਸਗੋਂ ਕੁੱਝ ਸਰਲ ਜਿਹੇ ਸ਼ਬਦਾਂ ਦਾ ਹੀ ਪਤਾ ਹੋਣਾ ਚਾਹੀਦਾ ਹੈ ਬਾਕੀ ਤੁਸੀਂ ਆਪਣੀ ਮਾਤ ਭਾਸ਼ਾ ਵਿੱਚ ਜਾਂ ਫਿਰ ਜਿਹੜੀ ਭਾਸ਼ਾ ਦਾ ਨੂੰ ਆਉਂਦੀ ਹੈ ਉਸ ਵਿੱਚ ਵੀ ਸਹਾਇਤਾ ਪ੍ਰਾਪਤ ਕਰ ਸਕਦੇ ਹੋ।

## ਸੀਰੀਆ 'ਚ ਆਈਐਸ ਆਈਐਸ ਵੱਲੋਂ ਰਿਹਾ ਕੀਤੀਆਂ ਦੋ ਮਹਿਲਾਵਾਂ ਨੂੰ ਕਨੇਡਾ ਪਹੁੰਚਣ 'ਤੇ ਗ੍ਰਿਫ਼ਤਾਰ ਕੀਤਾ ਗਿਆ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਸੀਰੀਆ ਵਿੱਚ ਅਤਿਵਾਦੀ ਜਥੇਬੰਦੀ ਆਈਐਸ ਆਈਐਸ ਦੇ ਬੰਦੀ ਕੈਂਪ ਵਿੱਚੋਂ ਦੋ ਕੈਨੇਡੀਅਨ ਮਹਿਲਾਵਾਂ ਨੂੰ ਰਿਹਾਅ ਕੀਤਾ ਗਿਆ ਸੀ। ਜਿਸ ਤੋਂ ਬਾਅਦ ਇਹ ਮਹਿਲਾਵਾਂ ਜਦੋਂ ਕੈਨੇਡਾ ਦੇ ਮਾਂਟਰੀਅਲ ਹਵਾਈ ਅੱਡੇ ਤੇ ਉਤਰੀਆਂ ਤਾਂ ਦੋਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਕਿਉਂਕਿ ਇਨ੍ਹਾਂ ਉੱਪਰ ਅਤਿਵਾਦੀ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਦੇ ਦੋਸ਼ ਹਨ। ਮਾਂਟਰੀਅਲ ਪੁਲੀਸ ਦੇ ਇੰਸਪੈਕਟਰ ਡੇਵਿਡ ਬੋਡੋਇਨ ਨੇ ਇਹ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਉਮੈਮਾ ਚੋਇ ਅਤੇ ਕਿੰਬਰਲੀ ਪੋਲਮੈਨ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

